Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 922, 03rd to 09th Sep., 2026, Ph: 916-320-9444, E-mail: punjabmailusa@yahoo.com, Web: punjabmailusa.com

## ਬੱਚੇ ਦੇ ਅਮਰੀਕੀ ਪਾਸਪੋਰਟ ਲਈ ਮਾਪਿਆਂ ਨੂੰ ਦੇਣਾ ਪੈ ਸਕਦੈ ਇਮੀਗ੍ਰੇਸ਼ਨ ਸਟੇਟਸ ਦਾ ਸਬੂਤ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਬੱਚਿਆਂ ਲਈ ਪਾਸਪੋਰਟ ਬਣਵਾਉਣ ਦੀ ਪ੍ਰਕਿਰਿਆ 'ਚ ਵੱਡੀ ਤਬਦੀਲੀ ਆ ਸਕਦੀ ਹੈ। ਰਾਇਟਰਜ਼ ਵੱਲੋਂ 1 ਸਤੰਬਰ 2026 ਨੂੰ ਸਾਹਮਣੇ ਲਿਆਂਦੀ ਗਈ ਜਾਣਕਾਰੀ ਮੁਤਾਬਕ, ਅਮਰੀਕੀ ਸਟੇਟ ਡਿਪਾਰਟਮੈਂਟ ਇੱਕ ਨਵੀਂ ਹਦਾਇਤ ਤਿਆਰ ਕਰ ਰਿਹਾ ਹੈ, ਜਿਸ ਅਧੀਨ ਮਾਪਿਆਂ ਜਾਂ ਕਾਨੂੰਨੀ ਸਰਪ੍ਰਸਤਾਂ ਨੂੰ ਬੱਚੇ ਲਈ ਅਮਰੀਕੀ ਪਾਸਪੋਰਟ ਦੀ ਅਰਜ਼ੀ ਦਿੰਦੇ ਸਮੇਂ ਆਪਣੀ ਨਾਗਰਿਕਤਾ ਜਾਂ ਇਮੀਗ੍ਰੇਸ਼ਨ ਸਥਿਤੀ ਦਾ ਸਬੂਤ ਦੇਣਾ ਪੈ ਸਕਦਾ ਹੈ। ਮੌਜੂਦਾ ਪ੍ਰਕਿਰਿਆ ਵਿਚ ਅਮਰੀਕਾ ਵਿਚ ਜਨਮੇ ਬੱਚੇ ਦੇ ਪਾਸਪੋਰਟ ਲਈ ਮਾਪਿਆਂ ਨੂੰ ਆਮ ਤੌਰ 'ਤੇ ਬੱਚੇ ਨਾਲ ਆਪਣਾ ਰਿਸ਼ਤਾ ਸਾਬਤ ਕਰਨਾ ਅਤੇ ਫੋਟੋ ਪਛਾਣ ਪੱਤਰ ਦਿਖਾਉਣਾ ਹੁੰਦਾ ਹੈ। ਅਰਜ਼ੀ ਫਾਰਮ ਵਿਚ ਮਾਪਿਆਂ ਤੋਂ ਇਹ ਵੀ ਪੁੱਛਿਆ ਜਾਂਦਾ ਹੈ ਕਿ ਉਹ ਅਮਰੀਕੀ




ਨਾਗਰਿਕ ਹਨ ਜਾਂ ਨਹੀਂ, ਪਰ ਹਰ ਮਾਮਲੇ ਵਿਚ ਆਪਣੀ ਨਾਗਰਿਕਤਾ ਜਾਂ ਇਮੀਗ੍ਰੇਸ਼ਨ ਸਥਿਤੀ ਦੇ ਵੱਖਰੇ ਦਸਤਾਵੇਜ਼ ਜਮ੍ਹਾਂ ਕਰਵਾਉਣ ਦੀ ਲਾਜ਼ਮੀ ਸ਼ਰਤ ਨਹੀਂ ਹੈ। ਡਰਾਫਟ ਹਦਾਇਤ ਅਨੁਸਾਰ, ਜੇ ਇਹ ਨੀਤੀ ਲਾਗੂ ਹੁੰਦੀ ਹੈ, ਤਾਂ ਮਾਪਿਆਂ ਤੋਂ ਵੈਧ ਅਮਰੀਕੀ ਪਾਸਪੋਰਟ, ਜਨਮ ਸਰਟੀਫਿਕੇਟ, ਗ੍ਰੀਨ ਕਾਰਡ, ਆਈ-94 ਜਾਂ ਹੋਰ ਇਮੀਗ੍ਰੇਸ਼ਨ ਦਸਤਾਵੇਜ਼ ਮੰਗੇ ਜਾ ਸਕਦੇ ਹਨ। ਸਰਕਾਰ ਇਹ ਜਾਣਕਾਰੀ ਇਸ ਗੱਲ ਦੀ ਜਾਂਚ ਲਈ ਵਰਤੇਗੀ ਕਿ ਬੱਚਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ 6 ਅਗਸਤ 2026 ਦੇ ਨਵੇਂ ਕਾਰਜਕਾਰੀ ਹੁਕਮ ਦੇ ਦਾਇਰੇ ਵਿਚ ਆਉਂਦਾ ਹੈ ਜਾਂ ਨਹੀਂ।

ਇਹ ਹੁਕਮ ਖਾਸ ਤੌਰ 'ਤੇ ਕਥਿਤ "ਬਰਥ ਟੂਰਿਜ਼ਮ", ਵਿਦੇਸ਼ੀ ਸਰਕਾਰਾਂ ਨਾਲ ਜੁੜੇ ਕੁਝ ਮਾਪਿਆਂ, ਨਾਗਰਿਕਤਾ ਹਾਸਲ ਕਰਨ ਲਈ ਧੋਖਾਧੜੀ ਜਾਂ ਵਪਾਰਕ ਲੈਣ-ਦੇਣ ਅਤੇ "ਏਲੀਅਨ ਐਨੇਮੀ" ਵਜੋਂ ਦਰਜ ਕੁਝ ਮਾਮਲਿਆਂ ਨੂੰ ਨਿਸ਼ਾਨਾ ਬਣਾਉਂਦਾ ਹੈ। ਟਰੰਪ ਪ੍ਰਸ਼ਾਸਨ ਇਸਨੂੰ ਅਮਰੀਕੀ ਨਾਗਰਿਕਤਾ ਦੇ ਮਾਪਦੰਡਾਂ ਦੀ ਸਖ਼ਤ ਜਾਂਚ ਵਜੋਂ ਪੇਸ਼ ਕਰ ਰਿਹਾ ਹੈ।

ਇਸ ਵਿਵਾਦ ਦਾ ਇੱਕ ਵੱਡਾ ਸੰਵਿਧਾਨਕ ਪੱਖ ਵੀ ਹੈ। ਅਮਰੀਕੀ ਸੰਵਿਧਾਨ ਦੀ 14ਵੀਂ ਸੋਧ ਲੰਮੇ ਸਮੇਂ ਤੋਂ ਅਮਰੀਕਾ ਵਿਚ ਜਨਮੇ ਬੱਚਿਆਂ ਦੀ ਨਾਗਰਿਕਤਾ ਦਾ ਮੁੱਖ ਆਧਾਰ ਰਹੀ ਹੈ। ਟਰੰਪ ਪ੍ਰਸ਼ਾਸਨ ਦੀ ਪਹਿਲੀ ਵਿਆਪਕ ਕੋਸ਼ਿਸ਼ ਨੂੰ ਸੁਪਰੀਮ ਕੋਰਟ ਨੇ 30 ਜੂਨ 2026 ਨੂੰ ਗੈਰਕਾਨੂੰਨੀ ਕਰਾਰ ਦਿੱਤਾ ਸੀ।

■ ਬਾਕੀ ਖਬਰ ਸਫਾ 22 'ਤੇ

## ਫੈਡਰਲ ਸਰਕਾਰ ਵੱਲੋਂ 110 ਕਮਰਸ਼ੀਅਲ ਟਰੱਕ ਡਰਾਈਵਿੰਗ ਸਕੂਲ ਬੰਦ ਕਰਨ ਦੇ ਹੁਕਮ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਟਰੱਕਿੰਗ ਉਦਯੋਗ ਅਤੇ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਦੀ ਸਿਖਲਾਈ ਦੇਣ ਵਾਲੇ ਸਕੂਲਾਂ ਖ਼ਿਲਾਫ਼ ਫੈਡਰਲ ਸਰਕਾਰ ਨੇ ਵੱਡੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਅਮਰੀਕੀ ਆਵਾਜਾਈ ਵਿਭਾਗ ਨੇ 110 ਕਮਰਸ਼ੀਅਲ ਟਰੱਕ ਡਰਾਈਵਿੰਗ ਸਕੂਲਾਂ ਨੂੰ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਹਨ, ਜਦਕਿ ਲਗਭਗ 160 ਹੋਰ ਸਕੂਲਾਂ ਦੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਮੁਤਾਬਕ ਇਨ੍ਹਾਂ ਸਕੂਲਾਂ ਨਾਲ ਜੁੜੇ ਕਰੀਬ 5,000 ਡਰਾਈਵਰ ਸੜਕ ਕਿਨਾਰੇ ਕੀਤੇ ਗਏ ਅੰਗਰੇਜ਼ੀ ਭਾਸ਼ਾ ਦੀ ਸਮਝ ਸਬੰਧੀ ਟੈਸਟਾਂ ਵਿਚ ਨਾਕਾਮ ਰਹੇ ਸਨ। ਇਸ ਦੇ ਨਾਲ ਅਮਰੀਕੀ ਨਿਆਂ ਵਿਭਾਗ, ਗ੍ਰਹਿ ਸੁਰੱਖਿਆ ਵਿਭਾਗ ਅਤੇ ਫੈਡਰਲ ਮੋਟਰ ਵਾਹਨ ਸੁਰੱਖਿਆ ਪ੍ਰਸ਼ਾਸਨ ਨੇ ਟਰੱਕਿੰਗ ਉਦਯੋਗ 'ਚ ਧੋਖਾਧੜੀ ਅਤੇ ਹੋਰ ਗੈਰਕਾਨੂੰਨੀ ਸਰਗਰਮੀਆਂ ਖ਼ਿਲਾਫ਼



ਸਾਂਝੀ ਮੁਹਿੰਮ ਸ਼ੁਰੂ ਕੀਤੀ ਹੈ।

31 ਅਗਸਤ ਨੂੰ ਗ੍ਰਹਿ ਸੁਰੱਖਿਆ ਜਾਂਚ ਏਜੰਸੀ ਨੇ 23 ਸੂਬਿਆਂ ਵਿਚ 200 ਤੋਂ ਵੱਧ ਡਰਾਈਵਿੰਗ ਸਕੂਲਾਂ, ਟਰੱਕਿੰਗ ਕੰਪਨੀਆਂ, ਮਾਲ ਢੋਣ ਵਾਲੀਆਂ ਕੰਪਨੀਆਂ ਅਤੇ ਰੁਜ਼ਗਾਰਦਾਤਿਆਂ ਖ਼ਿਲਾਫ਼ ਇਕੱਠੀ ਜਾਂਚ ਮੁਹਿੰਮ ਚਲਾਈ।

ਨਿਆਂ ਵਿਭਾਗ ਮੁਤਾਬਕ ਜਾਂਚ ਏਜੰਸੀਆਂ ਨੇ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਨਾਲ ਸਬੰਧਤ 1,000 ਤੋਂ ਵੱਧ ਸ਼ੱਕੀ ਕਾਰੋਬਾਰਾਂ ਦੀ ਜਾਣਕਾਰੀ ਸਾਂਝੀ ਕੀਤੀ ਹੈ।ਹੁਣ ਤੱਕ 80 ਤੋਂ ਵੱਧ ਜਾਂਚ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ। ਜਾਂਚ ਦੌਰਾਨ ਜਾਲਸਾਜ਼ੀ ਨਾਲ ਲਾਇਸੈਂਸ ਜਾਰੀ ਕਰਵਾਉਣ, ਗੈਰਕਾਨੂੰਨੀ ਤੌਰ 'ਤੇ ਕੰਮ ਕਰਨ, ਪਛਾਣ ਦੀ ਧੋਖਾਧੜੀ, ਕਾਗਜ਼ੀ ਕੰਪਨੀਆਂ ਬਣਾਉਣ, ਮਜ਼ਦੂਰਾਂ ਦੇ ਸ਼ੋਸ਼ਣ ਅਤੇ ਆਵਾਜਾਈ ਖੇਤਰ 'ਚ ਵਿੱਤੀ ਧੋਖਾਧੜੀ ਵਰਗੇ ਮਾਮਲੇ ਵੀ ਸਾਹਮਣੇ ਆ ਰਹੇ ਹਨ। ਇੱਕ ਮਾਮਲੇ ਵਿਚ ਅਜਿਹੀ ਟਰੱਕਿੰਗ ਕੰਪਨੀ ਦੀ ਵੀ ਜਾਂਚ ਕੀਤੀ ਜਾ ਰਹੀ ਹੈ, ਜਿਸ 'ਤੇ ਸੈਲਾਨੀ ਜਾਂ ਕਾਰੋਬਾਰੀ ਵੀਜ਼ੇ 'ਤੇ ਆਏ ਲੋਕਾਂ ਤੋਂ ਅਮਰੀਕਾ ਅੰਦਰ ਵਪਾਰਕ ਟਰੱਕ ਚਲਵਾਉਣ ਦਾ ਸ਼ੱਕ ਹੈ। ਇਸ ਮਾਮਲੇ ਵਿਚ ਤਿੰਨ ਡਰਾਈਵਰ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਇਸ ਕਾਰਵਾਈ ਦਾ ਮਕਸਦ ਸੜਕ ਸੁਰੱਖਿਆ ਵਧਾਉਣਾ, ਜਾਲਸਾਜ਼ੀ ਰੋਕਣਾ ਅਤੇ ਕਮਰਸ਼ੀਅਲ ਡਰਾਈਵਿੰਗ ਪ੍ਰਣਾਲੀ ਦਾ ਗਲਤ ਫਾਇਦਾ ਚੁੱਕਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨਾ ਹੈ।

## ਡਾ. ਐੱਸ.ਪੀ. ਸਿੰਘ ਓਬਰਾਏ ਅਮਰੀਕਾ-ਕੈਨੇਡਾ ਦੌਰੇ 'ਤੇ

ਸੈਕਰਾਮੈਂਟੋ, (ਪੰਜਾਬ ਮੇਲ)- ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਡਾਇਰੈਕਟਰ ਅਤੇ ਪ੍ਰਸਿੱਧ ਸਮਾਜ ਸੇਵੀ ਪ੍ਰੋਫੈਸਰ ਡਾ. ਐੱਸ.ਪੀ. ਸਿੰਘ ਓਬਰਾਏ ਇਨ੍ਹੀਂ ਦਿਨੀਂ ਅਮਰੀਕਾ ਅਤੇ ਕੈਨੇਡਾ ਦੇ ਦੌਰੇ 'ਤੇ ਹਨ। ਆਪਣੇ ਦੌਰੇ ਦੌਰਾਨ ਉਹ ਵੱਖ-ਵੱਖ ਸ਼ਹਿਰਾਂ ਵਿਚ ਪੰਜਾਬੀ ਅਤੇ ਭਾਰਤੀ ਭਾਈਚਾਰੇ ਦੇ ਲੋਕਾਂ ਨਾਲ ਮੁਲਾਕਾਤਾਂ ਕਰ ਰਹੇ ਹਨ ਅਤੇ ਟਰੱਸਟ ਵੱਲੋਂ ਚਲਾਏ ਜਾ ਰਹੇ ਸਮਾਜ ਭਲਾਈ ਦੇ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕਰ ਰਹੇ ਹਨ।

ਡਾ. ਓਬਰਾਏ ਹੁਣ ਤੱਕ ਸ਼ਿਕਾਗੋ, ਸਿਆਟਲ, ਟੋਰਾਂਟੋ, ਸੈਕਰਾਮੈਂਟੋ, ਫਰਿਜ਼ਨੋ, ਬੇ ਏਰੀਆ ਅਤੇ ਨਿਊਯਾਰਕ

■ ਕੈਲੀਫੋਰਨੀਆ 'ਚ ਹੋਣਗੇ ਵਿਸ਼ੇਸ਼ ਸਮਾਗਮ



ਸਮੇਤ ਕਈ ਸ਼ਹਿਰਾਂ ਦਾ ਦੌਰਾ ਕਰ ਚੁੱਕੇ ਹਨ। ਸੈਕਰਾਮੈਂਟੋ ਪਹੁੰਚਣ 'ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਕੈਲੀਫੋਰਨੀਆ ਦੇ ਪ੍ਰਧਾਨ ਗੁਰਜਤਿੰਦਰ ਸਿੰਘ ਰੰਧਾਵਾ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਸਵਾਗਤ ਅਤੇ ਸਨਮਾਨ ਕੀਤਾ ਗਿਆ। ਕੈਲੀਫੋਰਨੀਆ ਵਿਚ ਡਾ. ਓਬਰਾਏ ਦੇ ਸਨਮਾਨ ਵਿਚ ਦੋ ਵੱਡੇ ਸਮਾਗਮ ਕਰਵਾਏ ਜਾ ਰਹੇ ਹਨ। ਪਹਿਲਾ ਸਮਾਗਮ ਫਰਿਜ਼ਨੋ ਅਤੇ ਦੂਜਾ ਸੈਕਰਾਮੈਂਟੋ ਵਿਚ ਹੋਵੇਗਾ, ਜਿੱਥੇ ਕਮਿਊਨਿਟੀ ਨਾਲ ਸਬੰਧਤ ਵੱਡੀ ਗਿਣਤੀ ਵਿਚ ਪਤਵੰਤੇ ਸੱਜਣ ਅਤੇ ਸਮਾਜਿਕ ਆਗੂ ਸ਼ਾਮਲ ਹੋਣਗੇ।

ਇਨ੍ਹਾਂ ਸਮਾਗਮਾਂ ਦੌਰਾਨ ਡਾ. ਓਬਰਾਏ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਾਪਤ ਕੀਤੀ ਜਾ ਰਹੀ ਯੂਨੀਵਰਸਿਟੀ ਦੇ ਉਦੇਸ਼ ਅਤੇ ਭਵਿੱਖੀ ਯੋਜਨਾਵਾਂ ਬਾਰੇ ਵੀ ਜਾਣਕਾਰੀ ਦੇਣਗੇ।

■ ਬਾਕੀ ਖਬਰ ਸਫਾ 22 'ਤੇ

## ਸਾਨ ਫਰਾਂਸਿਸਕੋ ਏਅਰਪੋਰਟ 'ਤੇ ਗ੍ਰੀਨ ਕਾਰਡ ਧਾਰਕਾਂ ਦੀ ਲੰਮੀ ਹਿਰਾਸਤ

ਸਾਨ ਫਰਾਂਸਿਸਕੋ, (ਪੰਜਾਬ ਮੇਲ)- ਸਾਨ ਫਰਾਂਸਿਸਕੋ ਇੰਟਰਨੈਸ਼ਨਲ ਏਅਰਪੋਰਟ 'ਤੇ ਵਿਦੇਸ਼ਾਂ ਤੋਂ ਵਾਪਸ ਆ ਰਹੇ ਗ੍ਰੀਨ ਕਾਰਡ ਧਾਰਕਾਂ ਨੂੰ ਲੰਬੇ ਸਮੇਂ ਤੱਕ ਹਿਰਾਸਤ ਵਿਚ ਰੱਖੇ ਜਾਣ ਦੇ ਮਾਮਲਿਆਂ ਬਾਰੇ ਨਵੀਂ ਜਾਂਚ ਸਾਹਮਣੇ ਆਈ ਹੈ। ਸਾਨ ਫਰਾਂਸਿਸਕੋ ਕ੍ਰੋਨਿਕਲ ਦੀ 1 ਸਤੰਬਰ 2026 ਦੀ ਰਿਪੋਰਟ ਮੁਤਾਬਕ, ਇਸ ਸਾਲ ਜੁਲਾਈ ਦੇ ਅੰਤ ਤੱਕ ਘੱਟੋ-ਘੱਟ 25 ਲੋਕਾਂ ਨੂੰ ਐੱਸ.ਐੱਫ.ਓ. 'ਤੇ 72 ਘੰਟਿਆਂ ਤੋਂ ਵੱਧ ਸਮੇਂ ਲਈ ਰੱਖਿਆ ਗਿਆ। ਇਨ੍ਹਾਂ ਵਿਚ 19 ਲੋਕ ਵੈਧ ਗ੍ਰੀਨ ਕਾਰਡ ਰੱਖਣ ਵਾਲੇ ਕਾਨੂੰਨੀ ਸਥਾਈ ਨਿਵਾਸੀ ਸਨ। ਸੀ.ਬੀ.ਪੀ. ਦੀਆਂ ਹਿਰਾਸਤ ਸਬੰਧੀ ਹਦਾਇਤਾਂ ਮੁਤਾਬਕ ਆਮ ਤੌਰ 'ਤੇ ਕਿਸੇ ਵਿਅਕਤੀ ਨੂੰ 72 ਘੰਟਿਆਂ ਤੋਂ ਵੱਧ ਰੱਖਣ ਤੋਂ ਬਚਣਾ ਚਾਹੀਦਾ ਹੈ। ਪਰ ਸੰਘੀ ਅੰਕੜਿਆਂ ਅਨੁਸਾਰ ਜਨਵਰੀ 2026 ਤੋਂ ਦੇਸ਼ ਦੇ

■ ਨਵੀਂ ਜਾਂਚ ਰਿਪੋਰਟ ਨੇ ਖੜ੍ਹੇ ਕੀਤੇ ਸਵਾਲ

ਅੰਤਰਰਾਸ਼ਟਰੀ ਹਵਾਈ ਅੱਡਿਆਂ 'ਤੇ 400 ਤੋਂ ਵੱਧ ਲੋਕ 72 ਘੰਟਿਆਂ ਤੋਂ ਜ਼ਿਆਦਾ ਸਮੇਂ ਲਈ ਹਿਰਾਸਤ ਵਿਚ ਰਹੇ ਹਨ। ਇਨ੍ਹਾਂ ਵਿਚ 146 ਗ੍ਰੀਨ ਕਾਰਡ ਧਾਰਕ ਸ਼ਾਮਲ ਸਨ। ਮਿਆਮੀ ਤੋਂ ਬਾਅਦ ਐੱਸ.ਐੱਫ.ਓ. ਵਿਚ ਅਜਿਹੇ ਮਾਮਲਿਆਂ ਦੀ ਗਿਣਤੀ ਦੂਜੇ ਨੰਬਰ 'ਤੇ ਰਹੀ।

ਰਿਪੋਰਟ ਮੁਤਾਬਕ ਐੱਸ.ਐੱਫ.ਓ. ਦੇ ਅੰਤਰਰਾਸ਼ਟਰੀ ਟਰਮੀਨਲ ਵਿਚ ਇੱਕ ਖਿੜਕੀਆਂ ਤੋਂ ਬਿਨਾਂ ਕਮਰਾ, ਜਿਸ ਨੂੰ ਅਧਿਕਾਰੀ "ਇਨ-ਟਰਾਂਜ਼ਿਟ ਲੌਂਜ" ਕਹਿੰਦੇ ਹਨ, ਹਿਰਾਸਤ ਲਈ ਵਰਤਿਆ ਜਾ ਰਿਹਾ ਹੈ।

■ ਬਾਕੀ ਖਬਰ ਸਫਾ 22 'ਤੇ

## ਸਤੰਬਰ ਵੀਜ਼ਾ ਬੁਲੇਟਿਨ: ਈਬੀ-2 ਅਤੇ ਈਬੀ-5 ਸ਼੍ਰੇਣੀਆਂ ਬੰਦ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਵਿਦੇਸ਼ ਵਿਭਾਗ ਦਾ ਸਤੰਬਰ 2026 ਦਾ ਵੀਜ਼ਾ ਬੁਲੇਟਿਨ 1 ਸਤੰਬਰ ਤੋਂ ਪ੍ਰਭਾਵੀ ਹੋ ਗਿਆ ਹੈ ਅਤੇ ਰੁਜ਼ਗਾਰ ਦੇ ਆਧਾਰ 'ਤੇ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਭਾਰਤੀਆਂ ਲਈ ਸਥਿਤੀ ਕਾਫ਼ੀ ਔਖੀ ਬਣੀ ਹੋਈ ਹੈ। ਫਾਈਨਲ ਐਕਸ਼ਨ ਡੇਟਸ ਅਨੁਸਾਰ ਭਾਰਤ ਲਈ ਈਬੀ-1 ਦੀ ਤਾਰੀਖ 15 ਅਕਤੂਬਰ 2022 ਹੈ, ਜਦਕਿ ਈਬੀ-3 ਦੀ ਤਾਰੀਖ 1 ਜਨਵਰੀ 2014 ਰੱਖੀ ਗਈ ਹੈ। ਪਰ ਈਬੀ-2 ਅਤੇ ਈਬੀ-5 ਅਣਰੱਖਿਅਤ ਸ਼੍ਰੇਣੀਆਂ ਨੂੰ ਇਸ




ਮਹੀਨੇ "ਅਣਉਪਲਬਧ" ਕਰ ਦਿੱਤਾ ਗਿਆ ਹੈ।

ਈਬੀ-2 ਸ਼੍ਰੇਣੀ ਵਿਚ ਭਾਰਤ ਲਈ ਵਿੱਤੀ ਸਾਲ 2026 ਦੇ ਸਾਰੇ ਉਪਲਬਧ ਵੀਜ਼ਾ ਨੰਬਰ ਪਹਿਲਾਂ ਹੀ ਵਰਤੇ ਜਾ ਚੁੱਕੇ ਹਨ। ਵਿਦੇਸ਼ ਵਿਭਾਗ ਨੇ 22 ਮਈ ਨੂੰ ਐਲਾਨ ਕੀਤਾ ਸੀ ਕਿ ਭਾਰਤ ਦਾ ਈਬੀ-2 ਕੋਟਾ ਪੂਰਾ ਹੋ ਗਿਆ ਹੈ। ਇਸ ਲਈ 30 ਸਤੰਬਰ 2026 ਤੱਕ ਇਸ ਸ਼੍ਰੇਣੀ ਵਿਚ ਨਵੇਂ ਗ੍ਰੀਨ ਕਾਰਡ ਜਾਂ ਇਮੀਗ੍ਰੈਂਟ ਵੀਜ਼ੇ ਜਾਰੀ ਨਹੀਂ ਕੀਤੇ ਜਾ ਸਕਦੇ। ਨਵਾਂ ਵਿੱਤੀ ਸਾਲ 1 ਅਕਤੂਬਰ 2026 ਨੂੰ ਸ਼ੁਰੂ ਹੋਣ ਨਾਲ ਨਵਾਂ ਕੋਟਾ ਉਪਲਬਧ ਹੋਵੇਗਾ। ਇਸੇ ਤਰ੍ਹਾਂ ਭਾਰਤ ਲਈ ਈਬੀ-5 ਅਣਰੱਖਿਅਤ ਸ਼੍ਰੇਣੀ ਦਾ ਕੋਟਾ ਵੀ 5 ਜੂਨ ਨੂੰ ਪੂਰਾ ਹੋ ਗਿਆ ਸੀ। ਇਸ ਕਾਰਨ ਇਹ ਸ਼੍ਰੇਣੀ ਵੀ ਸਤੰਬਰ ਵਿਚ ਬੰਦ ਹੈ ਅਤੇ ਨਵਾਂ ਕੋਟਾ 1 ਅਕਤੂਬਰ ਤੋਂ ਮਿਲਣ ਦੀ ਉਮੀਦ ਹੈ।

■ ਬਾਕੀ ਖਬਰ ਸਫਾ 22 'ਤੇ

## ਅਮਰੀਕਾ 'ਚ ਜਨਮ ਆਧਾਰਿਤ ਨਾਗਰਿਕਤਾ ਦਾ ਮਾਮਲਾ ਅਦਾਲਤੀ ਜਾਂਚ ਹੇਠ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਜਨਮ ਦੇ ਆਧਾਰ 'ਤੇ ਮਿਲਣ ਵਾਲੀ ਨਾਗਰਿਕਤਾ ਨੂੰ ਸੀਮਤ ਕਰਨ ਦੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਵੀਂ ਕੋਸ਼ਿਸ਼ ਇੱਕ ਵਾਰ ਫਿਰ ਅਦਾਲਤੀ ਜਾਂਚ ਹੇਠ ਆ ਗਈ ਹੈ। ਮੈਰੀਲੈਂਡ ਦੀ ਫੈਡਰਲ ਜੱਜ ਡੈਬੋਰਾ ਬੋਰਡਮੈਨ ਨੇ 28 ਅਗਸਤ ਨੂੰ ਟਰੰਪ ਦੇ 6 ਅਗਸਤ 2026 ਦੇ ਨਵੇਂ ਹੁਕਮ ਨੂੰ ਤੁਰੰਤ ਰੋਕਣ ਤੋਂ ਇਨਕਾਰ ਕਰ ਦਿੱਤਾ, ਪਰ ਨਾਲ ਹੀ ਇਸ ਹੁਕਮ ਦੀ ਕਾਨੂੰਨੀ ਵੈਧਤਾ ਬਾਰੇ ਗੰਭੀਰ ਸਵਾਲ ਵੀ ਉਠਾਏ।

ਇਹ ਨਵਾਂ ਹੁਕਮ ਟਰੰਪ ਪ੍ਰਸ਼ਾਸਨ ਦੀ ਪਹਿਲੀ ਵਿਆਪਕ ਕੋਸ਼ਿਸ਼ ਨਾਲੋਂ ਸੀਮਤ ਹੈ। ਇਸ ਵਿਚ ਖ਼ਾਸ ਤੌਰ 'ਤੇ



ਕਥਿਤ "ਬਰਥ ਟੂਰਿਜ਼ਮ", ਵਿਦੇਸ਼ੀ ਸਰਕਾਰਾਂ ਨਾਲ ਜੁੜੇ ਕੁਝ ਮਾਪਿਆਂ, ਨਾਗਰਿਕਤਾ ਹਾਸਲ ਕਰਨ ਲਈ ਧੋਖਾਧੜੀ ਜਾਂ ਵਪਾਰਕ ਲੈਣ-ਦੇਣ ਅਤੇ "ਏਲੀਅਨ ਐਨੇਮੀ" ਵਜੋਂ ਦਰਜ ਕੁਝ ਮਾਮਲਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਇਮੀਗ੍ਰੈਂਟ ਅਧਿਕਾਰ ਸੰਸਥਾਵਾਂ ਨੇ ਅਦਾਲਤ ਤੋਂ ਇਸ ਹੁਕਮ ਨੂੰ ਤੁਰੰਤ ਰੋਕਣ ਦੀ ਮੰਗ ਕੀਤੀ ਸੀ। ਪਰ ਜੱਜ ਬੋਰਡਮੈਨ ਨੇ ਕਿਹਾ ਕਿ ਨਵਾਂ 6 ਅਗਸਤ ਵਾਲਾ ਹੁਕਮ ਹਾਲੇ ਮੌਜੂਦਾ ਮੁਕੱਦਮੇ ਵਿਚ ਢੰਗ ਨਾਲ ਸ਼ਾਮਲ ਨਹੀਂ ਕੀਤਾ ਗਿਆ ਸੀ। ਇਸ ਲਈ ਉਨ੍ਹਾਂ ਨੇ ਤੁਰੰਤ ਰੋਕ ਲਗਾਉਣ ਦੀ ਬਜਾਏ ਪਟੀਸ਼ਨਰਾਂ ਨੂੰ ਆਪਣੀ ਸ਼ਿਕਾਇਤ ਵਿਚ ਸੋਧ ਕਰਨ ਦੀ ਇਜਾਜ਼ਤ ਦਿੱਤੀ ਅਤੇ ਮਾਮਲੇ ਦੀ ਤੇਜ਼ ਸੁਣਵਾਈ ਦਾ ਰਸਤਾ ਖੋਲ੍ਹਿਆ।

ਨਿਆਂ ਵਿਭਾਗ ਨੇ ਅਦਾਲਤ ਨੂੰ ਦੱਸਿਆ ਕਿ ਵੱਖ-ਵੱਖ ਫੈਡਰਲ ਏਜੰਸੀਆਂ ਵੱਲੋਂ ਇਸ ਹੁਕਮ ਨੂੰ ਕਿਵੇਂ ਲਾਗੂ ਕੀਤਾ ਜਾਵੇਗਾ, ਇਸ ਬਾਰੇ ਵਿਸਥਾਰਤ ਹਦਾਇਤਾਂ 5 ਸਤੰਬਰ 2026 ਤੱਕ ਤਿਆਰ ਹੋਣ ਦੀ ਉਮੀਦ ਹੈ।

■ ਬਾਕੀ ਖਬਰ ਸਫਾ 22 'ਤੇ

# ਰਿਟਾਇਰ ਲੋਕਾਂ ਦੀ ਸੋਸ਼ਲ ਸਕਿਓਰਿਟੀ 'ਚ 200 ਡਾਲਰ ਮਹੀਨਾਵਾਰ ਵਾਧੇ ਦੀ ਤਜਵੀਜ਼

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਕਾਂਗਰਸ ਵਿਚ ਵਿਚਾਰ ਅਧੀਨ "ਸੋਸ਼ਲ ਸਕਿਓਰਿਟੀ ਐਕਸਪੈਂਸ਼ਨ ਐਕਟ" ਤਹਿਤ ਜ਼ਿਆਦਾਤਰ ਸੋਸ਼ਲ ਸਕਿਓਰਿਟੀ ਲਾਭਪਾਤਰੀਆਂ ਨੂੰ ਲਗਭਗ 200 ਡਾਲਰ ਪ੍ਰਤੀ ਮਹੀਨਾ, ਯਾਨੀ ਸਾਲਾਨਾ 2,400 ਡਾਲਰ ਵੱਧ ਦੇਣ ਦੀ ਤਜਵੀਜ਼ ਹੈ। ਪਰ ਰਿਟਾਇਰ ਲੋਕਾਂ ਲਈ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਇਹ ਵਾਧਾ ਅਜੇ ਮਨਜ਼ੂਰ ਨਹੀਂ ਹੋਇਆ ਅਤੇ ਨਾ ਹੀ ਇਸ ਨੂੰ ਮਿਲਣ ਦੀ ਕੋਈ ਤਾਰੀਖ਼ ਨਿਰਧਾਰਤ ਕੀਤੀ ਗਈ ਹੈ।

ਇਹ ਬਿੱਲ ਸੈਨੇਟਰ ਬਰਨੀ ਸੈਂਡਰਜ਼ ਅਤੇ ਉਨ੍ਹਾਂ ਦੇ ਡੈਮੋਕ੍ਰੇਟਿਕ ਸਾਥੀਆਂ ਨੇ 27 ਫਰਵਰੀ 2025 ਨੂੰ ਸੈਨੇਟ ਵਿਚ ਪੇਸ਼ ਕੀਤਾ ਸੀ। ਇਸ ਦਾ ਨੰਬਰ ਐੱਸ-770 ਹੈ। ਪ੍ਰਤੀਨਿਧੀ ਸਭਾ ਵਿਚ ਇਸ ਦਾ



ਸਾਥੀ ਬਿੱਲ ਐੱਚ.ਆਰ.-1700 ਪੇਸ਼ ਕੀਤਾ ਗਿਆ ਸੀ। ਤਾਜ਼ਾ ਸਰਕਾਰੀ ਰਿਕਾਰਡ ਅਨੁਸਾਰ ਸੈਨੇਟ ਵਾਲਾ ਬਿੱਲ ਅਜੇ ਵਿੱਤ ਕਮੇਟੀ ਕੋਲ ਵਿਚਾਰ ਅਧੀਨ ਹੈ ਅਤੇ ਕਾਨੂੰਨ ਨਹੀਂ ਬਣਿਆ। ਇਸ ਲਈ ਇਸ ਨੂੰ ਅਗਸਤ 2026 ਵਿਚ ਪੇਸ਼ ਹੋਇਆ "ਨਵਾਂ ਬਿੱਲ" ਕਹਿਣਾ ਪੂਰੀ ਤਰ੍ਹਾਂ ਸਹੀ ਨਹੀਂ ਹੋਵੇਗਾ।

ਤਜਵੀਜ਼ ਅਨੁਸਾਰ ਸੋਸ਼ਲ ਸਕਿਓਰਿਟੀ ਲਾਭਾਂ ਵਿਚ ਸਥਾਈ ਵਾਧਾ ਕਰਨ ਦੇ ਨਾਲ ਮਹਿੰਗਾਈ ਭੱਤਾ ਨਿਰਧਾਰਤ ਕਰਨ ਲਈ ਬਜ਼ੁਰਗਾਂ ਦੇ ਅਸਲ ਖ਼ਰਚਿਆਂ ਨੂੰ ਵਧੇਰੇ ਮਹੱਤਵ ਦਿੱਤਾ ਜਾਵੇਗਾ। ਇਸ ਦੀ ਫੰਡਿੰਗ ਲਈ 250,000 ਡਾਲਰ ਤੋਂ ਵੱਧ ਆਮਦਨ ਉੱਤੇ ਵੀ ਸੋਸ਼ਲ ਸਕਿਓਰਿਟੀ ਟੈਕਸ ਲਗਾਉਣ ਅਤੇ ਕੁਝ ਨਿਵੇਸ਼ੀ ਆਮਦਨ ਨੂੰ ਟੈਕਸ ਦੇ ਘੇਰੇ ਵਿਚ ਲਿਆਉਣ ਦੀ ਤਜਵੀਜ਼ ਹੈ। ਬਿੱਲ ਦੇ ਸਮਰਥਕਾਂ ਦਾ ਦਾਅਵਾ ਹੈ ਕਿ ਇਸ ਨਾਲ ਪ੍ਰੋਗਰਾਮ ਦੀ ਵਿੱਤੀ ਸਥਿਰਤਾ ਲਗਭਗ 75 ਸਾਲਾਂ ਤੱਕ ਮਜ਼ਬੂਤ ਹੋ ਸਕਦੀ ਹੈ।

ਸਾਲ 2026 ਵਿਚ ਸੋਸ਼ਲ ਸਕਿਓਰਿਟੀ ਲਾਭਾਂ ਉੱਤੇ 2.8 ਫ਼ੀਸਦੀ ਮਹਿੰਗਾਈ ਭੱਤਾ ਲਾਗੂ ਹੋਇਆ ਸੀ, ਜਿਸ ਨਾਲ ਔਸਤ ਰਿਟਾਇਰਮੈਂਟ ਭੁਗਤਾਨ ਵਿਚ ਲਗਭਗ 56 ਡਾਲਰ ਮਹੀਨਾਵਾਰ ਵਾਧਾ ਹੋਇਆ। ਇਸ ਦੇ ਮੁਕਾਬਲੇ ਤਜਵੀਜ਼ ਕੀਤਾ ਗਿਆ 200 ਡਾਲਰ ਦਾ ਵਾਧਾ ਕਾਫ਼ੀ ਵੱਡਾ ਹੋਵੇਗਾ। ਸੋਸ਼ਲ ਸਕਿਓਰਿਟੀ ਪ੍ਰਸ਼ਾਸਨ ਦੀ 2026 ਟਰੱਸਟੀ ਰਿਪੋਰਟ ਅਨੁਸਾਰ ਰਿਟਾਇਰਮੈਂਟ ਅਤੇ ਸਰਵਾਈਵਰ ਲਾਭਾਂ ਵਾਲਾ ਫੰਡ 2032 ਦੀ ਆਖ਼ਰੀ ਤਿਮਾਹੀ ਤੱਕ ਪੂਰੇ ਭੁਗਤਾਨ ਕਰ ਸਕੇਗਾ। ਉਸ ਤੋਂ ਬਾਅਦ ਮੌਜੂਦਾ ਆਮਦਨ ਨਾਲ ਲਗਭਗ 78 ਫ਼ੀਸਦੀ ਨਿਰਧਾਰਤ ਲਾਭ ਹੀ ਦਿੱਤੇ ਜਾ ਸਕਣਗੇ। ਦੋਵੇਂ ਸੋਸ਼ਲ ਸਕਿਓਰਿਟੀ ਫੰਡਾਂ ਨੂੰ ਮਿਲਾ ਕੇ ਦੇਖਿਆ ਜਾਵੇ, ਤਾਂ ਪੂਰੇ ਲਾਭ 2034 ਤੱਕ ਜਾਰੀ ਰਹਿਣ ਦਾ ਅਨੁਮਾਨ ਹੈ। ਫਿਲਹਾਲ ਰਿਟਾਇਰ ਲੋਕਾਂ ਨੂੰ 200 ਡਾਲਰ ਦੇ ਸੰਭਾਵੀ ਵਾਧੇ ਨੂੰ ਆਪਣੀ ਆਮਦਨ 'ਚ ਸ਼ਾਮਲ ਕਰਕੇ ਬਜਟ ਨਹੀਂ ਬਣਾਉਣਾ ਚਾਹੀਦਾ। ਕਾਂਗਰਸ ਦੀਆਂ ਦੋਵੇਂ ਸਦਨਾਂ ਤੋਂ ਮਨਜ਼ੂਰੀ ਅਤੇ ਰਾਸ਼ਟਰਪਤੀ ਦੇ ਦਸਤਖ਼ਤ ਹੋਣ ਤੋਂ ਬਾਅਦ ਹੀ ਇਹ ਤਜਵੀਜ਼ ਕਾਨੂੰਨ ਬਣ ਸਕਦੀ ਹੈ।

# 1 ਅਕਤੂਬਰ ਤੋਂ ਰਿਫਿਊਜੀਆਂ ਅਤੇ ਅਸਾਇਲਮ ਪ੍ਰਾਪਤ ਲੋਕਾਂ ਲਈ ਮੈਡੀਕੇਡ ਨਿਯਮਾਂ 'ਚ ਵੱਡੀ ਤਬਦੀਲੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ 1 ਅਕਤੂਬਰ 2026 ਤੋਂ ਕੁਝ ਕਾਨੂੰਨੀ ਇਮੀਗ੍ਰੇਸ਼ਨ ਸ਼੍ਰੇਣੀਆਂ ਨਾਲ ਸਬੰਧਤ ਲੋਕਾਂ ਲਈ ਮੈਡੀਕੇਡ ਸਿਹਤ ਸਹੂਲਤਾਂ ਦੇ ਨਿਯਮਾਂ ਵਿਚ ਵੱਡੀ ਤਬਦੀਲੀ ਲਾਗੂ ਹੋਣ ਜਾ ਰਹੀ ਹੈ। ਨਵੇਂ ਸੰਘੀ ਕਾਨੂੰਨ ਤਹਿਤ ਰਿਫਿਊਜੀਆਂ, ਅਸਾਇਲਮ ਪ੍ਰਾਪਤ ਵਿਅਕਤੀਆਂ, ਕੁਝ ਪੈਰੋਲ ਰਾਹੀਂ ਅਮਰੀਕਾ ਆਏ ਲੋਕਾਂ ਅਤੇ ਮਨੁੱਖੀ ਤਸਕਰੀ ਦੇ ਪੀੜਤਾਂ ਲਈ ਆਮ, ਗੈਰ-ਐਮਰਜੈਂਸੀ ਮੈਡੀਕੇਡ ਸੇਵਾਵਾਂ ਉੱਤੇ ਮਿਲਣ ਵਾਲੀ ਸੰਘੀ ਵਿੱਤੀ ਸਹਾਇਤਾ ਸੀਮਤ ਹੋ ਜਾਵੇਗੀ।

ਇਹ ਤਬਦੀਲੀ 2025 ਵਿਚ ਪਾਸ ਕੀਤੇ ਗਏ ਸੰਘੀ ਬਜਟ ਕਾਨੂੰਨ ਨਾਲ ਜੁੜੀ ਹੋਈ ਹੈ। ਕਾਂਗਰੈਸ਼ਨਲ ਰਿਸਰਚ ਸਰਵਿਸ ਮੁਤਾਬਕ ਨਵੇਂ ਨਿਯਮਾਂ ਤਹਿਤ ਮੈਡੀਕੇਡ ਅਤੇ ਬੱਚਿਆਂ ਲਈ ਸਿਹਤ ਬੀਮਾ ਪ੍ਰੋਗਰਾਮ ਵਿਚ ਕੁਝ ਗੈਰ-ਨਾਗਰਿਕ ਸ਼੍ਰੇਣੀਆਂ ਲਈ ਸੰਘੀ ਫੰਡ ਦੀ ਯੋਗਤਾ ਘਟਾਈ ਗਈ ਹੈ। ਇਹ ਨਵਾਂ ਪ੍ਰਬੰਧ 1 ਅਕਤੂਬਰ 2026 ਤੋਂ ਪ੍ਰਭਾਵੀ ਹੋਵੇਗਾ।

ਪਰ ਇਸਦਾ ਮਤਲਬ ਇਹ ਨਹੀਂ ਕਿ 1 ਅਕਤੂਬਰ ਤੋਂ ਹਰ ਰਿਫਿਊਜੀ ਜਾਂ ਅਸਾਇਲਮ ਪ੍ਰਾਪਤ ਵਿਅਕਤੀ ਦੀ ਪੂਰੀ ਮੈਡੀਕਲ ਸਹਾਇਤਾ ਬੰਦ ਹੋ ਜਾਵੇਗੀ। ਮੁੱਖ ਤਬਦੀਲੀ ਸੰਘੀ ਸਰਕਾਰ ਵੱਲੋਂ ਰਾਜਾਂ ਨੂੰ ਦਿੱਤੀ ਜਾਣ ਵਾਲੀ ਮੈਡੀਕੇਡ ਵਿੱਤੀ ਸਹਾਇਤਾ ਨਾਲ ਸਬੰਧਤ ਹੈ। ਵੱਖ-ਵੱਖ ਰਾਜ ਆਪਣੇ ਫੰਡਾਂ ਨਾਲ ਕੁਝ ਲੋਕਾਂ ਦੀ ਸਿਹਤ ਕਵਰੇਜ ਜਾਰੀ ਰੱਖਣ ਦਾ ਫੈਸਲਾ ਕਰ ਸਕਦੇ ਹਨ। ਇਸ ਲਈ ਇਸ ਨਿਯਮ ਦਾ ਅਸਲ ਪ੍ਰਭਾਵ ਹਰ ਰਾਜ ਵਿਚ ਵੱਖਰਾ ਹੋ ਸਕਦਾ ਹੈ।

ਐਮਰਜੈਂਸੀ ਮੈਡੀਕੇਡ ਇਸ ਤੋਂ ਵੱਖਰੀ ਵਿਵਸਥਾ ਹੈ। ਸੰਘੀ ਕਾਨੂੰਨ ਅਧੀਨ ਇਮੀਗ੍ਰੇਸ਼ਨ ਸਟੇਟਸ ਨਾਲ ਜੁੜੀਆਂ ਆਮ ਪਾਬੰਦੀਆਂ ਦੇ ਬਾਵਜੂਦ, ਯੋਗ ਵਿਅਕਤੀ ਨੂੰ ਗੰਭੀਰ ਐਮਰਜੈਂਸੀ ਮੈਡੀਕਲ ਹਾਲਤ ਵਿਚ ਇਲਾਜ ਲਈ ਸਹਾਇਤਾ ਮਿਲ ਸਕਦੀ ਹੈ। ਇਸ ਲਈ ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ 1 ਅਕਤੂਬਰ ਤੋਂ ਰਿਫਿਊਜੀਆਂ ਅਤੇ ਅਸਾਇਲਮ ਪ੍ਰਾਪਤ ਲੋਕਾਂ ਦਾ ਸਾਰਾ ਮੈਡੀਕੇਡ ਬੰਦ ਹੋ ਜਾਵੇਗਾ।

ਇਸ ਤਬਦੀਲੀ ਦਾ ਸਭ ਤੋਂ ਵੱਧ ਅਸਰ ਉਨ੍ਹਾਂ ਪਰਿਵਾਰਾਂ ਉੱਤੇ ਪੈ ਸਕਦਾ ਹੈ, ਜੋ ਆਮ ਡਾਕਟਰੀ ਜਾਂਚ, ਬਿਮਾਰੀਆਂ ਤੋਂ ਬਚਾਅ ਵਾਲੀ ਦੇਖਭਾਲ, ਦਵਾਈਆਂ ਅਤੇ ਹੋਰ ਗੈਰ-ਐਮਰਜੈਂਸੀ ਇਲਾਜ ਲਈ ਮੈਡੀਕੇਡ ਉੱਤੇ ਨਿਰਭਰ ਹਨ। ਹੁਣ ਕਈ ਰਾਜਾਂ ਸਾਹਮਣੇ ਇਹ ਸਵਾਲ ਹੋਵੇਗਾ ਕਿ ਸੰਘੀ ਫੰਡ ਘਟਣ ਤੋਂ ਬਾਅਦ ਉਹ ਆਪਣੇ ਪੈਸੇ ਨਾਲ ਕਿੰਨੀ ਸਿਹਤ ਕਵਰੇਜ ਜਾਰੀ ਰੱਖ ਸਕਣਗੇ। ਕੈਲੀਫੋਰਨੀਆ ਵਿਚ ਇਸ ਤਬਦੀਲੀ ਨੂੰ ਵੱਖਰੇ ਤੌਰ 'ਤੇ ਸਮਝਣਾ ਜ਼ਰੂਰੀ ਹੈ, ਕਿਉਂਕਿ ਇੱਥੇ ਮੈਡੀ-ਕੈਲ ਅਧੀਨ ਰਾਜ ਸਰਕਾਰ ਦੇ ਆਪਣੇ ਫੰਡਾਂ ਨਾਲ ਵੀ ਕੁਝ ਸਿਹਤ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਕਿਸ ਵਿਅਕਤੀ ਨੂੰ ਕਿਹੜੀ ਕਵਰੇਜ ਮਿਲੇਗੀ, ਇਹ ਉਸਦੀ ਇਮੀਗ੍ਰੇਸ਼ਨ ਸ਼੍ਰੇਣੀ, ਉਮਰ, ਆਮਦਨ ਅਤੇ ਹੋਰ ਯੋਗਤਾ ਸ਼ਰਤਾਂ ਉੱਤੇ ਨਿਰਭਰ ਕਰੇਗਾ।

# ਟਰੰਪ ਪ੍ਰਸ਼ਾਸਨ ਵੱਲੋਂ ਐੱਚ-4 ਵੀਜ਼ਾ ਧਾਰਕਾਂ ਦੇ ਵਰਕ ਪਰਮਿਟ ਰੱਦ ਕਰਨ ਦੀ ਤਿਆਰੀ !

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਇੱਕ ਹੋਰ ਵੱਡਾ ਝਟਕਾ ਦੇਣ ਦੀ ਤਿਆਰੀ ਕਰ ਰਹੇ ਹਨ। ਇਸ ਫ਼ੈਸਲੇ ਤਹਿਤ ਐੱਚ-1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀ ਦੇ ਕੰਮ ਕਰਨ ਦੇ ਅਧਿਕਾਰ ਨੂੰ ਰੱਦ ਕੀਤਾ ਜਾ ਸਕਦਾ ਹੈ। ਟਰੰਪ ਪ੍ਰਸ਼ਾਸਨ ਇੱਕ ਨਵਾਂ ਪ੍ਰਸਤਾਵ ਪੇਸ਼ ਕਰਨ ਦੀ ਤਿਆਰੀ ਕਰ ਰਿਹਾ ਹੈ, ਜੋ ਅਮਰੀਕਾ ਵਿਚ ਹਜ਼ਾਰਾਂ ਐੱਚ-4 ਵੀਜ਼ਾ ਧਾਰਕਾਂ ਦੇ ਵਰਕ ਪਰਮਿਟ ਰੱਦ ਕਰ ਸਕਦਾ ਹੈ। ਜੇਕਰ ਇਹ ਪ੍ਰਸਤਾਵ ਲਾਗੂ ਹੁੰਦਾ ਹੈ, ਤਾਂ ਇਹ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਚੱਲ ਰਹੀ ਨੀਤੀ ਨੂੰ ਬਦਲ ਦੇਵੇਗਾ।

ਟਰੰਪ ਪ੍ਰਸ਼ਾਸਨ ਦਾ ਨਵਾਂ ਪ੍ਰਸਤਾਵ ਉਸ ਨਿਯਮ ਨੂੰ ਬਦਲ ਦੇਵੇਗਾ, ਜਿਸ ਦੇ ਤਹਿਤ ਐੱਚ-4 ਵੀਜ਼ਾ ਧਾਰਕ 10 ਸਾਲਾਂ ਦੇ ਵੱਧ ਸਮੇਂ ਤੋਂ ਕੰਮ ਕਰ ਰਹੇ ਹਨ। ਇਸਦਾ ਸਭ ਤੋਂ ਵੱਧ ਪ੍ਰਭਾਵ ਭਾਰਤੀ ਪੇਸ਼ੇਵਰਾਂ 'ਤੇ ਪਵੇਗਾ, ਕਿਉਂਕਿ ਐੱਚ-4 ਪਰਮਿਟ ਧਾਰਕਾਂ ਦੀ ਵੱਡੀ ਬਹੁਗਿਣਤੀ ਭਾਰਤੀਆਂ ਦੀ ਹੈ। 2014 ਅਤੇ 2017 ਦੇ ਵਿਚਕਾਰ ਐੱਚ-4 ਰੁਜ਼ਗਾਰ ਅਧਿਕਾਰ ਦਸਤਾਵੇਜ਼ ਅਰਜ਼ੀਆਂ ਦੇ ਅੰਕੜੇ ਦਰਸਾਉਂਦੇ ਹਨ ਕਿ ਮਨਜ਼ੂਰ ਕੀਤੇ ਗਏ ਲੋਕਾਂ ਵਿਚੋਂ 93 ਪ੍ਰਤੀਸ਼ਤ ਭਾਰਤੀ ਨਾਗਰਿਕ ਸਨ ਅਤੇ 94 ਪ੍ਰਤੀਸ਼ਤ ਔਰਤਾਂ ਸਨ।

'ਸੂਚਨਾ ਅਤੇ ਰੈਗੂਲੇਟਰੀ ਮਾਮਲਿਆਂ ਦੇ ਦਫ਼ਤਰ' ਦੇ ਅਧੀਨ ਸੂਚੀਬੱਧ ਇਸ ਯੋਜਨਾ ਦਾ ਸਿਰਲੇਖ ਹੈ, ਰੁਜ਼ਗਾਰ ਪ੍ਰਵਾਨਗੀ ਲਈ ਯੋਗ ਗੈਰ-ਨਾਗਰਿਕਾਂ ਦੀ ਸ਼ੇਣੀ ਤੋਂ ਐੱਚ-4 ਨਿਰਭਰ ਜੀਵਨਸਾਥੀਆਂ ਨੂੰ ਹਟਾਉਣਾ। ਇਹ ਪ੍ਰਸਤਾਵ ਗ੍ਰਹਿ ਸੁਰੱਖਿਆ ਵਿਭਾਗ ਦੇ ਲੰਬੇ ਸਮੇਂ ਦੇ ਰੈਗੂਲੇਟਰੀ ਏਜੰਡੇ ਦਾ ਹਿੱਸਾ ਹੈ। ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਇਹ ਕਦੋਂ ਜਾਰੀ ਕੀਤਾ ਜਾਵੇਗਾ। ਪ੍ਰਸਤਾਵ ਦੀ ਭਾਸ਼ਾ ਸੁਝਾਅ ਦਿੰਦੀ ਹੈ ਕਿ ਇਹ ਕੁਝ ਐੱਚ-4 ਨਿਰਭਰ ਜੀਵਨਸਾਥੀਆਂ ਲਈ ਕੰਮ ਕਰਨ ਦੇ ਅਧਿਕਾਰ ਵਿਚ ਤਬਦੀਲੀਆਂ ਨੂੰ ਉਲਟਾ ਦੇਵੇਗਾ ਅਤੇ ਡੀ.ਐੱਚ.ਐੱਸ. ਦੀ ਪਿਛਲੀ ਨੀਤੀ ਨੂੰ ਬਹਾਲ ਕਰੇਗਾ। ਪਿਛਲੀ ਨੀਤੀ ਐੱਚ-4 ਨਿਰਭਰ ਜੀਵਨਸਾਥੀਆਂ ਨੂੰ ਕੰਮ ਅਧਿਕਾਰ ਲਈ ਅਰਜ਼ੀ ਦੇਣ ਦੀ ਆਗਿਆ ਨਹੀਂ ਦਿੰਦੀ ਸੀ। ਇਸ ਪ੍ਰਸਤਾਵ ਦਾ ਮਤਲਬ ਇਹ ਨਹੀਂ ਹੈ ਕਿ ਐੱਚ-4 ਕੰਮ ਅਧਿਕਾਰ ਤੁਰੰਤ ਖਤਮ ਹੋ ਜਾਵੇਗਾ।

# ਗ੍ਰੀਨ ਕਾਰਡ ਲਈ ਭਾਰਤੀਆਂ ਦੀ ਉਡੀਕ 179 ਸਾਲ ਤੱਕ !

**ਕਰੀਬ 10 ਲੱਖ ਭਾਰਤੀ ਬੈਕਲਾਗ 'ਚ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਰੁਜ਼ਗਾਰ ਦੇ ਆਧਾਰ 'ਤੇ ਗ੍ਰੀਨ ਕਾਰਡ ਪ੍ਰਾਪਤ ਕਰਨ ਦੀ ਉਡੀਕ ਕਰ ਰਹੇ ਭਾਰਤੀਆਂ ਲਈ ਸਥਿਤੀ ਹੋਰ ਗੰਭੀਰ ਹੁੰਦੀ ਜਾ ਰਹੀ ਹੈ। ਨੈਸ਼ਨਲ ਫਾਊਂਡੇਸ਼ਨ ਫਾਰ ਅਮਰੀਕਨ ਪਾਲਿਸੀ ਦੀ ਨਵੀਂ ਰਿਪੋਰਟ ਅਨੁਸਾਰ, ਪਹਿਲੀਆਂ ਤਿੰਨ ਰੁਜ਼ਗਾਰ-ਆਧਾਰਿਤ ਸ਼੍ਰੇਣੀਆਂ ਦੇ ਬੈਕਲਾਗ ਵਿਚ ਲਗਭਗ 9,96,599 ਭਾਰਤੀ ਸ਼ਾਮਲ ਹਨ। ਇਹ ਕੁੱਲ ਅੰਦਾਜ਼ਨ 12.64 ਲੱਖ ਬੈਕਲਾਗ ਦਾ ਕਰੀਬ 79 ਫੀਸਦੀ ਬਣਦਾ ਹੈ।

ਰਿਪੋਰਟ ਮੁਤਾਬਕ ਦਸੰਬਰ 2025 ਤੱਕ ਭਾਰਤੀਆਂ ਵਿਚ ਈਬੀ-1 ਸ਼੍ਰੇਣੀ ਵਿਚ 51,619, ਈਬੀ-2 ਵਿਚ 7,31,566 ਅਤੇ ਈਬੀ-3 ਵਿਚ 2,13,414 ਲੋਕ ਉਡੀਕ ਵਿਚ ਸਨ। ਸਭ ਤੋਂ ਚਿੰਤਾਜਨਕ ਹਾਲਤ ਈਬੀ-2 ਦੀ ਹੈ। ਜੇ ਕੋਈ ਨਵਾਂ ਭਾਰਤੀ ਬਿਨੈਕਾਰ 2026 ਵਿਚ ਇਸ ਪ੍ਰਕਿਰਿਆ ਵਿਚ ਦਾਖਲ ਹੁੰਦਾ ਹੈ, ਤਾਂ ਮੌਜੂਦਾ ਕਾਨੂੰਨੀ ਢਾਂਚੇ ਅਤੇ ਗ੍ਰੀਨ ਕਾਰਡ ਦੀ ਉਪਲਬਧਤਾ ਦੇ ਆਧਾਰ 'ਤੇ ਉਸਦੀ ਅੰਦਾਜ਼ਨ ਉਡੀਕ 179 ਸਾਲ ਤੱਕ ਹੋ ਸਕਦੀ ਹੈ। ਈਬੀ-3 ਲਈ ਇਹ ਅੰਦਾਜ਼ਾ ਕਰੀਬ 38 ਸਾਲ ਹੈ। ਇਹ 179 ਸਾਲ ਕੋਈ ਨਿਰਧਾਰਤ ਸਰਕਾਰੀ ਪ੍ਰੋਸੈਸਿੰਗ ਟਾਈਮ ਨਹੀਂ, ਸਗੋਂ ਮੌਜੂਦਾ ਬੈਕਲਾਗ ਅਤੇ ਕਾਨੂੰਨੀ ਸੀਮਾਵਾਂ ਦੇ ਆਧਾਰ 'ਤੇ ਲਗਾਇਆ ਗਿਆ ਅੰਦਾਜ਼ਾ ਹੈ।

ਇਸ ਲੰਬੀ ਉਡੀਕ ਦੇ ਦੋ ਮੁੱਖ ਕਾਰਨ ਦੱਸੇ ਗਏ ਹਨ। ਅਮਰੀਕੀ ਕਾਨੂੰਨ ਤਹਿਤ ਰੁਜ਼ਗਾਰ-ਆਧਾਰਿਤ ਇਮੀਗ੍ਰੇਂਟ ਵੀਜ਼ਿਆਂ ਦੀ ਸਾਲਾਨਾ ਗਿਣਤੀ ਲਗਭਗ 1,40,000 ਤੱਕ ਸੀਮਤ ਹੈ, ਜਿਸ ਵਿਚ ਮੁੱਖ ਬਿਨੈਕਾਰਾਂ ਦੇ ਨਾਲ ਉਨ੍ਹਾਂ ਦੇ ਜੀਵਨ ਸਾਥੀ ਅਤੇ ਬੱਚੇ ਵੀ ਸ਼ਾਮਲ ਹੁੰਦੇ ਹਨ। ਦੂਜਾ, ਇੱਕ ਦੇਸ਼ ਲਈ ਆਮ ਤੌਰ 'ਤੇ 7 ਫੀਸਦੀ ਪ੍ਰਤੀ-ਦੇਸ਼ ਸੀਮਾ ਹੈ। ਭਾਰਤ ਵਰਗੇ ਵੱਡੀ ਮੰਗ ਵਾਲੇ ਦੇਸ਼ ਲਈ ਇਹ ਨਿਯਮ ਬਹੁਤ ਲੰਬੀ ਕਤਾਰ ਪੈਦਾ ਕਰਦਾ ਹੈ।

ਅਗਸਤ 2026 ਦੇ ਅਧਿਕਾਰਤ ਵੀਜ਼ਾ ਬੁਲੇਟਿਨ ਵਿਚ ਭਾਰਤ ਲਈ ਈਬੀ-2 ਫਾਈਨਲ ਐਕਸ਼ਨ ਡੇਟ "ਅਣਉਪਲਬਧ" ਦਰਸਾਈ ਗਈ, ਜਦਕਿ ਈਬੀ-3 ਦੀ ਫਾਈਨਲ ਐਕਸ਼ਨ ਡੇਟ 1 ਜਨਵਰੀ 2014 ਸੀ।

ਮਾਹਿਰਾਂ ਦਾ ਕਹਿਣਾ ਹੈ ਕਿ ਜੇ ਕਾਂਗਰਸ ਵੱਲੋਂ ਸਾਲਾਨਾ ਗ੍ਰੀਨ ਕਾਰਡ ਸੀਮਾ ਜਾਂ ਪ੍ਰਤੀ-ਦੇਸ਼ ਸੀਮਾ ਵਿਚ ਵੱਡਾ ਕਾਨੂੰਨੀ ਬਦਲਾਅ ਨਹੀਂ ਕੀਤਾ ਜਾਂਦਾ, ਤਾਂ ਭਾਰਤੀ ਹੁਨਰਮੰਦ ਕਾਮਿਆਂ ਲਈ ਇਹ ਬੈਕਲਾਗ ਲੰਮੇ ਸਮੇਂ ਤੱਕ ਵੱਡੀ ਸਮੱਸਿਆ ਬਣਿਆ ਰਹੇਗਾ।

# ਨਵੰਬਰ ਚੋਣਾਂ ਦੌਰਾਨ ਪੋਲਿੰਗ ਸਟੇਸ਼ਨਾਂ 'ਤੇ ਫੌਜ ਭੇਜਣ ਦੀ ਕੋਈ ਯੋਜਨਾ ਨਹੀਂ: ਚੋਟੀ ਦੇ ਅਮਰੀਕੀ ਜਨਰਲ ਦਾ ਭਰੋਸਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਨਵੰਬਰ 2026 ਦੀਆਂ ਮੱਧਕਾਲੀ ਕਾਂਗਰਸੀ ਚੋਣਾਂ ਤੋਂ ਪਹਿਲਾਂ ਫੌਜ ਦੀ ਸੰਭਾਵਿਤ ਭੂਮਿਕਾ ਨੂੰ ਲੈ ਕੇ ਉੱਠ ਰਹੇ ਸਵਾਲਾਂ ਵਿਚਕਾਰ ਅਮਰੀਕੀ ਫੌਜ ਦੇ ਸਭ ਤੋਂ ਉੱਚੇ ਅਧਿਕਾਰੀ ਨੇ ਸਪੱਸ਼ਟ ਕੀਤਾ ਹੈ ਕਿ ਪੋਲਿੰਗ ਸਟੇਸ਼ਨਾਂ 'ਤੇ ਫੈਡਰਲ ਫੌਜ ਜਾਂ ਫੈਡਰਲ ਕੰਟਰੋਲ ਹੇਠ ਨੈਸ਼ਨਲ ਗਾਰਡ ਭੇਜਣ ਦੀ ਕੋਈ ਯੋਜਨਾ ਨਹੀਂ ਹੈ।

ਜੁਆਇੰਟ ਚੀਫ਼ਜ਼ ਆਫ਼ ਸਟਾਫ਼ ਦੇ ਚੇਅਰਮੈਨ ਜਨਰਲ ਡੈਨ ਕੇਨ ਨੇ ਇਹ ਭਰੋਸਾ ਮਿਸ਼ੀਗਨ ਦੀ ਡੈਮੋਕ੍ਰੈਟਿਕ ਸੈਨੇਟਰ ਐਲਿਸਾ ਸਲੌਟਕਿਨ ਨੂੰ ਭੇਜੇ ਇੱਕ ਪੱਤਰ ਵਿਚ ਦਿੱਤਾ। ਸਲੌਟਕਿਨ ਨੇ ਜਨਰਲ ਕੇਨ ਅਤੇ ਰੱਖਿਆ ਮੰਤਰੀ ਪੀਟ ਹੇਗਸੇਥ ਤੋਂ ਸਪੱਸ਼ਟੀਕਰਨ ਮੰਗਿਆ ਸੀ ਕਿ ਨਵੰਬਰ ਦੀਆਂ ਚੋਣਾਂ ਦੌਰਾਨ ਫੌਜ ਨੂੰ ਪੋਲਿੰਗ ਸਥਾਨਾਂ ਜਾਂ ਚੋਣ ਸਮੱਗਰੀ ਨਾਲ ਸਬੰਧਤ ਕਿਸੇ ਕਾਰਵਾਈ ਵਿਚ ਨਹੀਂ ਲਗਾਇਆ ਜਾਵੇਗਾ।

ਜਨਰਲ ਕੇਨ ਨੇ ਕਿਹਾ ਕਿ ਜੁਆਇੰਟ ਫੋਰਸ ਦੀ ਬੈਲਟ ਪੇਪਰ, ਵੋਟਿੰਗ ਮਸ਼ੀਨਾਂ ਜਾਂ ਕਿਸੇ ਹੋਰ ਚੋਣ ਸਮੱਗਰੀ ਨੂੰ ਕਬਜ਼ੇ ਵਿਚ ਲੈਣ ਲਈ ਫੌਜੀ ਕਰਮਚਾਰੀ ਵਰਤਣ ਦੀ ਵੀ ਕੋਈ ਯੋਜਨਾ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਆਉਣ ਵਾਲੀਆਂ ਮੱਧਕਾਲੀ ਚੋਣਾਂ ਵਿਚ ਫੌਜ ਦੀ ਭੂਮਿਕਾ ਸਬੰਧੀ ਕੋਈ ਗੈਰਕਾਨੂੰਨੀ ਹੁਕਮ ਨਹੀਂ ਮਿਲਿਆ ਅਤੇ ਨਾ ਹੀ ਉਹ ਅਜਿਹਾ ਹੁਕਮ ਮਿਲਣ ਦੀ ਉਮੀਦ ਕਰਦੇ ਹਨ।

ਇਹ ਬਿਆਨ ਉਸ ਸਮੇਂ ਆਇਆ ਹੈ, ਜਦੋਂ ਕੁਝ ਡੈਮੋਕ੍ਰੇਟਿਕ ਆਗੂ ਟਰੰਪ ਪ੍ਰਸ਼ਾਸਨ ਵੱਲੋਂ ਚੋਣਾਂ ਵਿਚ ਫੌਜੀ ਜਾਂ ਫੈਡਰਲ ਤਾਕਤ ਦੀ ਸੰਭਾਵਿਤ ਵਰਤੋਂ ਨੂੰ ਲੈ ਕੇ ਚਿੰਤਾ ਪ੍ਰਗਟ ਕਰ ਰਹੇ ਹਨ। ਸਲੌਟਕਿਨ ਨੇ ਇਸੇ ਮਹੀਨੇ ਇਹ ਮੁੱਦਾ ਉਠਾਉਂਦਿਆਂ ਪੈਂਟਾਗਨ ਤੋਂ ਸਪੱਸ਼ਟ ਵਚਨਬੱਧਤਾ ਮੰਗੀ ਸੀ।

ਇਸ ਚਿੰਤਾ ਦੇ ਪਿੱਛੇ 2020 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਬਾਅਦ ਵੋਟਿੰਗ ਮਸ਼ੀਨਾਂ ਨੂੰ ਕਬਜ਼ੇ ਵਿਚ ਲੈਣ ਲਈ ਫੌਜ ਦੀ ਸੰਭਾਵਿਤ ਵਰਤੋਂ ਬਾਰੇ ਹੋਈਆਂ ਚਰਚਾਵਾਂ ਅਤੇ ਬਾਅਦ ਵਿਚ ਟਰੰਪ ਪ੍ਰਸ਼ਾਸਨ ਵੱਲੋਂ ਕੁਝ ਸ਼ਹਿਰਾਂ ਵਿਚ ਨੈਸ਼ਨਲ ਗਾਰਡ ਜਾਂ ਫੈਡਰਲ ਬਲਾਂ ਦੀ ਤਾਇਨਾਤੀ ਵੀ ਇੱਕ ਕਾਰਨ ਦੱਸੀ ਜਾ ਰਹੀ ਹੈ।

ਫਿਲਹਾਲ ਜਨਰਲ ਕੇਨ ਦਾ ਬਿਆਨ ਅਮਰੀਕੀ ਫੌਜ ਦੀ ਸਥਿਤੀ ਸਪੱਸ਼ਟ ਕਰਦਾ ਹੈ ਕਿ ਨਵੰਬਰ 2026 ਦੀਆਂ ਚੋਣਾਂ ਵਿਚ ਪੋਲਿੰਗ ਸਟੇਸ਼ਨਾਂ 'ਤੇ ਫੌਜ ਭੇਜਣ ਜਾਂ ਵੋਟਿੰਗ ਸਮੱਗਰੀ ਜ਼ਬਤ ਕਰਨ ਦੀ ਕੋਈ ਯੋਜਨਾ ਨਹੀਂ ਹੈ। ਹਾਲਾਂਕਿ ਏਪੀ ਮੁਤਾਬਕ, ਰੱਖਿਆ ਮੰਤਰੀ ਹੇਗਸੇਥ ਵੱਲੋਂ ਸਲੌਟਕਿਨ ਨੂੰ ਇਸੇ ਤਰ੍ਹਾਂ ਦਾ ਵੱਖਰਾ ਜਵਾਬ ਉਸ ਸਮੇਂ ਤੱਕ ਨਹੀਂ ਦਿੱਤਾ ਗਿਆ ਸੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕੈਲੀਫੋਰਨੀਆ 'ਚ ਦੋ ਭਾਰਤੀ ਔਰਤਾਂ ਦਾ ਉਨ੍ਹਾਂ ਦੀ ਸਹੇਲੀ ਵੱਲੋਂ ਬੇਰਹਿਮੀ ਨਾਲ ਕਤਲ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਬੀਤੇ ਸ਼ੁੱਕਰਵਾਰ ਨੂੰ ਕੈਲੀਫੋਰਨੀਆ 'ਚ ਵਾਪਰੀ ਇੱਕ ਘਟਨਾ ਵਿਚ ਦੋ ਭਾਰਤੀ ਔਰਤਾਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ, ਇੱਕ ਔਰਤ ਨੂੰ ਚਾਕੂ ਮਾਰ ਕੇ ਮਾਰ ਦਿੱਤਾ ਗਿਆ, ਜਦੋਂ ਕਿ ਦੂਜੀ ਨੂੰ ਇੱਕ ਕਾਰ ਦੇ ਨਾਲ ਕੁਚਲ ਦਿੱਤਾ। ਦੋਵੇਂ ਮ੍ਰਿਤਕਾਂ ਦੀ ਪਛਾਣ ਹੋ ਗਈ ਹੈ ਅਤੇ ਉਹ ਮੂਲ ਰੂਪ ਵਿਚ ਕੇਰਲਾ ਰਾਜ ਦੀਆਂ ਰਹਿਣ ਵਾਲੀਆਂ ਹਨ। ਉਨ੍ਹਾਂ ਦੇ ਕਤਲ ਦੀ ਦੋਸ਼ੀ ਔਰਤ ਵੀ ਕੇਰਲ ਰਾਜ ਦੀ ਰਹਿਣ ਵਾਲੀ ਹੈ ਅਤੇ ਦੋਵੇਂ ਮ੍ਰਿਤਕ ਔਰਤਾਂ ਨੂੰ ਚੰਗੀ ਤਰ੍ਹਾਂ ਜਾਣਦੀ ਸੀ। ਇੱਕ ਰਿਪੋਰਟ ਅਨੁਸਾਰ, ਮ੍ਰਿਤਕ ਅਤੇ ਦੋਸ਼ੀ ਇੱਕੋ ਅਪਾਰਟਮੈਂਟ ਕੰਪਲੈਕਸ ਵਿਚ ਰਹਿੰਦੇ ਸਨ। ਸੈਨਹੋਜ਼ੇ ਦੀ ਸਥਾਨਕ ਪੁਲਿਸ ਅਨੁਸਾਰ, ਦੋਸ਼ੀ ਨੇ ਇੱਕ



ਨਿੱਜੀ ਮਾਮਲੇ ਨੂੰ ਲੈ ਕੇ ਲੜਾਈ ਤੋਂ ਬਾਅਦ ਦੋਹਰੀ ਚਾਕੂ ਮਾਰ ਕੇ ਇਹ ਘਟਨਾ ਨੂੰ ਅੰਜਾਮ ਦਿੱਤਾ ਅਤੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਘਟਨਾ ਵਿਚ ਮਰਨ ਵਾਲੀਆਂ ਔਰਤਾਂ ਵਿਚੋਂ ਇੱਕ ਦੀ ਪਛਾਣ ਅੰਜਨਾ (35) ਵਜੋਂ ਹੋਈ ਹੈ, ਜਦੋਂਕਿ ਦੂਜੀ ਔਰਤ ਦਾ ਨਾਮ ਐਨ ਮੈਰੀ ਮੈਥਿਊ (40) ਹੈ। ਮ੍ਰਿਤਕਾਂ ਦੇ ਪਰਿਵਾਰਾਂ ਦਾ ਦਾਅਵਾ ਹੈ ਕਿ ਅੰਜਨਾ ਅਤੇ ਮੈਰੀ ਦਾ ਕਤਲ ਉਨ੍ਹਾਂ ਦੀ ਸਹੇਲੀ ਅਨੀਲਾ ਨੇ ਕੀਤਾ ਸੀ। ਸੈਨਹੋਜ਼ੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਦੋਸ਼ੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਭਾਰਤ ਵਿਚ ਰਹਿਣ ਵਾਲੇ ਮ੍ਰਿਤਕ ਦੇ ਪਰਿਵਾਰ ਨੂੰ ਜਾਣਨ ਵਾਲੇ ਇੱਕ ਵਿਅਕਤੀ ਨੇ ਟਾਈਮਜ਼ ਆਫ਼ ਇੰਡੀਆ ਨੂੰ ਦੱਸਿਆ ਕਿ ਮੈਰੀ ਦਾ ਅਨੀਲਾ ਨਾਲ ਨੌਕਰੀ ਨੂੰ ਲੈ ਕੇ ਝਗੜਾ ਹੋਇਆ ਸੀ। ਸਥਾਨਕ ਅਮਰੀਕੀ ਮੀਡੀਆ ਰਿਪੋਰਟਾਂ ਅਨੁਸਾਰ, ਸ਼ੁੱਕਰਵਾਰ ਦੁਪਹਿਰ 1:53 ਵਜੇ 911 'ਤੇ ਇੱਕ ਕਾਲ ਆਈ ਕਿ ਲਿੰਡਾ ਵਿਸਟਾ ਸਟਰੀਟ ਦੇ 700 ਬਲਾਕ ਵਿਚ ਇੱਕ ਔਰਤ ਦੇ ਘਰ ਵਿਚ ਚਾਕੂ ਮਾਰਿਆ ਗਿਆ ਹੈ। ਜਦੋਂ ਪੁਲਿਸ ਮੌਕੇ 'ਤੇ ਪਹੁੰਚੀ, ਤਾਂ ਔਰਤ ਬੇਹੋਸ਼ ਸੀ ਅਤੇ ਕੋਈ ਜਵਾਬ ਨਹੀਂ ਦੇ ਰਹੀ ਸੀ ਅਤੇ ਐਮਰਜੈਂਸੀ ਮੈਡੀਕਲ ਟੀਮ ਦੁਆਰਾ ਉਸਨੂੰ ਅਪਰਾਧ ਵਾਲੀ ਥਾਂ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ। ਅਨੀਲਾ ਨੇ ਮੈਰੀ ਨੂੰ ਆਪਣੇ ਘਰ ਵਿਚ ਦਾਖਲ ਹੋਣ ਤੋਂ ਬਾਅਦ ਮਾਰ ਦਿੱਤਾ, ਜਦੋਂ ਕਿ ਅੰਜਨਾ ਦੇ ਪਰਿਵਾਰ ਦਾ ਕਹਿਣਾ ਹੈ ਕਿ ਅਨੀਲਾ ਨੇ ਉਸਨੂੰ ਕਾਰ ਨਾਲ ਟੱਕਰ ਮਾਰ ਕੇ ਮਾਰ ਦਿੱਤਾ। ਦੋਵੇਂ ਕਤਲ ਸ਼ੁੱਕਰਵਾਰ ਦੁਪਹਿਰ, ਅਮਰੀਕੀ ਸਮੇਂ ਅਨੁਸਾਰ ਕੀਤੇ ਗਏ ਸਨ, ਜਿਸਦੀ ਸੂਚਨਾ ਮ੍ਰਿਤਕ ਦੇ ਪਰਿਵਾਰ ਨੂੰ ਸ਼ਨੀਵਾਰ ਨੂੰ ਭਾਰਤ ਵਿਚ ਦਿੱਤੀ ਗਈ। ਮੈਰੀ ਪਿਛਲੇ ਦਸ ਸਾਲਾਂ ਤੋਂ ਆਪਣੇ ਪਤੀ ਨਾਲ ਅਮਰੀਕਾ ਵਿਚ ਰਹਿ ਰਹੀ ਸੀ ਅਤੇ ਇੱਕ ਇੰਜੀਨੀਅਰ ਵਜੋਂ ਕੰਮ ਕਰਦੀ ਸੀ। ਉਸਦੇ ਮਾਪਿਆਂ ਦੀ ਕੁਝ ਸਾਲ ਪਹਿਲਾਂ ਭਾਰਤ ਵਿਚ ਇੱਕ ਹਾਦਸੇ ਵਿਚ ਮੌਤ ਹੋ ਗਈ ਸੀ। ਮ੍ਰਿਤਕ ਅੰਜਨਾ ਪਿਛਲੇ 6 ਸਾਲਾਂ ਤੋਂ ਕੈਲੀਫੋਰਨੀਆ ਵਿਚ ਅਧਿਆਪਕ ਵਜੋਂ ਕੰਮ ਕਰ ਰਹੀ ਸੀ। ਅੰਜਨਾ ਦਾ ਪਤੀ ਵੀ ਅਮਰੀਕਾ ਵਿਚ ਕੰਮ ਕਰਦਾ ਹੈ।

# ਆਈਸ ਦੀਆਂ ਗ੍ਰਿਫ਼ਤਾਰੀਆਂ ਰਿਕਾਰਡ ਪੱਧਰ ’ਤੇ!

## ਅੱਧੇ ਤੋਂ ਵੱਧ ਲੋਕਾਂ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਵਿਚ ਇਮੀਗ੍ਰੇਸ਼ਨ ਕਾਰਵਾਈ ਦਾ ਦਾਇਰਾ ਤੇਜ਼ੀ ਨਾਲ ਵਧ ਰਿਹਾ ਹੈ। ਵਾਸ਼ਿੰਗਟਨ ਪੋਸਟ ਵੱਲੋਂ 28 ਅਗਸਤ ਨੂੰ ਪ੍ਰਕਾਸ਼ਿਤ ਨਵੇਂ ਵਿਸ਼ਲੇਸ਼ਣ ਮੁਤਾਬਕ, ਯੂ.ਐੱਸ. ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ (ਆਈਸ) ਹੁਣ ਅਜਿਹੇ ਪ੍ਰਵਾਸੀਆਂ ਨੂੰ ਵੀ ਵੱਡੀ ਗਿਣਤੀ ਵਿਚ ਗ੍ਰਿਫ਼ਤਾਰ ਕਰ ਰਹੀ ਹੈ, ਜਿਨ੍ਹਾਂ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ। ਨਵੇਂ ਸਰਕਾਰੀ ਅੰਕੜਿਆਂ ਮੁਤਾਬਕ ਜੁਲਾਈ 2026 ਵਿਚ ਆਈਸ ਨੇ 49,571 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ, ਜੋ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦਾ ਸਭ ਤੋਂ ਵੱਡਾ ਮਹੀਨਾਵਾਰ ਅੰਕੜਾ ਹੈ। ਜੂਨ ਵਿਚ 43,021 ਗ੍ਰਿਫ਼ਤਾਰੀਆਂ ਹੋਈਆਂ ਸਨ, ਇਸ ਤਰ੍ਹਾਂ ਇੱਕ ਮਹੀਨੇ ਵਿਚ ਲਗਭਗ 15 ਫੀਸਦੀ ਵਾਧਾ ਹੋਇਆ। ਫਰਵਰੀ ਦੇ 29,241 ਦੇ ਮੁਕਾਬਲੇ




ਜੁਲਾਈ ਦਾ ਅੰਕੜਾ ਕਰੀਬ 70 ਫੀਸਦੀ ਵੱਧ ਹੈ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਜੁਲਾਈ ਵਿਚ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿਚੋਂ ਅੱਧੇ ਤੋਂ ਵੱਧ ਨਾ ਕਿਸੇ ਅਪਰਾਧ ਲਈ ਦੋਸ਼ੀ ਠਹਿਰਾਏ ਗਏ ਸਨ ਅਤੇ ਨਾ ਹੀ ਉਨ੍ਹਾਂ ਖ਼ਿਲਾਫ਼ ਕੋਈ ਅਪਰਾਧਿਕ ਚਾਰਜ ਲੰਬਿਤ ਸੀ। ਏ.ਪੀ. ਮੁਤਾਬਕ ਇੱਕ ਚੌਥਾਈ ਤੋਂ ਵੀ ਘੱਟ ਗ੍ਰਿਫ਼ਤਾਰ ਵਿਅਕਤੀਆਂ ਦੀ ਅਪਰਾਧਿਕ ਦੋਸ਼ੀ ਸੀ। ਸੀ.ਬੀ.ਐੱਸ. ਦੇ ਵਿਸ਼ਲੇਸ਼ਣ ਅਨੁਸਾਰ ਜੁਲਾਈ ਵਿਚ ਹਰ ਰੋਜ਼ ਔਸਤਨ 800 ਤੋਂ ਵੱਧ ਅਜਿਹੇ ਲੋਕ ਗ੍ਰਿਫ਼ਤਾਰ ਹੋਏ, ਜਿਨ੍ਹਾਂ ਦਾ ਅਪਰਾਧਿਕ ਰਿਕਾਰਡ ਨਹੀਂ ਸੀ।

ਇਸਦਾ ਮਤਲਬ ਇਹ ਨਹੀਂ ਕਿ ਇਹ ਸਾਰੇ ਲੋਕ ਅਮਰੀਕਾ ਵਿਚ ਕਾਨੂੰਨੀ ਇਮੀਗ੍ਰੇਸ਼ਨ ਸਟੇਟਸ ਵਿਚ ਸਨ। ਕਿਸੇ ਵਿਅਕਤੀ ਦਾ ਅਪਰਾਧਿਕ ਰਿਕਾਰਡ ਨਾ ਹੋਣਾ ਅਤੇ ਇਮੀਗ੍ਰੇਸ਼ਨ ਦੀ ਉਲੰਘਣਾ ਨਾ ਹੋਣਾ ਦੋ ਵੱਖਰੀਆਂ ਗੱਲਾਂ ਹਨ। ਵੀਜ਼ਾ ਓਵਰਸਟੇਅ ਜਾਂ ਹੋਰ ਇਮੀਗ੍ਰੇਸ਼ਨ-ਸਟੇਟਸ ਉਲੰਘਣਾ ਆਮ ਤੌਰ ’ਤੇ ਸਿਵਲ ਇਮੀਗ੍ਰੇਸ਼ਨ ਮਾਮਲਾ ਹੋ ਸਕਦਾ ਹੈ। ਵਾਸ਼ਿੰਗਟਨ ਪੋਸਟ ਨੇ ਇਹ ਵੀ ਰਿਪੋਰਟ ਕੀਤਾ ਕਿ ਕੁਝ ਗ੍ਰਿਫ਼ਤਾਰੀਆਂ ਪੈਂਡਿੰਗ ਅਸਾਇਲਮ ਕਲੇਮਸ ਅਤੇ ਗਰੀਨ ਕਾਰਡ ਐਪਲੀਕੇਸ਼ਨਾਂ ਵਾਲੇ ਲੋਕਾਂ ਨਾਲ ਵੀ ਜੁੜੀਆਂ ਹਨ।

ਆਈਸ ਦੀ ਕਾਰਵਾਈ ਹੁਣ ਵੱਡੀਆਂ ਛਾਪੇਮਾਰੀਆਂ ਤੱਕ ਸੀਮਤ ਨਹੀਂ ਰਹੀ। ਨਵੇਂ ਅੰਕੜਿਆਂ ਵਿਚ ਟ੍ਰੈਫਿਕ ਸਟਾਪ, ਏਅਰਪੋਰਟ, ਇਮੀਗ੍ਰੇਸ਼ਨ ਚੈੱਕ-ਇਨ ਅਤੇ ਕਮਿਊਨਿਟੀ ਗ੍ਰਿਫਤਾਰੀਆਂ ਦੀ ਵਧਦੀ ਭੂਮਿਕਾ ਸਾਹਮਣੇ ਆਈ ਹੈ। ਜੁਲਾਈ ਦੀਆਂ ਲਗਭਗ ਅੱਧੀਆਂ ਗ੍ਰਿਫ਼ਤਾਰੀਆਂ ਨਾਨ-ਕਸਟੋਡਿਆਲ ਸਨ, ਅਰਥਾਤ ਵਿਅਕਤੀ ਨੂੰ ਪਹਿਲਾਂ ਤੋਂ ਜੇਲ੍ਹ ਵਿਚ ਹੋਣ ਦੀ ਬਜਾਏ ਕਮਿਊਨਿਟੀ ’ਚ ਗ੍ਰਿਫ਼ਤਾਰ ਕੀਤਾ ਗਿਆ।

ਸਟੇਟ ਅਤੇ ਸਥਾਨਕ ਪੁਲਿਸ ਨਾਲ ਆਈਸ ਦੇ 287(ਜੀ) ਐਗਰੀਮੈਂਟਸ ਵੀ ਮਹੱਤਵਪੂਰਨ ਬਣ ਰਹੇ ਹਨ। ਜੁਲਾਈ ਵਿਚ ਅਜਿਹੀਆਂ ਪਾਰਟਨਰਸ਼ਿਪਾਂ ਰਾਹੀਂ ਲਗਭਗ 6,500 ਗ੍ਰਿਫ਼ਤਾਰੀਆਂ, ਯਾਨੀ ਕੁੱਲ ਦਾ ਕਰੀਬ 13 ਫੀਸਦੀ, ਹੋਈਆਂ। ਟੈਕਸਾਸ ਅਤੇ ਫਲੋਰੀਡਾ ਵਿਚ ਮਿਲਾ ਕੇ ਲਗਭਗ 20,000 ਗ੍ਰਿਫ਼ਤਾਰੀਆਂ ਦਰਜ ਕੀਤੀਆਂ ਗਈਆਂ।

ਡੀ.ਐੱਚ.ਐੱਸ. ਨੇ ਇਸ ਡਾਟੇ ਦੀ ਵਿਆਖਿਆ ਨਾਲ ਅਸਹਿਮਤੀ ਜਤਾਈ ਹੈ। ਵਾਸ਼ਿੰਗਟਨ ਪੋਸਟ ਨੂੰ ਦਿੱਤੇ ਜਵਾਬ ਵਿਚ ਵਿਭਾਗ ਨੇ ਕਿਹਾ ਕਿ ਵਰਤੇ ਗਏ ਅੰਕੜਿਆਂ ਦੀ ਏਜੰਸੀ ਵੱਲੋਂ ਸਮੀਖਿਆ ਜਾਂ ਆਡਿਟ ਨਹੀਂ ਹੋਈ ਅਤੇ ਸਰਕਾਰ ਦਾ ਕਹਿਣਾ ਹੈ ਕਿ ਉਸਦੀ ਇਨਫੋਰਸਮੈਂਟ ਪਬਲਿਕ ਸੇਫਟੀ ਅਤੇ ਇਮੀਗ੍ਰੇਸ਼ਨ ਕਾਨੂੰਨ ਲਾਗੂ ਕਰਨ ਉੱਤੇ ਕੇਂਦਰਿਤ ਹੈ।

# ਗੈਰ-ਨਾਗਰਿਕ ਵੋਟਿੰਗ ਦੇ ਦਾਅਵੇ ਚੋਣਾਂ ਦਾ ਵੱਡਾ ਮੁੱਦਾ ਬਣੇ

**ਵਾਸ਼ਿੰਗਟਨ, (ਪੰਜਾਬ ਮੇਲ)**- ਨਵੰਬਰ ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਗੈਰ-ਅਮਰੀਕੀ ਨਾਗਰਿਕਾਂ ਵੱਲੋਂ ਵੋਟ ਪਾਉਣ ਦੇ ਦਾਅਵੇ ਇੱਕ ਵੱਡਾ ਸਿਆਸੀ ਮੁੱਦਾ ਬਣਦੇ ਜਾ ਰਹੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਸਹਿਯੋਗੀ ਮੰਗ ਕਰ ਰਹੇ ਹਨ ਕਿ ਡਾਕ ਰਾਹੀਂ ਬੈਲਟ ਸਿਰਫ਼ ਉਨ੍ਹਾਂ ਵੋਟਰਾਂ ਨੂੰ ਭੇਜੇ ਜਾਣ, ਜਿਨ੍ਹਾਂ ਦੀ ਅਮਰੀਕੀ ਨਾਗਰਿਕਤਾ ਪਹਿਲਾਂ ਤਸਦੀਕ ਹੋ ਚੁੱਕੀ ਹੋਵੇ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਸ ਨਾਲ ਚੋਣ ਪ੍ਰਣਾਲੀ ਦੀ ਭਰੋਸੇਯੋਗਤਾ ਅਤੇ ਸੁਰੱਖਿਆ ਵਧੇਗੀ।

ਗ੍ਰਹਿ ਸੁਰੱਖਿਆ ਵਿਭਾਗ ਨੇ ਕੈਲੀਫ਼ੋਰਨੀਆ, ਨੇਵਾਡਾ, ਨਿਊ ਜਰਸੀ ਅਤੇ ਪੈਨਸਿਲਵੇਨੀਆ ਵਿਚ ਕਰੀਬ ਢਾਈ ਲੱਖ ਗੈਰ-ਨਾਗਰਿਕਾਂ ਦੇ ਵੋਟਰ ਸੂਚੀਆਂ ਵਿਚ ਦਰਜ ਹੋਣ ਦੀ ਸੰਭਾਵਨਾ ਜਤਾਈ ਹੈ। ਹਾਲਾਂਕਿ, ਐਸੋਸੀਏਟਿਡ ਪ੍ਰੈੱਸ ਮੁਤਾਬਕ ਵਿਭਾਗ ਨੇ ਇਸ ਅੰਕੜੇ ਦੇ ਸਮਰਥਨ ਵਿਚ ਪੂਰੇ ਸਬੂਤ ਜਨਤਕ ਨਹੀਂ ਕੀਤੇ। ਕੈਲੀਫ਼ੋਰਨੀਆ ਦੀ ਸਕੱਤਰ ਰਾਜ ਸ਼ਰਲੀ ਵੇਬਰ ਨੇ ਅੰਕੜਿਆਂ ਦੀ ਭਰੋਸੇਯੋਗਤਾ ਉੱਤੇ ਸਵਾਲ ਉਠਾਉਂਦਿਆਂ ਕਿਹਾ ਕਿ ਰਾਜ ਨੇ ਆਪਣੀ ਪੂਰੀ ਵੋਟਰ ਸੂਚੀ ਸੰਘੀ ਵਿਭਾਗ ਨਾਲ ਸਾਂਝੀ ਹੀ ਨਹੀਂ ਕੀਤੀ।

ਨਿਊ ਜਰਸੀ ਨੇ ਵੱਖਰੇ ਤੌਰ ਉੱਤੇ ਮੰਨਿਆ ਕਿ ਮੋਟਰ ਵਾਹਨ ਪ੍ਰਣਾਲੀ ਰਾਹੀਂ 2023 ਅਤੇ 2024 ਦੌਰਾਨ ਲਗਭਗ 6,600 ਗੈਰ-ਨਾਗਰਿਕ ਗਲਤੀ ਨਾਲ ਵੋਟਰ ਵਜੋਂ ਦਰਜ ਹੋ ਗਏ ਸਨ। ਰਾਜ ਸਰਕਾਰ ਅਨੁਸਾਰ ਇਨ੍ਹਾਂ ਵਿਅਕਤੀਆਂ ਨੇ ਨਾਗਰਿਕਤਾ ਵਾਲੇ ਸਵਾਲ ਦਾ ਜਵਾਬ “ਨਹੀਂ” ਦਿੱਤਾ ਸੀ, ਪਰ ਪ੍ਰਣਾਲੀ ਦੀ ਗੜਬੜ ਕਾਰਨ ਉਨ੍ਹਾਂ ਦੀ ਰਜਿਸਟ੍ਰੇਸ਼ਨ ਹੋ ਗਈ।

ਟਰੰਪ ਨੇ ਸੈਨੇਟ ਨੂੰ ‘ਸੇਵ ਅਮਰੀਕਾ ਐਕਟ’ ਪਾਸ ਕਰਨ ਲਈ ਵੀ ਕਿਹਾ ਹੈ, ਜਿਸ ਅਧੀਨ ਰਜਿਸਟ੍ਰੇਸ਼ਨ ਸਮੇਂ ਨਾਗਰਿਕਤਾ ਦੇ ਦਸਤਾਵੇਜ਼ ਲਾਜ਼ਮੀ ਹੋਣਗੇ। ਵਿਰੋਧੀਆਂ ਮੁਤਾਬਕ ਇਸ ਨਾਲ ਲੋੜੀਂਦੇ ਕਾਗਜ਼ ਤੁਰੰਤ ਨਾ ਰੱਖਣ ਵਾਲੇ ਯੋਗ ਨਾਗਰਿਕਾਂ ਨੂੰ ਮੁਸ਼ਕਲ ਹੋ ਸਕਦੀ ਹੈ।

ਇਸ ਦੌਰਾਨ ਮੈਨ ਦੇ ਰਿਪਬਲਿਕਨ ਗਵਰਨਰ ਉਮੀਦਵਾਰ ਨੇ ਕਿਹਾ ਹੈ ਕਿ ਉਹ ਵੋਟ ਕੇਂਦਰਾਂ ਉੱਤੇ ਯੂ.ਐੱਸ. ਮਾਰਸ਼ਲ ਅਤੇ ਆਈਸ ਅਧਿਕਾਰੀਆਂ ਦੀ ਤਾਇਨਾਤੀ ਲਈ ਟਰੰਪ ਪ੍ਰਸ਼ਾਸਨ ਤੋਂ ਮਦਦ ਮੰਗੇਗਾ। ਵਿਰੋਧੀਆਂ ਦਾ ਕਹਿਣਾ ਹੈ ਕਿ ਅਜਿਹੀ ਕਾਰਵਾਈ ਕਾਨੂੰਨੀ ਵੋਟਰਾਂ ਵਿਚ ਡਰ ਪੈਦਾ ਕਰ ਸਕਦੀ ਹੈ। ਚੋਣ ਮਾਹਿਰਾਂ ਅਨੁਸਾਰ ਗੈਰ-ਨਾਗਰਿਕ ਵੋਟਿੰਗ ਬਹੁਤ ਹੀ ਦੁਰਲੱਭ ਅਤੇ ਸੰਘੀ ਅਪਰਾਧ ਹੈ, ਜਿਸ ਲਈ ਸਜ਼ਾ ਦੇ ਨਾਲ ਡਿਪੋਰਟੇਸ਼ਨ ਵੀ ਹੋ ਸਕਦੀ ਹੈ।

# ਜਨਮ-ਆਧਾਰਿਤ ਨਾਗਰਿਕਤਾ ਦੇ ਨਵੇਂ ਹੁਕਮ ’ਤੇ ਤੁਰੰਤ ਰੋਕ ਨਹੀਂ

## ਜੱਜ ਨੇ ਤੇਜ਼ ਸੁਣਵਾਈ ਦਾ ਖੋਲ੍ਹਿਆ ਰਾਹ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਮੈਰੀਲੈਂਡ ਦੀ ਸੰਘੀ ਜੱਜ ਡੈਬੋਰਾ ਬੋਰਡਮੈਨ ਨੇ 28 ਅਗਸਤ 2026 ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਵੇਂ ਜਨਮ-ਆਧਾਰਿਤ ਨਾਗਰਿਕਤਾ ਹੁਕਮ ’ਤੇ ਤੁਰੰਤ ਅਸਥਾਈ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ।

ਇਹ ਫ਼ੈਸਲਾ ਹੁਕਮ ਦੀ ਕਾਨੂੰਨੀ ਵੈਧਤਾ ਦੇ ਹੱਕ ਵਿਚ ਨਹੀਂ ਹੈ। ਜੱਜ ਨੇ ਕਿਹਾ ਕਿ ਮੌਜੂਦਾ ਮੁਕੱਦਮੇ ਵਿਚ 6 ਅਗਸਤ 2026 ਦੇ ਨਵੇਂ ਹੁਕਮ ਨੂੰ ਹਾਲੇ ਸ਼ਾਮਲ ਹੀ ਨਹੀਂ ਕੀਤਾ ਗਿਆ, ਇਸ ਲਈ ਇਸ ਪੜਾਅ ’ਤੇ ਅਸਥਾਈ ਪਾਬੰਦੀ ਆਰਡਰ ਜਾਰੀ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਮੁੱਦਈਆਂ ਨੂੰ ਸ਼ਿਕਾਇਤ ਸੋਧਣ ਦੀ ਆਗਿਆ ਦਿੰਦਿਆਂ ਤੇਜ਼ ਸੰਖੇਪ ਸਮਾਂ-ਸਾਰਣੀ ਤੈਅ ਕਰਨ ਦੀ ਗੱਲ ਕਹੀ ਅਤੇ ਹੁਕਮ ਦੀ ਸੰਵਿਧਾਨਕਤਾ ਬਾਰੇ ਗੰਭੀਰ ਸਵਾਲ ਉਠਾਏ।

ਨਵਾਂ ਹੁਕਮ ਕਥਿਤ “ਬਰਥ ਟੂਰਿਜ਼ਮ”, ਕੁਝ ਵਿਦੇਸ਼ੀ ਸਰਕਾਰੀ ਕਰਮਚਾਰੀਆਂ ਦੇ ਬੱਚਿਆਂ, ਇਮੀਗ੍ਰੇਸ਼ਨ ਧੋਖਾਧੜੀ ਨਾਲ ਜੁੜੇ ਮਾਮਲਿਆਂ ਅਤੇ “ਐਲੀਅਨ ਐਨਿਮੀ” ਵਜੋਂ ਦਰਜ ਵਿਅਕਤੀਆਂ ਦੇ ਬੱਚਿਆਂ ਦੀ ਨਾਗਰਿਕਤਾ ਸੀਮਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਰਕਾਰੀ ਵਕੀਲਾਂ ਅਨੁਸਾਰ ਏਜੰਸੀਆਂ ਦੀਆਂ ਵਿਸਤ੍ਰਿਤ ਲਾਗੂ ਹਦਾਇਤਾਂ 5 ਸਤੰਬਰ 2026 ਤੱਕ ਆਉਣ ਦੀ ਉਮੀਦ ਹੈ।

ਅਦਾਲਤ ਨੇ ਹੁਕਮ ਨੂੰ ਮਨਜ਼ੂਰ ਜਾਂ ਸੰਵਿਧਾਨਕ ਕਰਾਰ ਨਹੀਂ ਦਿੱਤਾ; ਸਿਰਫ਼ ਪ੍ਰਕਿਰਿਆਤਮਕ ਕਾਰਨ ਕਰਕੇ ਤੁਰੰਤ ਰੋਕ ਨਹੀਂ ਲਗਾਈ। ਅੰਤਿਮ ਲਾਗੂ ਹਦਾਇਤਾਂ ਵੀ ਹਾਲੇ ਜਾਰੀ ਨਹੀਂ ਹੋਈਆਂ। “ਅਦਾਲਤ ਨੇ ਜਨਮ-ਆਧਾਰਿਤ ਨਾਗਰਿਕਤਾ ਪਾਬੰਦੀ ਮਨਜ਼ੂਰ ਕੀਤੀ” ਕਹਿਣਾ ਗ਼ਲਤ ਹੋਵੇਗਾ। ਮਹੱਤਵਪੂਰਨ ਗੱਲ ਇਹ ਹੈ ਕਿ ਤੁਰੰਤ ਰੋਕ ਨਹੀਂ ਲੱਗੀ, ਪਰ ਸੋਧੇ ਮੁਕੱਦਮੇ ਅਤੇ ਅਗਲੀ ਤੇਜ਼ ਸੁਣਵਾਈ ਨਾਲ ਸਥਿਤੀ ਜਲਦੀ ਬਦਲ ਸਕਦੀ ਹੈ।

# ਸਿਆਸੀ ਵਿਚਾਰਾਂ ਦੇ ਆਧਾਰ ’ਤੇ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰਨ ਨੂੰ ਅਦਾਲਤੀ ਝਟਕਾ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਕੈਲੀਫ਼ੋਰਨੀਆ ਦੀ ਇੱਕ ਸੰਘੀ ਅਦਾਲਤ ਨੇ ਗੈਰ-ਅਮਰੀਕੀ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰਨ ਅਤੇ ਉਨ੍ਹਾਂ ਵਿਰੁੱਧ ਦੇਸ਼ ਨਿਕਾਲੇ ਦੀ ਕਾਰਵਾਈ ਸ਼ੁਰੂ ਕਰਨ ਸਬੰਧੀ ਮਹੱਤਵਪੂਰਨ ਫ਼ੈਸਲਾ ਸੁਣਾਇਆ ਹੈ। ਸੰਘੀ ਜੱਜ ਨੋਏਲ ਵਾਈਜ਼ ਨੇ ਕਿਹਾ ਕਿ ਕਾਨੂੰਨੀ ਅਤੇ ਸੰਵਿਧਾਨ ਵੱਲੋਂ ਸੁਰੱਖਿਅਤ ਬਿਆਨਾਂ ਜਾਂ ਸਿਆਸੀ ਵਿਚਾਰਾਂ ਨੂੰ ਆਧਾਰ ਬਣਾ ਕੇ ਕਿਸੇ ਵਿਦੇਸ਼ੀ ਵਿਦਿਆਰਥੀ ਨੂੰ ਇਮੀਗ੍ਰੇਸ਼ਨ ਕਾਰਵਾਈ ਦਾ ਨਿਸ਼ਾਨਾ ਬਣਾਉਣਾ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਹੈ।

ਇਹ ਮਾਮਲਾ ਅਮਰੀਕੀ ਯੂਨੀਵਰਸਿਟੀਆਂ ਵਿਚ ਹੋਈਆਂ ਫ਼ਲਸਤੀਨ-ਪੱਖੀ ਸਰਗਰਮੀਆਂ ਅਤੇ ਪ੍ਰਦਰਸ਼ਨਾਂ ਨਾਲ ਜੁੜਿਆ ਹੋਇਆ ਸੀ। ਕੁਝ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਕੈਂਪਸ ਕਾਰਕੁਨਾਂ ਨੇ ਦੋਸ਼ ਲਗਾਇਆ ਸੀ ਕਿ ਸਰਕਾਰ ਨੇ ਉਨ੍ਹਾਂ ਦੇ ਜਨਤਕ ਬਿਆਨਾਂ, ਸਿਆਸੀ ਵਿਚਾਰਾਂ ਅਤੇ ਸ਼ਾਂਤਮਈ ਸਰਗਰਮੀਆਂ ਕਾਰਨ ਉਨ੍ਹਾਂ ਦੇ ਵੀਜ਼ੇ ਰੱਦ ਕਰਨ ਜਾਂ ਦੇਸ਼ ਨਿਕਾਲੇ ਦੀ ਕਾਰਵਾਈ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ।

ਜੱਜ ਵਾਈਜ਼ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਅਜਿਹੀ ਸਰਕਾਰੀ ਕਾਰਵਾਈ ਅਮਰੀਕੀ ਸੰਵਿਧਾਨ ਦੀ ਪਹਿਲੀ ਸੋਧ ਅਧੀਨ ਮਿਲੀ ਬੋਲਣ ਅਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦੀ ਉਲੰਘਣਾ ਕਰਦੀ ਹੈ। ਇਸਦੇ



ਨਾਲ ਹੀ ਇਹ ਪੰਜਵੀਂ ਸੰਵਿਧਾਨਕ ਸੋਧ ਅਧੀਨ ਮਿਲੀ ਨਿਆਂਪੂਰਨ ਕਾਨੂੰਨੀ ਪ੍ਰਕਿਰਿਆ ਦੀ ਸੁਰੱਖਿਆ ਦੇ ਵੀ ਉਲਟ ਹੋ ਸਕਦੀ ਹੈ। ਅਦਾਲਤ ਮੁਤਾਬਕ ਸਰਕਾਰ ਕਿਸੇ ਵਿਅਕਤੀ ਨੂੰ ਸਿਰਫ਼ ਇਸ ਲਈ ਸਜ਼ਾ ਜਾਂ ਇਮੀਗ੍ਰੇਸ਼ਨ ਨੁਕਸਾਨ ਨਹੀਂ ਪਹੁੰਚਾ ਸਕਦੀ ਕਿ ਉਸਦੇ ਵਿਚਾਰ ਸਰਕਾਰੀ ਨੀਤੀਆਂ ਤੋਂ ਵੱਖਰੇ ਹਨ।

ਇਸ ਫ਼ੈਸਲੇ ਦਾ ਮਤਲਬ ਇਹ ਨਹੀਂ ਕਿ ਸਰਕਾਰ ਹਰ ਹਾਲਤ ਵਿਚ ਕਿਸੇ ਵਿਦਿਆਰਥੀ ਦਾ ਵੀਜ਼ਾ ਰੱਦ ਕਰਨ ਤੋਂ ਰੋਕੀ ਗਈ ਹੈ। ਵੀਜ਼ੇ ਦੀਆਂ ਸ਼ਰਤਾਂ ਦੀ ਉਲੰਘਣਾ, ਅਪਰਾਧਿਕ ਗਤੀਵਿਧੀ, ਰਾਸ਼ਟਰੀ ਸੁਰੱਖਿਆ ਜਾਂ ਹੋਰ ਕਾਨੂੰਨੀ ਕਾਰਨ ਮੌਜੂਦ ਹੋਣ ’ਤੇ ਸਰਕਾਰ ਕਾਰਵਾਈ ਕਰ ਸਕਦੀ ਹੈ। ਫ਼ੈਸਲਾ ਮੁੱਖ ਤੌਰ ’ਤੇ ਸੰਵਿਧਾਨ ਵੱਲੋਂ ਸੁਰੱਖਿਅਤ ਸਿਆਸੀ ਬਿਆਨਾਂ ਦੇ ਆਧਾਰ ’ਤੇ ਕੀਤੀ ਜਾਣ ਵਾਲੀ ਕਾਰਵਾਈ ਨਾਲ ਸਬੰਧਤ ਹੈ। ਸੰਘੀ ਸਰਕਾਰ ਇਸ ਫ਼ੈਸਲੇ ਵਿਰੁੱਧ ਅਪੀਲ ਵੀ ਕਰ ਸਕਦੀ ਹੈ, ਇਸ ਲਈ ਮਾਮਲੇ ਦਾ ਅੰਤਿਮ ਨਤੀਜਾ ਅਗਲੀ ਕਾਨੂੰਨੀ ਕਾਰਵਾਈ ਤੋਂ ਬਾਅਦ ਹੀ ਸਪੱਸ਼ਟ ਹੋਵੇਗਾ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# ਦੁਨੀਆਂ ਭਰ ’ਚ ਪਰਿਵਾਰਕ ਇਮੀਗ੍ਰੈਂਟ ਵੀਜ਼ਾ ਮੁਲਾਕਾਤਾਂ ਅਸਥਾਈ ਤੌਰ ’ਤੇ ਮੁਲਤਵੀ

**ਵਾਸ਼ਿੰਗਟਨ, (ਪੰਜਾਬ ਮੇਲ)**- ਟਰੰਪ ਪ੍ਰਸ਼ਾਸਨ ਨੇ ਦੁਨੀਆਂ ਭਰ ਵਿਚ ਅਮਰੀਕੀ ਦੂਤਾਵਾਸਾਂ ਅਤੇ ਕੌਂਸਲੇਟਾਂ ਵਿਚ ਹੋਣ ਵਾਲੀਆਂ ਕਈ ਇਮੀਗ੍ਰੈਂਟ ਵੀਜ਼ਾ ਮੁਲਾਕਾਤਾਂ ਅਸਥਾਈ ਤੌਰ ’ਤੇ ਰੋਕ ਦਿੱਤੀਆਂ ਜਾਂ ਅੱਗੇ ਪਾ ਦਿੱਤੀਆਂ ਹਨ। ਵਿਦੇਸ਼ ਵਿਭਾਗ ਅਨੁਸਾਰ ਇਹ ਕਦਮ ਕੌਂਸਲਰ ਅਧਿਕਾਰੀਆਂ ਨੂੰ ਨਵੇਂ “ਪਬਲਿਕ ਚਾਰਜ” ਮਾਪਦੰਡਾਂ ਬਾਰੇ ਸਿਖਲਾਈ ਦੇਣ ਲਈ ਚੁੱਕਿਆ ਗਿਆ ਹੈ। ਨਵੀਂ ਜਾਂਚ ਦੌਰਾਨ ਇਹ ਮੁਲਾਂਕਣ ਕੀਤਾ ਜਾਵੇਗਾ ਕਿ ਕੋਈ ਵੀਜ਼ਾ ਬਿਨੈਕਾਰ ਅਮਰੀਕਾ ਪਹੁੰਚਣ ਮਗਰੋਂ ਸਰਕਾਰੀ ਸਹਾਇਤਾ ’ਤੇ ਨਿਰਭਰ ਹੋਣ ਦੀ ਸੰਭਾਵਨਾ ਤਾਂ ਨਹੀਂ ਰੱਖਦਾ।




ਇਸ ਅਸਥਾਈ ਰੋਕ ਦਾ ਸਭ ਤੋਂ ਵੱਧ ਪ੍ਰਭਾਵ ਪਰਿਵਾਰਕ ਸ਼੍ਰੇਣੀਆਂ ਦੇ ਇਮੀਗ੍ਰੈਂਟ ਵੀਜ਼ਾ ਬਿਨੈਕਾਰਾਂ ਉੱਤੇ ਪੈ ਸਕਦਾ ਹੈ। ਇਨ੍ਹਾਂ ਵਿਚ ਅਮਰੀਕੀ ਨਾਗਰਿਕਾਂ ਜਾਂ ਗਰੀਨ ਕਾਰਡ ਧਾਰਕਾਂ ਵੱਲੋਂ ਸਪਾਂਸਰ ਕੀਤੇ ਜੀਵਨ ਸਾਥੀ, ਮਾਪੇ, ਬੱਚੇ ਅਤੇ ਭੈਣ-ਭਰਾ ਸ਼ਾਮਲ ਹਨ। ਪਹਿਲਾਂ ਤੈਅ ਕੀਤੀਆਂ ਕਈ ਮੁਲਾਕਾਤਾਂ ਨੂੰ ਰੱਦ ਕਰਨ ਦੀ ਥਾਂ ਸਤੰਬਰ ਤੋਂ ਨਵੰਬਰ ਵਿਚਕਾਰ ਮੁੜ ਤੈਅ ਕੀਤੇ ਜਾਣ ਦੀ ਸੰਭਾਵਨਾ ਹੈ। ਪ੍ਰਭਾਵਿਤ ਬਿਨੈਕਾਰਾਂ ਨੂੰ ਆਪਣੇ ਦੂਤਾਵਾਸ ਜਾਂ ਕੌਂਸਲੇਟ ਵੱਲੋਂ ਮਿਲਣ ਵਾਲੀ ਈਮੇਲ ਅਤੇ ਆਨਲਾਈਨ ਖਾਤੇ ਦੀ ਜਾਣਕਾਰੀ ਲਗਾਤਾਰ ਜਾਂਚਣੀ ਚਾਹੀਦੀ ਹੈ।

ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਅਮਰੀਕਾ ਨੇ ਸਾਰੇ ਵੀਜ਼ੇ ਬੰਦ ਨਹੀਂ ਕੀਤੇ। ਸੈਲਾਨੀ, ਕਾਰੋਬਾਰੀ ਅਤੇ ਵਿਦਿਆਰਥੀ ਵਰਗੀਆਂ ਗ਼ੈਰ-ਇਮੀਗ੍ਰੈਂਟ ਵੀਜ਼ਾ ਸ਼੍ਰੇਣੀਆਂ ਇਸ ਖ਼ਾਸ ਰੋਕ ਦਾ ਮੁੱਖ ਨਿਸ਼ਾਨਾ ਨਹੀਂ ਦੱਸੀਆਂ ਗਈਆਂ। ਰੁਜ਼ਗਾਰਦਾਤਾ ਵੱਲੋਂ ਸਪਾਂਸਰ ਕੀਤੀਆਂ ਕੁਝ ਇਮੀਗ੍ਰੈਂਟ ਵੀਜ਼ਾ ਸ਼੍ਰੇਣੀਆਂ ਦੀ ਕਾਰਵਾਈ ਵੀ ਜਾਰੀ ਰਹਿ ਸਕਦੀ ਹੈ। ਹਰੇਕ ਦੂਤਾਵਾਸ ਵਿਚ ਸਥਿਤੀ ਅਤੇ ਮੁਲਾਕਾਤਾਂ ਮੁੜ ਤੈਅ ਕਰਨ ਦੀ ਸਮਾਂ-ਸੀਮਾ ਵੱਖਰੀ ਹੋ ਸਕਦੀ ਹੈ। “ਪਬਲਿਕ ਚਾਰਜ” ਜਾਂਚ ਵਿਚ ਬਿਨੈਕਾਰ ਦੀ ਆਮਦਨ, ਜਾਇਦਾਦ, ਸਪਾਂਸਰ ਦੀ ਵਿੱਤੀ ਸਮਰੱਥਾ, ਉਮਰ, ਸਿਹਤ, ਸਿੱਖਿਆ, ਰੁਜ਼ਗਾਰ ਯੋਗਤਾ ਅਤੇ ਪਹਿਲਾਂ ਲਈ ਗਈ ਸਰਕਾਰੀ ਸਹਾਇਤਾ ਵਰਗੇ ਮਾਮਲੇ ਵਿਚਾਰੇ ਜਾ ਸਕਦੇ ਹਨ। ਪਰ ਕੇਵਲ ਮੁਲਾਕਾਤ ਮੁਲਤਵੀ ਹੋਣ ਦਾ ਅਰਥ ਵੀਜ਼ਾ ਰੱਦ ਜਾਂ ਅਰਜ਼ੀ ਨਾਮਨਜ਼ੂਰ ਹੋਣਾ ਨਹੀਂ ਹੈ।

ਵਿਦੇਸ਼ ਵਿਭਾਗ ਨੇ ਇਸਨੂੰ ਸਥਾਈ ਪਾਬੰਦੀ ਦੀ ਥਾਂ ਅਸਥਾਈ ਸਿਖਲਾਈ ਪ੍ਰਕਿਰਿਆ ਦੱਸਿਆ ਹੈ। ਫਿਰ ਵੀ ਇਸ ਨਾਲ ਪਰਿਵਾਰਕ ਮਿਲਾਪ ਦੀ ਉਡੀਕ ਕਰ ਰਹੇ ਹਜ਼ਾਰਾਂ ਬਿਨੈਕਾਰਾਂ ਲਈ ਦੇਰੀ ਅਤੇ ਅਨਿਸ਼ਚਿਤਤਾ ਵਧ ਸਕਦੀ ਹੈ।

# ਵੈਨੇਜ਼ੁਏਲਾ ਦੇ 65 ਅਰਬ ਬੈਰਲ ਤੇਲ ’ਤੇ ਅਮਰੀਕਾ ਦੀ ਵੱਡੀ ਹਿੱਸੇਦਾਰੀ

**ਵਾਸ਼ਿੰਗਟਨ, (ਪੰਜਾਬ ਮੇਲ)**- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੈਨੇਜ਼ੁਏਲਾ ਨਾਲ ਇੱਕ ਵੱਡਾ ਤੇਲ ਸਮਝੌਤਾ ਹੋਣ ਦਾ ਐਲਾਨ ਕਰਦਿਆਂ ਇਸ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਤੇਲ ਸੌਦਾ ਦੱਸਿਆ ਹੈ। ਉਪਲਬਧ ਜਾਣਕਾਰੀ ਮੁਤਾਬਕ ਅਮਰੀਕੀ ਸਰਕਾਰ ਅਤੇ ਵੈਨੇਜ਼ੁਏਲਾ ਵਿਚ ਕੰਮ ਕਰਨ ਵਾਲੇ ਇੱਕ ਅਣਪਛਾਤੇ ਨਿੱਜੀ ਸੰਚਾਲਕ ਨੇ ਨਵੀਂ ਕੰਪਨੀ ਬਣਾਈ ਹੈ। ਇਸ ਕੰਪਨੀ ਨੂੰ 17 ਅਣਵਿਕਸਿਤ ਤੇਲ ਖੇਤਰਾਂ ਵਿਚੋਂ ਤੇਲ ਕੱਢਣ ਦੇ ਅਧਿਕਾਰ 100 ਸਾਲਾਂ ਲਈ ਮਿਲਣਗੇ। ਇਨ੍ਹਾਂ ਖੇਤਰਾਂ ਵਿਚ ਲਗਭਗ 65 ਅਰਬ ਬੈਰਲ ਤੇਲ ਹੋਣ ਦਾ ਅਨੁਮਾਨ ਹੈ।

ਸਮਝੌਤੇ ਅਨੁਸਾਰ ਅਮਰੀਕਾ ਨੂੰ ਨਵੀਂ ਕੰਪਨੀ ਦੇ ਕੁੱਲ ਉਤਪਾਦਨ ਵਿਚ 55 ਫ਼ੀਸਦੀ ਪ੍ਰਭਾਵੀ ਹਿੱਸਾ ਮਿਲੇਗਾ। ਇਸ ਵਿਚ ਮਾਲਕੀ ਹਿੱਸੇ ਦੇ ਨਾਲ ਉਤਪਾਦਨ ਲਾਗਤ ਉੱਤੇ ਤੇਲ ਖਰੀਦਣ ਦਾ ਅਧਿਕਾਰ ਵੀ ਸ਼ਾਮਲ ਹੋ ਸਕਦਾ ਹੈ। ਅਮਰੀਕਾ ਵੱਲੋਂ ਖਰੀਦਿਆ ਤੇਲ ਦੇਸ਼ ਦੇ ਰਣਨੀਤਕ ਤੇਲ ਭੰਡਾਰਾਂ ਅਤੇ ਫ਼ੌਜੀ ਲੋੜਾਂ ਲਈ ਵਰਤਿਆ ਜਾ ਸਕਦਾ ਹੈ। ਵੈਨੇਜ਼ੁਏਲਾ ਸਰਕਾਰ ਦਾ ਦਾਅਵਾ ਹੈ ਕਿ ਇਸ ਯੋਜਨਾ ਨਾਲ ਲਗਭਗ 100 ਅਰਬ ਡਾਲਰ ਦਾ ਨਿਵੇਸ਼ ਆ ਸਕਦਾ ਹੈ ਅਤੇ ਦੇਸ਼ ਨੂੰ 209 ਅਰਬ ਡਾਲਰ ਤੋਂ ਵੱਧ ਟੈਕਸ ਆਮਦਨ ਮਿਲ ਸਕਦੀ ਹੈ।

ਇਸ ਵੱਡੇ ਐਲਾਨ ਦੇ ਬਾਵਜੂਦ ਕਈ ਅਹਿਮ ਸਵਾਲਾਂ ਦੇ ਜਵਾਬ ਅਜੇ ਸਾਹਮਣੇ ਨਹੀਂ ਆਏ। ਸਮਝੌਤੇ ਦਾ ਪੂਰਾ ਦਸਤਾਵੇਜ਼ ਜਾਰੀ ਨਹੀਂ ਕੀਤਾ ਗਿਆ, ਨਿੱਜੀ ਕੰਪਨੀ ਦੀ ਪਛਾਣ ਵੀ ਗੁਪਤ ਹੈ ਅਤੇ ਖ਼ਰਾਬ ਹੋ ਚੁੱਕੇ ਤੇਲ ਢਾਂਚੇ ਦੀ ਮੁਰੰਮਤ ਲਈ ਪੈਸਾ ਕੌਣ ਲਗਾਏਗਾ, ਇਹ ਵੀ ਸਪੱਸ਼ਟ ਨਹੀਂ। ਮਾਹਿਰਾਂ ਦਾ ਕਹਿਣਾ ਹੈ ਕਿ ਵੈਨੇਜ਼ੁਏਲਾ ਵਿਚ ਤੇਲ ਉਤਪਾਦਨ ਵਧਾਉਣ ਲਈ ਕਈ ਸਾਲ ਅਤੇ ਅਰਬਾਂ ਡਾਲਰ ਲੱਗ ਸਕਦੇ ਹਨ। ਵੱਡੀਆਂ ਅਮਰੀਕੀ ਤੇਲ ਕੰਪਨੀਆਂ ਨੇ ਹਾਲੇ ਨਿਵੇਸ਼ ਦੀ ਪੁਸ਼ਟੀ ਨਹੀਂ ਕੀਤੀ ਅਤੇ ਮਾਰਕੀਟ ਇਸ ਦੇ ਵੇਰਵਿਆਂ ਦੀ ਉਡੀਕ ਕਰ ਰਹੀ ਹੈ।

ਟਰੰਪ ਦਾ ਕਹਿਣਾ ਹੈ ਕਿ ਇਹ ਸੌਦਾ ਅਮਰੀਕਾ ਵਿਚ ਪੈਟਰੋਲ ਦੀਆਂ ਕੀਮਤਾਂ ਘਟਾਉਣ ਵਿਚ ਮਦਦ ਕਰੇਗਾ। ਪਰ ਊਰਜਾ ਮਾਹਿਰਾਂ ਅਨੁਸਾਰ ਆਮ ਖਪਤਕਾਰਾਂ ਨੂੰ ਤੁਰੰਤ ਰਾਹਤ ਮਿਲਣ ਦੀ ਉਮੀਦ ਨਹੀਂ। ਕਾਂਗਰਸ ਵਿਚ ਰਿਪਬਲਿਕਨਾਂ ਨੇ ਇਸ ਨੂੰ ਇਤਿਹਾਸਕ ਪ੍ਰਾਪਤੀ ਦੱਸਿਆ ਹੈ, ਜਦਕਿ ਡੈਮੋਕ੍ਰੇਟ ਆਗੂਆਂ ਨੇ ਸਮਝੌਤੇ ਦੀ ਪਾਰਦਰਸ਼ਤਾ, ਕਾਨੂੰਨੀ ਹੈਸੀਅਤ ਅਤੇ ਅਮਰੀਕੀ ਕੰਪਨੀਆਂ ਨੂੰ ਹੋਣ ਵਾਲੇ ਸੰਭਾਵੀ ਲਾਭਾਂ ਉੱਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।

ਪੰਜਾਬ ਮੇਲ USA


IAPW
INTERNATIONAL ASSOCIATION of PUNJABI WOMEN
Teeyan DA MELA
28th Annual
One n One Only
Yuba City
Since 1999
Mela Melna Da
Jasmeen Akhtar
PARM TAKHAR (HOST)
LIVE IN YUBA CITY
6th SEPT 2026
11AM TO 7PM
YUBA SUTTER
FAIR GROUNDS
442 FRANKLIN AVE YUBA CITY, CA 95991
FOR PARTICIPATION, BOOTH BOOKINGS N SPONSORSHIP, PLEASE CONTACT
PARM TAKHAR - (530) 845-4800
PUNJAB MAIL USA TV Channel
SPACE SPONSORED BY GURJATINDER SINGH RANDHAWA,
PUNJAB MAIL USA TV 916-320-9444

# ਕਮਿਸ਼ਨਰ ਸਵਰਗੀ ਸ੍ਰੀ ਲਾਹੌਰੀ ਰਾਮ ਜੀ ਦੀ ਯਾਦ ਵਿਚ IVCC ਵੱਲੋਂ ਐਲਕ ਗਰੋਵ ਵਿਖੇ 18ਵੀਂ ਸਾਲਾਨਾ ਪਿਕਨਿਕ ਕਾਮਯਾਬੀ ਨਾਲ ਹੋਈ ਸੰਪੰਨ

1


















2

# ਕਮਿਸ਼ਨਰ ਸਵਰਗੀ ਸ਼੍ਰੀ ਲਾਹੌਰੀ ਰਾਮ ਜੀ ਦੀ ਯਾਦ ਵਿਚ IVCC ਵੱਲੋਂ ਐਲਕ ਗਰੋਵ ਵਿਖੇ 18ਵੀਂ ਸਾਲਾਨਾ ਪਿਕਨਿਕ ਕਾਮਯਾਬੀ ਨਾਲ ਹੋਈ ਸੰਪੰਨ












ਪੰਜਾਬ ਮੇਲ USA

# ਸੈਕਰਾਮੈਂਟੋ ਵਿਖੇ 'ਤੀਆਂ ਦਾ ਤਿਉਹਾਰ' ਉਤਸ਼ਾਹ ਨਾਲ ਮਨਾਇਆ

## ਪੰਜਾਬੀ ਮੁਟਿਆਰਾਂ ਨੇ ਗਿੱਧੇ ਤੇ ਬੋਲੀਆਂ ਨਾਲ ਬੰਨ੍ਹਿਆ ਰੰਗ











**ਸੈਕਰਾਮੈਂਟੋ, (ਪੰਜਾਬ ਮੇਲ)-** ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨੂੰ ਸਮਰਪਿਤ 'ਤੀਆਂ ਦਾ ਤਿਉਹਾਰ' ਨਟੋਮਸ, ਸੈਕਰਾਮੈਂਟੋ ਵਿਖੇ ਬਹੁਤ ਹੀ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਸਮਾਗਮ ਵਿਚ ਸੈਕਰਾਮੈਂਟੋ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿਚ ਔਰਤਾਂ ਨੇ ਸ਼ਮੂਲੀਅਤ ਕੀਤੀ। ਹਾਲ ਪੂਰੀ ਤਰ੍ਹਾਂ ਭਰਿਆ ਹੋਇਆ ਸੀ ਅਤੇ ਬੀਬੀਆਂ ਨੇ ਪੰਜਾਬੀ ਪਹਿਰਾਵਿਆਂ ਵਿਚ ਸਜ-ਧਜ ਕੇ ਸਮਾਗਮ ਦਾ ਭਰਪੂਰ ਆਨੰਦ ਮਾਣਿਆ। ਸਮਾਗਮ ਦੌਰਾਨ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕਰਦਿਆਂ ਗਿੱਧਾ, ਬੋਲੀਆਂ, ਗੀਤ-ਸੰਗੀਤ ਅਤੇ ਹੋਰ ਕਈ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਗਈਆਂ। ਡੀ.ਜੇ. ਦੀਆਂ ਧੁਨਾਂ 'ਤੇ ਵੀ ਬੀਬੀਆਂ ਨੇ ਖੂਬ ਨੱਚ-ਗਾ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ। ਖਾਸ ਤੌਰ 'ਤੇ ਗਿੱਧੇ ਅਤੇ ਰਵਾਇਤੀ ਪੰਜਾਬੀ ਬੋਲੀਆਂ ਨੇ ਸਮਾਗਮ ਨੂੰ ਪੂਰੀ ਤਰ੍ਹਾਂ ਪੰਜਾਬੀ ਰੰਗ 'ਚ ਰੰਗ ਦਿੱਤਾ।



ਇਸ ਮੌਕੇ ਵੱਖ-ਵੱਖ ਕਿਸਮਾਂ ਦੇ ਸਟਾਲ ਵੀ ਲਗਾਏ ਗਏ ਸਨ, ਜਿੱਥੇ ਪੰਜਾਬੀ ਪਹਿਰਾਵਿਆਂ, ਗਹਿਣਿਆਂ ਅਤੇ ਹੋਰ ਵਸਤਾਂ ਦੀ ਲੋਕਾਂ ਵੱਲੋਂ ਖੂਬ ਖਰੀਦਦਾਰੀ ਕੀਤੀ ਗਈ। ਖਾਣ-ਪੀਣ ਦੇ ਸਟਾਲਾਂ 'ਤੇ ਵੀ ਰੌਣਕ ਬਣੀ ਰਹੀ ਅਤੇ ਹਾਜ਼ਰੀਨ ਨੇ ਵੱਖ-ਵੱਖ ਪਕਵਾਨਾਂ ਦਾ ਆਨੰਦ ਮਾਣਿਆ। ਸਮਾਗਮ ਦੇ ਅਖੀਰ ਵਿਚ ਰੈਫਰਲ ਡਰਾਅ ਕੱਢੇ ਗਏ ਅਤੇ ਜੇਤੂਆਂ ਨੂੰ ਇਨਾਮ ਦਿੱਤੇ ਗਏ। ਪੂਰੇ ਪ੍ਰੋਗਰਾਮ ਦੌਰਾਨ ਹਾਲ ਵਿਚ ਮੇਲੇ ਵਰਗਾ ਮਾਹੌਲ ਬਣਿਆ ਰਿਹਾ ਅਤੇ ਹਾਜ਼ਰ ਬੀਬੀਆਂ ਨੇ ਇਸ ਸਮਾਗਮ ਦੀ ਭਰਪੂਰ ਸ਼ਲਾਘਾ ਕੀਤੀ। 'ਤੀਆਂ ਦਾ ਤਿਉਹਾਰ' ਦੇ ਪ੍ਰਬੰਧਕਾਂ ਮਨਜੀਤ ਸੀਵੀਆ, ਮਨਜੀਤ ਗਰੇਵਾਲ, ਚਰਨਜੀਤ ਗਿੱਲ, ਸੰਦੀਪ ਵਾਲੀਆ, ਮਨਪ੍ਰੀਤ ਦਿਓਲ ਅਤੇ ਗੁੱਡੀ ਤੱਖਰ ਨੇ ਆਪਸੀ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਮਾਗਮ ਨੂੰ ਸਫਲ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ। ਪ੍ਰਬੰਧਕਾਂ ਨੇ ਸਮਾਗਮ ਵਿਚ ਪਹੁੰਚੀਆਂ ਸਮੂਹ ਬੀਬੀਆਂ, ਸਹਿਯੋਗੀਆਂ ਅਤੇ ਸਟਾਲ ਲਗਾਉਣ ਵਾਲਿਆਂ ਦਾ ਧੰਨਵਾਦ ਕੀਤਾ। ਹਾਜ਼ਰੀਨ ਨੇ ਕਿਹਾ ਕਿ ਅਜਿਹੇ ਸਮਾਗਮ ਵਿਦੇਸ਼ਾਂ ਵਿਚ ਪੰਜਾਬੀ ਸੱਭਿਆਚਾਰ, ਰਵਾਇਤਾਂ ਅਤੇ ਆਪਸੀ ਸਾਂਝ ਨੂੰ ਜਿਉਂਦਾ ਰੱਖਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਪੰਜਾਬ ਮੇਲ USA

# ਮੱਧਕਾਲੀ ਚੋਣਾਂ 'ਚ ਜ਼ਿਆਦਾਤਰ ਭਾਰਤੀਆਂ ਦਾ ਝੁਕਾਅ ਡੈਮੋਕ੍ਰੇਟਿਕ ਉਮੀਦਵਾਰਾਂ ਵੱਲ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਇੱਕ ਨਵੇਂ ਰਾਸ਼ਟਰੀ ਸਰਵੇਖਣ ਦੇ ਅਨੁਸਾਰ ਭਾਰਤੀ ਅਮਰੀਕੀ ਵੋਟਰਾਂ ਵਿਚ ਅਮਰੀਕਾ ਦੀਆਂ ਮੱਧਕਾਲੀ ਚੋਣਾਂ ਲਈ ਭਾਰੀ ਉਤਸ਼ਾਹ ਹੈ ਤੇ ਉਹ ਡੈਮੋਕ੍ਰੇਟਿਕ ਉਮੀਦਵਾਰਾਂ ਵੱਲ ਸਪੱਸ਼ਟ ਝੁਕਾਅ ਰੱਖਦੇ ਹਨ। ਏਸ਼ੀਅਨ ਅਮਰੀਕੀ ਵੋਟਰ ਸਰਵੇਖਣ ਵਿਚ ਪਾਇਆ ਗਿਆ ਕਿ 92 ਪ੍ਰਤੀਸ਼ਤ ਭਾਰਤੀ ਅਮਰੀਕੀ ਰਜਿਸਟਰਡ ਵੋਟਰਾਂ ਨੇ ਨਵੰਬਰ ਵਿਚ ਵੋਟ ਪਾਉਣ ਦੀ ਯੋਜਨਾ ਬਣਾਈ ਹੈ। ਭਾਰਤੀ ਭਾਈਚਾਰੇ ਨੇ ਸੈਨੇਟ ਅਤੇ ਪ੍ਰਤੀਨਿੱਧ ਸਦਨ ਦੋਵਾਂ ਮੁਕਾਬਲਿਆਂ ਵਿਚ ਡੈਮੋਕ੍ਰੇਟਿਕ ਉਮੀਦਵਾਰਾਂ ਪ੍ਰਤੀ ਇੱਕ ਮਜ਼ਬੂਤ ਤਰਜੀਹ ਦਿਖਾਈ ਹੈ। ਬਹੁਗਿਣਤੀ ਭਾਰਤੀਆਂ ਨੇ ਕਿਹਾ ਕਿ ਉਹ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨੀਤੀਆਂ ਵਿਰੁੱਧ ਵੋਟ ਦੇਣਗੇ ਤੇ ਸਾਫ ਹੈ ਕਿ ਉਨ੍ਹਾਂ ਦੀ ਤਰਜੀਹ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਹਨ। 66% ਭਾਰਤੀ-ਅਮਰੀਕੀ ਵੋਟਰਾਂ ਨੇ ਡੈਮੋਕ੍ਰੇਟਿਕ ਉਮੀਦਵਾਰਾਂ ਦਾ ਸਮਰਥਨ ਕੀਤਾ ਹੈ, ਜਦੋਂਕਿ 22 ਪ੍ਰਤੀਸ਼ਤ ਨੇ ਰਿਪਬਲਿਕਨਾਂ ਨੂੰ ਤਰਜੀਹ ਦਿੱਤੀ ਹੈ, ਜਦਕਿ 7 ਪ੍ਰਤੀਸ਼ਤ ਨੇ ਹੋਰ ਉਮੀਦਵਾਰਾਂ ਦਾ ਸਮਰਥਨ ਕੀਤਾ ਹੈ। ਸਰਵੇਖਣ ਵਿਚ ਭਾਰਤੀ-ਅਮਰੀਕੀ ਵੋਟਰਾਂ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਤੀ ਬਹੁਤ ਹੱਦ ਤੱਕ ਨਕਾਰਾਤਮਕ ਨਜ਼ਰੀਆ ਪਾਇਆ ਗਿਆ ਹੈ। 74 ਪ੍ਰਤੀਸ਼ਤ ਨੇ ਟਰੰਪ ਨੂੰ ਪ੍ਰਤੀਕੂਲ ਨਜ਼ਰ ਨਾਲ ਦੇਖਿਆ, ਜਿਸ ਵਿਚੋਂ 56 ਪ੍ਰਤੀਸ਼ਤ ਨੇ ਬਹੁਤ ਹੀ ਪ੍ਰਤੀਕੂਲ ਰਾਏ ਰੱਖੀ ਹੈ, ਜਦਕਿ ਵੀਹ ਪ੍ਰਤੀਸ਼ਤ ਟਰੰਪ ਪ੍ਰਤੀ ਅਨੁਕੂਲ ਨਜ਼ਰੀਆ ਰੱਖਦੇ ਹਨ। ਸਰਵੇਖਣ ਅਨੁਸਾਰ 55 ਪ੍ਰਤੀਸ਼ਤ ਨੇ ਕਿਹਾ ਕਿ ਉਨ੍ਹਾਂ ਨੇ ਪੋਲਿੰਗ ਸਥਾਨ 'ਤੇ ਵੋਟ ਪਾਉਣ ਦੀ ਯੋਜਨਾ ਬਣਾਈ ਹੈ, ਜਦੋਂਕਿ 34 ਪ੍ਰਤੀਸ਼ਤ ਨੇ ਡਾਕ ਰਾਹੀਂ ਵੋਟ ਪਾਉਣ ਨੂੰ ਤਰਜੀਹ ਦਿੱਤੀ ਹੈ ਅਤੇ 8 ਪ੍ਰਤੀਸ਼ਤ ਨੇ ਬੈਲਟ ਡਰਾਪ ਸਥਾਨ ਦੀ ਵਰਤੋਂ ਕਰਨ ਦੀ ਯੋਜਨਾ ਬਣਾਈ ਹੈ। ਤਿੰਨ-ਚੌਥਾਈ ਭਾਰਤੀ-ਅਮਰੀਕੀ ਨਾਗਰਿਕਾਂ ਨੇ ਕਿਹਾ ਕਿ ਉਨ੍ਹਾਂ ਨੇ ਪਰਿਵਾਰਕ ਮੈਂਬਰਾਂ ਤੇ ਦੋਸਤਾਂ ਨਾਲ ਰਾਜਨੀਤੀ 'ਤੇ ਚਰਚਾ ਕੀਤੀ ਹੈ। 19 ਪ੍ਰਤੀਸ਼ਤ ਭਾਰਤੀਆਂ ਨੇ ਟਰੰਪ ਵਿਰੋਧੀ ਪ੍ਰਦਰਸ਼ਨਾਂ, ਮਾਰਚ, ਜਾਂ ਰੈਲੀਆਂ ਵਿਚ ਹਿੱਸਾ ਲਿਆ ਹੈ। ਵਿਆਪਕ ਸਰਵੇਖਣ ਦੌਰਾਨ ਰਹਿਣ-ਸਹਿਣ ਦੀ ਲਾਗਤ ਅਤੇ ਮਹਿੰਗਾਈ ਪ੍ਰਮੁੱਖ ਮੁੱਦੇ ਵਜੋਂ ਉਭਰੇ ਹਨ। ਸਰਵੇਖਣ ਵਿਚ 2,066 ਰਜਿਸਟਰਡ ਵੋਟਰਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਵਿਚ 1,896 ਏਸ਼ੀਆਈ ਅਮਰੀਕੀ ਅਤੇ 170 ਪ੍ਰਸ਼ਾਂਤ ਟਾਪੂ ਵਾਸੀ ਸ਼ਾਮਲ ਹਨ।




# ਐਰੀਜ਼ੋਨਾ 'ਚ ਵੱਡੀ ਕਾਰਵਾਈ ਦੌਰਾਨ 95 ਪਰਵਾਸੀ ਟਰੱਕ ਡਰਾਈਵਰਾਂ ਸਮੇਤ 143 ਗ੍ਰਿਫ਼ਤਾਰ

**ਵਾਸ਼ਿੰਗਟਨ/ਐਰੀਜ਼ੋਨਾ, (ਪੰਜਾਬ ਮੇਲ)-** ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਵੱਲੋਂ ਐਰੀਜ਼ੋਨਾ ਦੇ ਯੂਮਾ ਸੈਕਟਰ 'ਚ ਚਲਾਈ ਗਈ ਇੱਕ ਵੱਡੀ ਬਹੁ-ਏਜੰਸੀ ਕਾਰਵਾਈ ਦੌਰਾਨ 143 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਕਾਰਵਾਈ 10 ਅਗਸਤ ਤੋਂ 14 ਅਗਸਤ 2026 ਤੱਕ ਚਲਾਈ ਗਈ ਸੀ ਅਤੇ ਇਸਦੇ ਨਤੀਜੇ 31 ਅਗਸਤ ਨੂੰ ਜਾਰੀ ਕੀਤੇ ਗਏ। ਅਧਿਕਾਰੀਆਂ ਮੁਤਾਬਕ ਗ੍ਰਿਫ਼ਤਾਰ ਕੀਤੇ ਗਏ ਲੋਕ 18 ਵੱਖ-ਵੱਖ ਦੇਸ਼ਾਂ ਨਾਲ ਸਬੰਧਤ ਸਨ। ਸਭ ਤੋਂ ਵੱਧ ਧਿਆਨ ਇਸ ਗੱਲ ਨੇ ਖਿੱਚਿਆ ਕਿ ਗ੍ਰਿਫ਼ਤਾਰ ਵਿਅਕਤੀਆਂ ਵਿਚ 95 ਅਜਿਹੇ ਪਰਵਾਸੀ ਸ਼ਾਮਲ ਸਨ, ਜੋ ਵਪਾਰਕ ਟਰੱਕ ਡਰਾਈਵਰ ਵਜੋਂ ਕੰਮ ਕਰ ਰਹੇ ਸਨ ਅਤੇ ਉਨ੍ਹਾਂ ਕੋਲ ਵੱਖ-ਵੱਖ ਸੂਬਿਆਂ ਵੱਲੋਂ ਜਾਰੀ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਸਨ। ਇਨ੍ਹਾਂ ਵਿਚੋਂ 76 ਡਰਾਈਵਰਾਂ ਕੋਲ ਕੈਲੀਫੋਰਨੀਆ ਦੇ ਲਾਇਸੈਂਸ ਸਨ, ਜਦਕਿ 6 ਕੋਲ ਨਿਊਯਾਰਕ ਦੇ ਲਾਇਸੈਂਸ ਸਨ। ਕਾਰਵਾਈ ਦੌਰਾਨ ਮਨੁੱਖੀ ਤਸਕਰੀ ਨਾਲ ਜੁੜੀਆਂ ਦੋ ਵੱਖ-ਵੱਖ ਘਟਨਾਵਾਂ ਵਿਚ ਚਾਰ ਕਥਿਤ ਤਸਕਰ ਅਤੇ 17 ਪਰਵਾਸੀ ਵੀ ਫੜੇ ਗਏ।

# ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਹੁਣ ਤੱਕ ਅਮਰੀਕਾ 'ਚੋਂ 10 ਲੱਖ ਪ੍ਰਵਾਸੀ ਡਿਪੋਰਟ!

## 16 ਲੱਖ ਹੋਰ 'ਤੇ ਕਾਰਵਾਈ ਦੀ ਤਿਆਰੀ



**ਵਾਸ਼ਿੰਗਟਨ, (ਪੰਜਾਬ ਮੇਲ)-** ਡੋਨਾਲਡ ਟਰੰਪ ਨੇ ਦੂਜੀ ਵਾਰ ਅਮਰੀਕੀ ਰਾਸ਼ਟਰਪਤੀ ਬਣਨ ਤੋਂ ਬਾਅਦ ਤੋਂ ਹੀ ਪ੍ਰਵਾਸੀਆਂ ਖ਼ਿਲਾਫ਼ ਵੱਡੀ ਮੁਹਿੰਮ ਆਰੰਭ ਦਿੱਤੀ ਸੀ, ਜੋ ਕਿ ਦਿਨੋਂ-ਦਿਨ ਸਖ਼ਤ ਹੁੰਦੀ ਜਾ ਰਹੀ ਹੈ। ਰਿਪੋਰਟਾਂ ਅਨੁਸਾਰ, ਟਰੰਪ ਸਰਕਾਰ ਦੇ ਦੂਜੇ ਕਾਰਜਕਾਲ ਦੇ ਪਹਿਲੇ ਡੇਢ ਸਾਲ ਦੌਰਾਨ ਹੁਣ ਤੱਕ ਲਗਭਗ 10 ਲੱਖ ਲੋਕਾਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਜਾ ਚੁੱਕਾ ਹੈ, ਜਦਕਿ 16 ਲੱਖ ਤੋਂ ਵੱਧ ਪ੍ਰਵਾਸੀਆਂ ਖ਼ਿਲਾਫ਼ ਦੇਸ਼ ਨਿਕਾਲੇ ਦੇ ਹੁਕਮ ਜਾਰੀ ਹੋ ਚੁੱਕੇ ਹਨ। ਅਦਾਲਤਾਂ ਅਤੇ ਅਮਰੀਕੀ ਸੁਪਰੀਮ ਕੋਰਟ ਦੇ ਫੈਸਲਿਆਂ ਤੋਂ ਬਾਅਦ ਹੈਤੀ ਅਤੇ ਸੀਰੀਆ ਸਣੇ 13 ਦੇਸ਼ਾਂ ਦੇ 10 ਲੱਖ ਤੋਂ ਵੱਧ ਪ੍ਰਵਾਸੀਆਂ ਦਾ 'ਅਸਥਾਈ ਸੁਰੱਖਿਅਤ ਦਰਜਾ' (ਟੀ.ਪੀ.ਐੱਸ.) ਵੀ ਖ਼ਤਮ ਕਰ ਦਿੱਤਾ ਗਿਆ ਹੈ।

ਇਸ ਤੋਂ ਪਹਿਲਾਂ ਜਦੋਂ ਬਰਾਕ ਓਬਾਮਾ ਦੇਸ਼ ਦੇ ਰਾਸ਼ਟਰਪਤੀ ਸੀ, ਤਾਂ ਪ੍ਰਸ਼ਾਸਨ ਦਾ ਧਿਆਨ ਮੁੱਖ ਤੌਰ 'ਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਬਾਰਡਰ ਪਾਰ ਕਰਨ ਵਾਲਿਆਂ ਜਾਂ ਅਪਰਾਧਿਕ ਪਿਛੋਕੜ ਵਾਲੇ ਲੋਕਾਂ 'ਤੇ ਹੁੰਦਾ ਸੀ। ਇਸ ਦੇ ਉਲਟ, ਟਰੰਪ ਪ੍ਰਸ਼ਾਸਨ 'ਚ ਉਨ੍ਹਾਂ ਪ੍ਰਵਾਸੀਆਂ ਨੂੰ ਵੀ ਫੜਿਆ ਜਾ ਰਿਹਾ ਹੈ, ਜੋ ਕਈ ਸਾਲਾਂ ਤੋਂ ਅਮਰੀਕਾ 'ਚ ਸ਼ਾਂਤੀਪੂਰਵਕ ਰਹਿ ਰਹੇ ਸਨ।

ਅਦਾਲਤੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ 'ਮਾਸਟਰ ਹੀਅਰਿੰਗਜ਼' ਸ਼ੁਰੂ ਕੀਤੀਆਂ ਗਈਆਂ ਹਨ। ਇਮੀਗ੍ਰੇਸ਼ਨ ਅਦਾਲਤਾਂ 'ਚ ਇੱਕ ਹੀ ਸੈਸ਼ਨ ਦੌਰਾਨ 50 ਤੋਂ 100 ਕੇਸਾਂ ਦਾ ਨਿਪਟਾਰਾ ਮਹਿਜ਼ ਕੁਝ ਹੀ ਮਿੰਟਾਂ ਦੀ ਸੁਣਵਾਈ ਵਿਚ ਕੀਤਾ ਜਾ ਰਿਹਾ ਹੈ, ਜਿਸ ਨਾਲ ਪ੍ਰਵਾਸੀਆਂ ਕੋਲ ਕਾਨੂੰਨੀ ਮਦਦ ਲੈਣ ਦੇ ਮੌਕੇ ਕਾਫ਼ੀ ਘੱਟ ਗਏ ਹਨ।

ਭਾਵੇਂ ਕਿ ਟਰੰਪ ਦਾ ਇਹ ਕਦਮ ਅਮਰੀਕਾ ਲਈ ਚੰਗਾ ਮੰਨਿਆ ਜਾ ਰਿਹਾ ਹੈ, ਪਰ ਇਸ ਦੇ ਬਾਵਜੂਦ ਪ੍ਰਵਾਸੀਆਂ ਖ਼ਿਲਾਫ਼ ਉਨ੍ਹਾਂ ਦੀ ਸਖ਼ਤ ਕਾਰਵਾਈ ਦੇ ਕਾਰਨ ਉਨ੍ਹਾਂ ਦੀ ਇਮੀਗ੍ਰੇਸ਼ਨ ਨੀਤੀ ਦੀ ਅਪਰੂਵਲ ਰੇਟਿੰਗ ਡਿੱਗ ਕੇ -13 ਤੱਕ ਪਹੁੰਚ ਗਈ ਹੈ। ਉੱਥੇ ਹੀ ਲਗਭਗ 47 ਫ਼ੀਸਦੀ ਅਮਰੀਕੀ ਨਾਗਰਿਕ ਹੁਣ ਆਈਸ ਏਜੰਸੀ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੇ ਪੱਖ 'ਚ ਹਨ। ਇਸ ਸਖ਼ਤ ਮੁਹਿੰਮ ਕਾਰਨ ਲੱਖਾਂ ਪਰਿਵਾਰ ਉਜੜਨ ਦੇ ਕੰਢੇ ਹਨ ਅਤੇ ਇਹ ਮੁੱਦਾ ਆਉਣ ਵਾਲੀਆਂ ਚੋਣਾਂ ਵਿਚ ਪ੍ਰਸ਼ਾਸਨ ਲਈ ਵੱਡੀ ਰਾਜਨੀਤਿਕ ਚੁਣੌਤੀ ਬਣ ਸਕਦਾ ਹੈ। ਫਿਲਹਾਲ ਤਾਂ 16 ਲੱਖ ਲੋਕਾਂ ਦੇ ਸਿਰ 'ਤੇ ਡਿਪੋਰਟੇਸ਼ਨ ਦੀ ਤਲਵਾਰ ਲਟਕ ਰਹੀ ਹੈ, ਜਿਨ੍ਹਾਂ 'ਚੋਂ ਵੱਡੀ ਗਿਣਤੀ 'ਚ ਭਾਰਤੀ ਪ੍ਰਵਾਸੀ ਹੋਣਗੇ।

# ਅੰਤਿਮ ਡਿਪੋਰਟੇਸ਼ਨ ਹੁਕਮ ਮਗਰੋਂ ਬੌਂਡ ਦੇ ਅਧਿਕਾਰ 'ਤੇ ਅਹਿਮ ਫ਼ੈਸਲਾ

**ਵਾਸ਼ਿੰਗਟਨ, (ਪੰਜਾਬ ਮੇਲ)-** ਬੋਰਡ ਆਫ਼ ਇਮੀਗ੍ਰੇਸ਼ਨ ਅਪੀਲਜ਼ ਨੇ ਇੱਕ ਮਹੱਤਵਪੂਰਨ ਨਜ਼ੀਰੀ ਫ਼ੈਸਲੇ ਵਿਚ ਕਿਹਾ ਹੈ ਕਿ ਜਦੋਂ ਕਿਸੇ ਪਰਵਾਸੀ ਵਿਰੁੱਧ ਡਿਪੋਰਟੇਸ਼ਨ ਦਾ ਹੁਕਮ ਪ੍ਰਸ਼ਾਸਕੀ ਤੌਰ 'ਤੇ ਅੰਤਿਮ ਹੋ ਜਾਂਦਾ ਹੈ, ਤਾਂ ਇਮੀਗ੍ਰੇਸ਼ਨ ਜੱਜ ਕੋਲ ਆਮ ਤੌਰ 'ਤੇ ਉਸ ਵਿਅਕਤੀ ਦੀ ਹਿਰਾਸਤ ਜਾਂ ਬੌਂਡ ਦੀਆਂ ਸ਼ਰਤਾਂ ਮੁੜ ਨਿਰਧਾਰਤ ਕਰਨ ਦਾ ਅਧਿਕਾਰ ਨਹੀਂ ਰਹਿੰਦਾ।

ਇਸਦਾ ਅਰਥ ਹੈ ਕਿ ਡਿਪੋਰਟੇਸ਼ਨ ਕੇਸ ਚੱਲਣ ਦੌਰਾਨ ਇਮੀਗ੍ਰੇਸ਼ਨ ਜੱਜ ਕਿਸੇ ਯੋਗ ਵਿਅਕਤੀ ਦੀ ਬੌਂਡ ਅਰਜ਼ੀ ਸੁਣ ਸਕਦਾ ਹੈ, ਬੌਂਡ ਦੀ ਰਕਮ ਘਟਾ ਸਕਦਾ ਹੈ ਜਾਂ ਨਿਰਧਾਰਤ ਸ਼ਰਤਾਂ ਨਾਲ ਰਿਹਾਈ ਦੇ ਸਕਦਾ ਹੈ। ਪਰ ਜਦੋਂ ਇਮੀਗ੍ਰੇਸ਼ਨ ਜੱਜ ਦਾ ਡਿਪੋਰਟੇਸ਼ਨ ਹੁਕਮ ਅੰਤਿਮ ਬਣ ਜਾਵੇ ਅਤੇ ਆਮ ਪ੍ਰਸ਼ਾਸਕੀ ਅਪੀਲਾਂ ਪੂਰੀਆਂ ਹੋ ਜਾਣ, ਤਾਂ ਹਿਰਾਸਤ ਦਾ ਕਾਨੂੰਨੀ ਆਧਾਰ ਬਦਲ ਸਕਦਾ ਹੈ। ਉਸ ਪੜਾਅ ਉੱਤੇ ਆਮ ਬੌਂਡ ਸੁਣਵਾਈ ਲਈ ਇਮੀਗ੍ਰੇਸ਼ਨ ਜੱਜ ਦਾ ਅਧਿਕਾਰ ਕਾਫ਼ੀ ਸੀਮਤ ਹੋ ਜਾਂਦਾ ਹੈ।

ਇਹ ਫ਼ੈਸਲਾ ਹਰ ਹਿਰਾਸਤ ਵਿਚ ਬੰਦ ਪਰਵਾਸੀ ਦੀ ਤੁਰੰਤ ਅਤੇ ਲਾਜ਼ਮੀ ਹਿਰਾਸਤ ਦਾ ਹੁਕਮ ਨਹੀਂ ਹੈ। ਅਪੀਲ ਬਕਾਇਆ ਹੋਣ, ਡਿਪੋਰਟੇਸ਼ਨ ਉੱਤੇ ਅਦਾਲਤੀ ਰੋਕ ਮਿਲਣ, ਵਿਅਕਤੀ ਨੂੰ ਉਸਦੇ ਦੇਸ਼ ਵੱਲੋਂ ਸਵੀਕਾਰ ਨਾ ਕਰਨ ਜਾਂ ਲੰਬੀ ਹਿਰਾਸਤ ਦੇ ਸੰਵਿਧਾਨਕ ਸਵਾਲ ਪੈਦਾ ਹੋਣ ਦੀ ਸਥਿਤੀ ਵਿਚ ਹੋਰ ਕਾਨੂੰਨੀ ਰਸਤੇ ਉਪਲਬਧ ਹੋ ਸਕਦੇ ਹਨ। ਕੁਝ ਹਾਲਾਤਾਂ ਵਿਚ ਪ੍ਰਭਾਵਿਤ ਵਿਅਕਤੀ ਸੰਘੀ ਜ਼ਿਲ੍ਹਾ ਅਦਾਲਤ ਵਿਚ ਹੇਬੀਅਸ ਕਾਰਪਸ ਪਟੀਸ਼ਨ ਦਾਇਰ ਕਰਕੇ ਲੰਬੀ ਜਾਂ ਗ਼ੈਰਕਾਨੂੰਨੀ ਹਿਰਾਸਤ ਨੂੰ ਚੁਣੌਤੀ ਦੇ ਸਕਦਾ ਹੈ। ਪਰ ਇਹ ਇਮੀਗ੍ਰੇਸ਼ਨ ਜੱਜ ਕੋਲ ਦਾਇਰ ਕੀਤੀ ਜਾਣ ਵਾਲੀ ਆਮ ਬੌਂਡ ਅਰਜ਼ੀ ਤੋਂ ਵੱਖਰੀ ਸੰਘੀ ਅਦਾਲਤੀ ਕਾਰਵਾਈ ਹੁੰਦੀ ਹੈ।

# ਟਰੰਪ ਵੱਲੋਂ ਕੈਨੇਡਾ ਦੀ 'ਲੇਕ ਓਨਟਾਰੀਓ' ਦਾ ਨਾਂ ਬਦਲਣ ਦੇ ਆਦੇਸ਼ ਜਾਰੀ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਨਾਲ ਇੱਕ ਹੋਰ ਵਿਵਾਦ ਛੇੜ ਦਿੱਤਾ ਹੈ। ਟਰੰਪ ਨੇ 'ਲੇਕ ਓਨਟਾਰੀਓ' ਦਾ ਨਾਮ ਬਦਲ ਕੇ "ਲੇਕ ਅਮਰੀਕਾ" ਰੱਖਣ ਦਾ ਆਦੇਸ਼ ਜਾਰੀ ਕੀਤਾ। ਇਹ ਬਦਲਾਅ ਅਮਰੀਕੀ ਸੰਘੀ ਸਰਕਾਰ ਦੀ ਵਰਤੋਂ ਤੱਕ ਸੀਮਿਤ ਹੈ। ਇਸਦਾ ਮਤਲਬ ਹੈ ਕਿ ਕੈਨੇਡਾ, ਅੰਤਰਰਾਸ਼ਟਰੀ ਸੰਗਠਨ, ਜਾਂ ਹੋਰ ਸੰਗਠਨ ਅਜੇ ਵੀ ਆਪਣੀ ਪਸੰਦ ਅਨੁਸਾਰ ਝੀਲ ਨੂੰ 'ਲੇਕ ਓਨਟਾਰੀਓ' ਕਹਿ ਸਕਦੇ ਹਨ।

ਟਰੰਪ ਨੇ ਓਵਲ ਆਫਿਸ 'ਚ ਪੱਤਰਕਾਰਾਂ ਨੂੰ ਦੱਸਿਆ ਕਿ 'ਲੇਕ ਓਨਟਾਰੀਓ' ਦਾ ਨਾਮ ਹੁਣ 'ਲੇਕ ਅਮਰੀਕਾ' ਰੱਖਿਆ ਜਾਵੇਗਾ, ਜੋ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਉਹ ਕੁਝ ਸਮੇਂ ਤੋਂ ਨਾਮ ਬਦਲਣ 'ਤੇ ਵਿਚਾਰ ਕਰ ਰਹੇ ਸਨ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ, ਜਦੋਂ ਅਮਰੀਕਾ ਅਤੇ ਕੈਨੇਡਾ ਵਿਚਕਾਰ ਵਪਾਰਕ ਤਣਾਅ ਪਹਿਲਾਂ ਹੀ ਵਧ ਰਿਹਾ ਹੈ।

ਦੂਜੇ ਪਾਸੇ ਰਾਸ਼ਟਰਪਤੀ ਟਰੰਪ ਦੇ ਹੁਕਮ ਤੋਂ ਕੁਝ ਘੰਟਿਆਂ ਬਾਅਦ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਦੇਸ਼ ਝੀਲ ਦਾ ਨਾਮ ਨਹੀਂ ਬਦਲੇਗਾ। ਕਾਰਨੀ ਨੇ ਕਿਹਾ ਕਿ ਝੀਲ ਦਾ ਨਾਮ ਕੈਨੇਡਾ ਅਤੇ ਸੰਯੁਕਤ ਰਾਜ ਅਮਰੀਕਾ ਦੋਵਾਂ ਦੇ ਹੋਂਦ ਤੋਂ ਪਹਿਲਾਂ ਦਾ ਹੈ। ਉਨ੍ਹਾਂ ਸੋਸ਼ਲ ਮੀਡੀਆ 'ਤੇ ਕਿਹਾ ਕਿ ਕੈਨੇਡੀਅਨ ਇਤਿਹਾਸ ਨੂੰ ਸਮਝਦੇ ਹਨ ਅਤੇ ਝੀਲ ਨੂੰ 'ਲੇਕ ਓਨਟਾਰੀਓ' ਹੀ ਕਹਿੰਦੇ ਰਹਿਣਗੇ। ਨਿਊਯਾਰਕ ਦੀ ਗਵਰਨਰ ਕੈਥੀ ਹੋਚੁਲ ਨੇ ਵੀ ਟਰੰਪ ਦੇ ਫੈਸਲੇ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਨਿਊਯਾਰਕ ਇਸਨੂੰ 'ਲੇਕ ਅਮਰੀਕਾ' ਨਹੀਂ ਕਹੇਗਾ।

ਗੌਰਤਲਬ ਹੈ ਕਿ ਓਨਟਾਰੀਓ ਝੀਲ ਉੱਤਰੀ ਅਮਰੀਕਾ ਦੀਆਂ ਪੰਜ ਮਹਾਨ ਝੀਲਾਂ ਵਿਚੋਂ ਇੱਕ ਹੈ। ਇਸਦੀ ਸਤ੍ਹਾ ਦਾ ਲਗਭਗ 52 ਪ੍ਰਤੀਸ਼ਤ ਕੈਨੇਡਾ ਵਿਚ ਹੈ, ਜਦੋਂ ਕਿ ਬਾਕੀ ਅਮਰੀਕੀ ਰਾਜ ਨਿਊਯਾਰਕ ਵਿਚ ਹੈ। ਇਹੀ ਕਾਰਨ ਹੈ ਕਿ ਟਰੰਪ ਦੇ ਨਾਮ ਬਦਲਣ ਦੇ ਫੈਸਲੇ ਨੂੰ ਕੈਨੇਡਾ ਵਿਚ ਸਿਰਫ਼ ਨਾਮ ਬਦਲਣ ਤੋਂ ਵੱਧ, ਸਗੋਂ ਇੱਕ ਭੜਕਾਹਟ ਵਜੋਂ ਦੇਖਿਆ ਜਾ ਰਿਹਾ ਹੈ। ਕਿਊਬੈਕ ਦੇ ਵੈਂਡੇਟ ਨੇਸ਼ਨ ਦੇ ਮੁਖੀ ਨੇ ਵੀ ਇਸ ਫੈਸਲੇ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਲੇਕ ਓਨਟਾਰੀਓ ਦਾ ਨਾਮ ਵੈਂਡੇਟ ਭਾਸ਼ਾ ਨਾਲ ਜੁੜਿਆ ਹੋਇਆ ਹੈ ਅਤੇ ਇਹ ਝੀਲ ਦੀ ਸੁੰਦਰਤਾ ਜਾਂ ਵਿਸ਼ਾਲਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਨਾਮ ਬਦਲਣ ਦੀ ਕੋਸ਼ਿਸ਼ ਇਤਿਹਾਸ ਨੂੰ ਮਿਟਾਉਣ ਦੇ ਬਰਾਬਰ ਹੈ।

ਲੇਕ ਓਨਟਾਰੀਓ ਦਾ ਨਾਮ ਬਦਲਣ ਦਾ ਫੈਸਲਾ ਅਜਿਹੇ ਸਮੇਂ ਆਇਆ ਹੈ, ਜਦੋਂ ਦੋਵਾਂ ਦੇਸ਼ਾਂ ਵਿਚਕਾਰ ਵਪਾਰਕ ਗੱਲਬਾਤ ਵੀ ਤਣਾਅਪੂਰਨ ਦੌਰ ਦਾ ਸਾਹਮਣਾ ਕਰ ਰਹੀ ਹੈ। ਪਿਛਲੇ ਹਫ਼ਤੇ ਅਮਰੀਕਾ ਅਤੇ ਕੈਨੇਡਾ ਵਿਚਕਾਰ ਤਿੰਨ ਦਿਨਾਂ ਦੀ ਗੱਲਬਾਤ ਬਿਨਾਂ ਕਿਸੇ ਸਮਝੌਤੇ ਦੇ ਖਤਮ ਹੋ ਗਈ ਸੀ, ਦੋਵੇਂ ਧਿਰਾਂ ਨੇ ਇੱਕ ਦੂਜੇ ਨੂੰ ਟੁੱਟਣ ਲਈ ਜ਼ਿੰਮੇਵਾਰ ਠਹਿਰਾਇਆ ਸੀ। ਟਰੰਪ ਪਹਿਲਾਂ ਵੀ ਕੈਨੇਡਾ ਨੂੰ 51ਵਾਂ ਅਮਰੀਕੀ ਰਾਜ ਬਣਾਉਣ ਬਾਰੇ ਗੱਲ ਕਰ ਚੁੱਕੇ ਹਨ। ਕੈਨੇਡੀਅਨ ਨੇਤਾਵਾਂ ਨੇ ਲਗਾਤਾਰ ਇਸ ਵਿਚਾਰ ਨੂੰ ਰੱਦ ਕਰ ਦਿੱਤਾ ਹੈ। ਟਰੰਪ ਨੇ ਇੱਥੋਂ ਤੱਕ ਕਿਹਾ ਕਿ ਜੇ ਲੋੜ ਪਈ, ਤਾਂ ਉਹ ਸਮੁੰਦਰਾਂ ਦੇ ਨਾਮ ਬਦਲਣ 'ਤੇ ਵਿਚਾਰ ਕਰਨਗੇ। ਉਸਨੇ ਮਜ਼ਾਕ ਵਿਚ ਕਿਹਾ ਕਿ ਹੁਣ ਉਸਦੇ ਕੋਲ ਇੱਕ ਖਾੜੀ ਅਤੇ ਇੱਕ ਝੀਲ ਹੈ, ਉਸਨੂੰ ਸਿਰਫ਼ ਇੱਕ ਸਮੁੰਦਰ ਦੀ ਲੋੜ ਹੈ। ਇਸ ਤੋਂ ਪਹਿਲਾਂ, ਜਨਵਰੀ 2025 ਵਿਚ ਟਰੰਪ ਨੇ ਮੈਕਸੀਕੋ ਦੀ ਖਾੜੀ ਦਾ ਨਾਮ ਬਦਲ ਕੇ ਅਮਰੀਕਾ ਦੀ ਖਾੜੀ ਰੱਖਣ ਦਾ ਆਦੇਸ਼ ਦਿੱਤਾ ਸੀ। ਹਾਲਾਂਕਿ ਲੇਕ ਓਨਟਾਰੀਓ ਨਾਲ ਮੁੱਖ ਅੰਤਰ ਇਹ ਹੈ ਕਿ ਝੀਲ ਦਾ ਇੱਕ ਵੱਡਾ ਹਿੱਸਾ ਕੈਨੇਡਾ ਦੇ ਅੰਦਰ ਹੈ। ਇਸ ਲਈ ਅਮਰੀਕੀ ਆਦੇਸ਼ ਕੈਨੇਡੀਅਨ ਅਧਿਕਾਰਤ ਵਰਤੋਂ 'ਤੇ ਲਾਗੂ ਨਹੀਂ ਹੁੰਦਾ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਨੇਪਾਲ ਹੜ੍ਹ: ਟਰੰਪ ਵੱਲੋਂ 5 ਲੱਖ ਡਾਲਰ ਦੀ ਐਮਰਜੈਂਸੀ ਸਹਾਇਤਾ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)-** ਨੇਪਾਲ-ਤਿੱਬਤ ਸਰਹੱਦ 'ਤੇ ਆਏ ਭਿਆਨਕ ਹੜ੍ਹ ਤੋਂ ਬਾਅਦ ਭਾਰਤ ਵਾਂਗ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨੇਪਾਲ ਨੂੰ ਹਰ ਸੰਭਵ ਮਦਦ ਦੀ ਪੇਸ਼ਕਸ਼ ਕੀਤੀ ਹੈ। ਵ੍ਹਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਸ਼ਟਰਪਤੀ ਟਰੰਪ ਨੇ ਕਿਹਾ, "ਅਸੀਂ ਨੇਪਾਲ ਨਾਲ ਸੰਪਰਕ ਕੀਤਾ ਹੈ ਅਤੇ ਉਨ੍ਹਾਂ ਨੂੰ ਹਰ ਉਸ ਮਦਦ ਦੀ ਪੇਸ਼ਕਸ਼ ਕੀਤੀ ਹੈ, ਜਿਸ ਦੀ ਉਨ੍ਹਾਂ ਨੂੰ ਲੋੜ ਹੈ।"

ਅਮਰੀਕੀ ਵਿਦੇਸ਼ ਵਿਭਾਗ ਅਨੁਸਾਰ ਇਸ ਭਿਆਨਕ ਹੜ੍ਹ ਕਾਰਨ ਲਗਭਗ 90 ਅਮਰੀਕੀ ਨਾਗਰਿਕ ਪ੍ਰਭਾਵਿਤ ਹੋ ਸਕਦੇ ਹਨ। ਹਾਲਾਂਕਿ, ਰਾਹਤ ਦੀ ਖ਼ਬਰ ਇਹ ਹੈ ਕਿ ਹੁਣ ਤੱਕ ਤਿੰਨ ਅਮਰੀਕੀ ਨਾਗਰਿਕਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਵੀਰਵਾਰ ਤੱਕ ਕਿਸੇ ਵੀ ਅਮਰੀਕੀ ਨਾਗਰਿਕ ਦੀ ਮੌਤ ਹੋਣ ਦੀ ਕੋਈ ਖ਼ਬਰ ਸਾਹਮਣੇ ਨਹੀਂ ਆਈ।

ਅਮਰੀਕਾ ਵੱਲੋਂ ਹੜ੍ਹ ਪ੍ਰਭਾਵਿਤ ਭਾਈਚਾਰਿਆਂ ਦੀ ਤੁਰੰਤ ਮਦਦ ਲਈ 'ਕੈਥੋਲਿਕ ਰਿਲੀਫ਼ ਸਰਵਿਸਿਜ਼' ਰਾਹੀਂ 5,00,000 ਅਮਰੀਕੀ ਡਾਲਰ (4 ਕਰੋੜ 15 ਲੱਖ ਰੁਪਏ) ਦੀ ਐਮਰਜੈਂਸੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਇਹ ਫੰਡ ਪ੍ਰਭਾਵਿਤ ਲੋਕਾਂ ਨੂੰ ਐਮਰਜੈਂਸੀ ਰਹਿਣ-ਸਹਿਣ, ਰਾਹਤ ਸਮੱਗਰੀ, ਸਾਫ਼ ਪਾਣੀ, ਸਿਹਤ ਅਤੇ ਸਾਫ਼-ਸਫ਼ਾਈ ਦੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਵਰਤਿਆ ਜਾਵੇਗਾ। ਇਸ ਦੇ ਨਾਲ ਹੀ ਅਮਰੀਕਾ ਨੇ ਖੇਤਰ ਵਿਚ ਇੱਕ ਆਫ਼ਤ ਪ੍ਰਬੰਧਨ ਸਲਾਹਕਾਰ ਵੀ ਤਾਇਨਾਤ ਕੀਤਾ ਹੈ।

ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਅਨੁਸਾਰ ਨੇਪਾਲ ਦੀ ਅਗਵਾਈ ਵਿਚ ਬਚਾਅ ਅਤੇ ਭਾਲ ਮੁਹਿੰਮ ਲਗਾਤਾਰ ਜਾਰੀ ਹੈ। ਨੇਪਾਲ ਅਤੇ ਚੀਨ ਵਿਚ ਸਥਿਤ ਅਮਰੀਕੀ ਦੂਤਾਵਾਸ ਸਥਾਨਕ ਟੂਰ ਆਪਰੇਟਰਾਂ ਅਤੇ ਸਥਾਨਕ ਅਧਿਕਾਰੀਆਂ ਨਾਲ ਮਿਲ ਕੇ ਪ੍ਰਭਾਵਿਤ ਇਲਾਕਿਆਂ ਵਿਚ ਮੌਜੂਦ ਅਮਰੀਕੀਆਂ ਦੀ ਮਦਦ ਲਈ ਲਗਾਤਾਰ ਕੰਮ ਕਰ ਰਹੇ ਹਨ। ਵਿਦੇਸ਼ ਵਿਭਾਗ ਨੇ ਪ੍ਰਭਾਵਿਤ ਖੇਤਰਾਂ ਵਿਚ ਮੌਜੂਦ ਆਪਣੇ ਨਾਗਰਿਕਾਂ ਨੂੰ ਸਥਾਨਕ ਖ਼ਬਰਾਂ 'ਤੇ ਨਜ਼ਰ ਰੱਖਣ, ਸਥਾਨਕ ਅਧਿਕਾਰੀਆਂ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਅਤੇ ਸਮਾਰਟ ਟ੍ਰੈਵਲਰ ਐਨਰੋਲਮੈਂਟ ਪ੍ਰੋਗਰਾਮ (STEP) ਵਿਚ ਰਜਿਸਟਰ ਕਰਨ ਦੀ ਅਪੀਲ ਕੀਤੀ ਹੈ।

# ਮੋਂਟਾਨਾ 'ਚ ਵਿਅਕਤੀ ਵੱਲੋਂ 8 ਦੀ ਹੱਤਿਆ ਕਰਨ ਉਪਰੰਤ ਖ਼ੁਦਕੁਸ਼ੀ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਬਿਲਿੰਗਜ਼, ਮੋਂਟਾਨਾ ਵਿਚ ਇਕ ਵਿਅਕਤੀ ਵੱਲੋਂ 4 ਬੱਚਿਆਂ ਸਮੇਤ 8 ਵਿਅਕਤੀਆਂ ਦੀ ਹੱਤਿਆ ਕਰਨ ਉਪਰੰਤ ਖ਼ੁਦਕੁਸ਼ੀ ਕਰ ਲਈ ਗਈ। ਦੋਸ਼ੀ ਮ੍ਰਿਤਕਾਂ ਦਾ ਰਿਸ਼ਤੇਦਾਰ ਦੱਸਿਆ ਜਾਂਦਾ ਹੈ। ਗੋਲੀਬਾਰੀ ਹੋਣ ਉਪਰੰਤ ਘਰ ਨੂੰ ਅੱਗ ਲੱਗ ਗਈ। ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ, ਤਾਂ ਉਸ ਸਮੇਂ ਤੱਕ ਘਰ ਪੂਰੀ ਤਰ੍ਹਾਂ ਅੱਗ ਵਿਚ ਘਿਰ ਚੁੱਕਾ ਸੀ। ਮ੍ਰਿਤਕਾਂ ਵਿਚ ਪੜਦਾਦੀ ਤੋਂ ਲੈ ਕੇ 7 ਸਾਲ ਦੀ ਬੱਚੀ ਤੱਕ ਸ਼ਾਮਲ ਹਨ। ਬਿਲਿੰਗਜ਼ ਪੁਲਿਸ ਵਿਭਾਗ ਦੇ ਸਹਾਇਕ ਪੁਲਿਸ ਮੁਖੀ ਸ਼ੌਨ ਮਾਇਓ ਨੇ ਕਿਹਾ ਕਿ ਅਧਿਕਾਰੀ ਸੂਚਨਾ ਮਿਲਣ ਤੋਂ 11 ਮਿੰਟ ਬਾਅਦ ਮੌਕੇ 'ਤੇ ਪਹੁੰਚੇ। ਉਨ੍ਹਾਂ ਨੇ ਵਿਹੜੇ ਵਿਚ ਇੱਕ ਪੁਰਸ਼ ਨੂੰ ਦੇਖਿਆ ਅਤੇ ਉਸ ਨੂੰ ਹਿਰਾਸਤ ਵਿਚ ਲੈ ਲਿਆ। ਉਸ ਨੂੰ ਗੋਲੀ ਵੱਜੀ ਹੋਈ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ। ਪੁਲਿਸ ਅਨੁਸਾਰ ਸੰਭਾਵੀ ਤੌਰ 'ਤੇ ਉਸ ਨੇ ਹੱਤਿਆਵਾਂ ਕਰਨ ਉਪਰੰਤ ਖੁਦ ਨੂੰ ਵੀ ਗੋਲੀ ਮਾਰ ਲਈ। ਮਾਮਲਾ ਅਜੇ ਜਾਂਚ ਅਧੀਨ ਹੈ। ਯੈਲੋਸਟੋਨ ਕਾਉਂਟੀ ਸ਼ੈਰਿਫ਼ ਕੈਂਟ ਓ'ਡੋਨੇਲ ਨੇ ਕਿਹਾ ਕਿ ਕਈ ਬਾਲਗ ਅਤੇ ਕਈ ਬੱਚੇ ਮਾਰੇ ਗਏ ਹਨ। ਅਧਿਕਾਰੀਆਂ ਨੇ ਕਿਹਾ ਕਿ ਉਹ ਅਜੇ ਤੱਕ ਪੀੜਤਾਂ ਦੀ ਗਿਣਤੀ, ਉਨ੍ਹਾਂ ਦੀ ਉਮਰ, ਜਾਂ ਇੱਕ ਦੂਜੇ ਨਾਲ ਸਬੰਧਾਂ ਬਾਰੇ ਜਾਣਕਾਰੀ ਜਾਰੀ ਨਹੀਂ ਕਰ ਰਹੇ ਹਨ। ਜਾਂਚ ਮੁਕੰਮਲ ਹੋਣ ਉਪਰੰਤ ਹੀ ਹੋਰ ਜਾਣਕਾਰੀ ਦਿੱਤੀ ਜਾਵੇਗੀ।

# ਐੱਫ਼-1 ਵਿਦਿਆਰਥੀਆਂ ਦੀਆਂ ਸੀ.ਪੀ.ਟੀ. ਇੰਟਰਨਸ਼ਿਪਾਂ 'ਤੇ ਨਵੀਂ ਸਖਤੀ

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਨੇ ਅਮਰੀਕੀ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਵਿਦੇਸ਼ੀ ਵਿਦਿਆਰਥੀਆਂ ਲਈ ਸੀ.ਪੀ.ਟੀ. ਇੰਟਰਨਸ਼ਿਪਾਂ ਦੀ ਮਨਜ਼ੂਰੀ ਦਿੰਦਿਆਂ ਇਮੀਗ੍ਰੇਸ਼ਨ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਸੀ.ਪੀ.ਟੀ., ਅਰਥਾਤ ਕਰੀਕੁਲਰ ਪ੍ਰੈਕਟੀਕਲ ਟ੍ਰੇਨਿੰਗ, ਐੱਫ਼-1 ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਨਾਲ ਸਿੱਧੇ ਤੌਰ 'ਤੇ ਜੁੜੀ ਨੌਕਰੀ, ਇੰਟਰਨਸ਼ਿਪ ਜਾਂ ਵਿਹਾਰਕ ਸਿਖਲਾਈ ਕਰਨ ਦੀ ਆਗਿਆ ਦਿੰਦੀ ਹੈ।

24 ਅਗਸਤ ਨੂੰ ਜਾਰੀ ਸਰਕਾਰੀ ਨਿਰਦੇਸ਼ 'ਚ ਕਿਹਾ ਗਿਆ ਹੈ ਕਿ ਸੀ.ਪੀ.ਟੀ. ਦੀ ਮਨਜ਼ੂਰੀ ਕੇਵਲ ਉਦੋਂ ਦਿੱਤੀ ਜਾਵੇ, ਜਦੋਂ ਸਿਖਲਾਈ ਵਿਦਿਆਰਥੀ ਦੇ ਸਥਾਪਤ ਪਾਠਕ੍ਰਮ ਦਾ ਅਟੁੱਟ ਹਿੱਸਾ ਹੋਵੇ। ਸਿਰਫ਼ ਰੁਜ਼ਗਾਰ ਪ੍ਰਾਪਤ ਕਰਨ ਜਾਂ ਪੜ੍ਹਾਈ ਨਾਲ ਸਪਸ਼ਟ ਸਬੰਧ ਨਾ ਰੱਖਣ ਵਾਲੀ ਨੌਕਰੀ ਲਈ ਸੀ.ਪੀ.ਟੀ. ਦੀ ਵਰਤੋਂ ਨਿਯਮਾਂ ਦੀ ਉਲੰਘਣਾ ਮੰਨੀ ਜਾ ਸਕਦੀ ਹੈ।

ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਅਧੀਨ ਚੱਲਦੇ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਟਰ ਪ੍ਰੋਗਰਾਮ ਨੇ ਚਿਤਾਵਨੀ ਦਿੱਤੀ ਹੈ ਕਿ ਉਲੰਘਣਾ ਕਰਨ ਵਾਲੀਆਂ ਸੰਸਥਾਵਾਂ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖ਼ਲਾ ਦੇਣ ਦੀ ਸਰਕਾਰੀ ਮਾਨਤਾ ਗੁਆ ਸਕਦੀਆਂ ਹਨ। ਇਸ ਨਿਰਦੇਸ਼ ਮਗਰੋਂ ਯੂ.ਸੀ.ਐੱਲ.ਏ. ਅਤੇ ਯੂ.ਸੀ. ਬਰਕਲੀ ਸਮੇਤ ਕੁਝ ਯੂਨੀਵਰਸਿਟੀਆਂ ਨੇ ਸੀ.ਪੀ.ਟੀ. ਦੀਆਂ ਕੁਝ ਅਰਜ਼ੀਆਂ ਅਸਥਾਈ ਤੌਰ 'ਤੇ ਰੋਕ ਦਿੱਤੀਆਂ ਹਨ।

ਹਾਲਾਂਕਿ ਜਿਹੜੀ ਵਿਹਾਰਕ ਸਿਖਲਾਈ ਡਿਗਰੀ ਪੂਰੀ ਕਰਨ ਲਈ ਲਾਜ਼ਮੀ ਹੈ, ਉਸ ਨਾਲ ਸਬੰਧਤ ਅਰਜ਼ੀਆਂ ਦੀ ਕਾਰਵਾਈ ਜਾਰੀ ਰਹਿ ਸਕਦੀ ਹੈ। ਡਾਕਟਰੇਟ ਖੋਜ ਜਾਂ ਮਾਸਟਰ ਡਿਗਰੀ ਦੀ ਥੀਸਿਸ ਨਾਲ ਸਿੱਧੇ ਤੌਰ 'ਤੇ ਜੁੜੀਆਂ ਕੁਝ ਸੀ.ਪੀ.ਟੀ. ਅਰਜ਼ੀਆਂ ਵੀ ਮਨਜ਼ੂਰ ਕੀਤੀਆਂ ਜਾ ਸਕਦੀਆਂ ਹਨ।

ਸਰਕਾਰ ਦਾ ਕਹਿਣਾ ਹੈ ਕਿ ਸੀ.ਪੀ.ਟੀ. ਨਾਲ ਸਬੰਧਤ ਮੂਲ ਕਾਨੂੰਨ ਨਹੀਂ ਬਦਲਿਆ, ਸਗੋਂ ਪਹਿਲਾਂ ਤੋਂ ਮੌਜੂਦ ਨਿਯਮਾਂ ਦੀ ਪਾਲਣਾ ਸਖ਼ਤ ਕੀਤੀ ਜਾ ਰਹੀ ਹੈ। ਇਸ ਲਈ ਹਰ ਐੱਫ਼-1 ਵਿਦਿਆਰਥੀ ਨੂੰ ਇੰਟਰਨਸ਼ਿਪ ਸ਼ੁਰੂ ਕਰਨ ਤੋਂ ਪਹਿਲਾਂ ਆਪਣੀ ਯੂਨੀਵਰਸਿਟੀ ਦੇ ਅਧਿਕਾਰਤ ਅੰਤਰਰਾਸ਼ਟਰੀ ਵਿਦਿਆਰਥੀ ਸਲਾਹਕਾਰ ਤੋਂ ਲਿਖਤੀ ਮਨਜ਼ੂਰੀ ਲੈਣੀ ਚਾਹੀਦੀ ਹੈ। ਬਿਨਾਂ ਅਧਿਕਾਰ ਕੰਮ ਕਰਨ ਨਾਲ ਵਿਦਿਆਰਥੀ ਦਾ ਕਾਨੂੰਨੀ ਦਰਜਾ ਪ੍ਰਭਾਵਿਤ ਹੋ ਸਕਦਾ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਨੇਵਾਡਾ ’ਚ ਲੱਗੀ ਭਿਆਨਕ ਅੱਗ ’ਚ ਹਜ਼ਾਰਾਂ ਏਕੜ ਜੰਗਲ ਸੜਿਆ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਸ਼ਨੀਵਾਰ ਦੇਰ ਰਾਤ ਨੇਵਾਡਾ ਦੀ ਪਹਾੜੀ ਤੋਂ ਅੱਗ ਦੀਆਂ ਲਪਟਾਂ ਤੇਜ਼ੀ ਨਾਲ ਵਧਦੀਆਂ ਦੇਖੀਆਂ ਗਈਆਂ, ਜੋ ਛੇਤੀ ਹੀ ਇੱਕ ਵਿਨਾਸ਼ਕਾਰੀ ਅੱਗ ਵਿਚ ਬਦਲ ਗਈਆਂ, ਜਿਸ ਨੇ ਹਜ਼ਾਰਾਂ ਏਕੜ ਜੰਗਲ ਨੂੰ ਸਾੜ ਦਿੱਤਾ ਹੈ ਅਤੇ ਦੱਖਣ-ਪੱਛਮ ਦੇ ਸਾਰੇ ਕਸਬਿਆਂ ਨੂੰ ਖਾਲੀ ਕਰਨ ਲਈ ਮਜਬੂਰ ਕੀਤਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉੱਤਰੀ-ਪੱਛਮੀ ਰੇਨੋ ਵਿਚ ਬੇਕਾਬੂ ਅੱਗ ਮਨੁੱਖੀ ਗਲਤੀ ਦਾ ਸਿੱਟਾ ਹੈ ਤੇ 90,000 ਨਿਵਾਸੀਆਂ ਨੂੰ ਇਲਾਕਾ ਖਾਲੀ ਕਰਨ ਲਈ ਕਿਹਾ ਗਿਆ ਹੈ। ਹਜ਼ਾਰਾਂ ਨਿਵਾਸੀ ਪਹਿਲਾਂ ਹੀ ਆਪਣੇ ਘਰ-ਬਾਰ ਛੱਡਣ ਲਈ ਮਜਬੂਰ ਹੋ ਗਏ ਹਨ। ਅੱਗ ਬੁਝਾਊ ਅਧਿਕਾਰੀਆਂ ਅਨੁਸਾਰ, ਐਤਵਾਰ ਤੱਕ ਅੱਗ ਲਗਭਗ 13,000 ਏਕੜ ਤੱਕ ਫੈਲ ਗਈ। ਟਰੱਕੀ ਮੀਡੋਜ ਫਾਇਰ ਪ੍ਰੋਟੈਕਸ਼ਨ ਡਿਸਟ੍ਰਿਕਟ ਦੇ 3 ਯੂਨੀਫਾਈਡ ਘਟਨਾ ਕਮਾਂਡਰਾਂ ਵਿਚੋਂ ਇਕ ਸ਼ੇਨ ਐਕਰਸਨ ਨੇ ਕਿਹਾ ਕਿ ਅੱਗ ਲੱਗਣ ਨਾਲ ਕਿੰਨੀਆਂ ਇਮਾਰਤਾਂ ਨੁਕਸਾਨੀਆਂ ਗਈਆਂ ਹਨ, ਇਹ ਨਿਰਧਾਰਤ ਕਰਨ ਲਈ ਮੁਲਾਂਕਣ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਲਾਕੇ ਵਿਚ ਬਿਜਲੀ ਦੀ ਸਪਲਾਈ ਠੱਪ ਹੈ। ਅਜੇ ਤੱਕ ਅੱਗ ’ਤੇ ਮੁਕੰਮਲ ਕਾਬੂ ਨਹੀਂ ਪਾਇਆ ਜਾ ਸਕਿਆ ਤੇ ਅੱਗ ਨਵੇਂ ਇਲਾਕਿਆਂ ’ਚ ਫੈਲਦੀ ਹੋਈ ਨਜ਼ਰ ਆ ਰਹੀ ਹੈ। ਉੱਤਰ-ਪੱਛਮੀ ਰੇਨੋ ਵਿਚ ਇੱਕ ਪਹਾੜੀ ਦੇ ਹੇਠਾਂ ਅੱਗ ਫੈਲ ਰਹੀ ਹੈ। ਰੇਨੋ ਦੀ ਮੇਅਰ ਹਿਲੇਰੀ ਸ਼ੀਵ ਨੇ ਐਕਸ ’ਤੇ ਪੋਸਟ ਕੀਤੇ ਗਏ ਇੱਕ ਸੰਦੇਸ਼ ਵਿਚ ਕਿਹਾ ਕਿ ਇਸ ਅੱਗ ਵਿਚ ਇਮਾਰਤਾਂ ਪਹਿਲਾਂ ਹੀ ਸੜ ਚੁੱਕੀਆਂ ਹਨ ਪਰੰਤੂ ਤੁਹਾਡੀ ਜ਼ਿੰਦਗੀ ਇੱਕ ਇਮਾਰਤ ਨਾਲੋਂ ਵੱਧ ਮਹੱਤਵਪੂਰਨ ਹੈ। ਨੇਵਾਡਾ ਦੇ ਗਵਰਨਰ ਜੋਅ ਲੋਂਬਾਰਡੋ ਨੇ ਵਾਸ਼ੋ ਕਾਉਂਟੀ ਵਿਚ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕਰ ਦਿੱਤਾ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਸਥਿਤੀ ’ਤੇ ਨਜ਼ਰ ਰੱਖ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਤਾਹੋ ਖੇਤਰ ਅਤੇ ਨੇਵਾਡਾ ਵਿਚ ਸਥਿਤੀ ’ਤੇ ਨੇੜਿਓਂ ਨਜ਼ਰ ਰੱਖ ਰਹੇ ਹਾਂ, ਰਾਜ ਅਤੇ ਸਥਾਨਕ ਭਾਈਵਾਲਾਂ ਨੂੰ ਤਾਇਨਾਤ ਕੀਤਾ ਗਿਆ ਹੈ ਅਤੇ ਜ਼ਮੀਨ ਅਤੇ ਹਵਾ ਵਿਚ ਤਾਲਮੇਲ ਕੀਤਾ ਜਾ ਰਿਹਾ ਹੈ। ਅਧਿਕਾਰੀਆਂ ਅਨੁਸਾਰ ਲਗਭਗ 800 ਫਾਇਰਫਾਈਟਰ ਅੱਗ ’ਤੇ ਕਾਬੂ ਪਾਉਣ ਵਿਚ ਲੱਗੇ ਹੋਏ ਹਨ, ਪਰ ਤੇਜ਼ ਹਵਾਵਾਂ ਕਾਰਨ ਅੱਗ ਉਪਰ ਕਾਬੂ ਪਾਉਣ ’ਚ ਮੁਸ਼ਕਿਲਾਂ ਆ ਰਹੀਆਂ ਹਨ।



*ਨੇਵਾਡਾ ਦੇ ਜੰਗਲ ’ਚ ਲੱਗ ਅੱਗ ਦਾ ਇਕ ਦ੍ਰਿਸ਼।*

## ਈਰਾਨ ਨਾਲ ਵਪਾਰ ਕਾਰਨ ਅਮਰੀਕਾ ਵੱਲੋਂ 4 ਭਾਰਤੀ ਫਰਮਾਂ ’ਤੇ ਪਾਬੰਦੀਆਂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਨੇ ਈਰਾਨੀ ਪੈਟਰੋਲੀਅਮ ਅਤੇ ਪੈਟਰੋ ਕੈਮੀਕਲ ਉਤਪਾਦਾਂ ਨਾਲ ਸਬੰਧਤ ਸੌਦਿਆਂ ਨੂੰ ਲੈ ਕੇ ਚਾਰ ਭਾਰਤ-ਆਧਾਰਿਤ ਕੰਪਨੀਆਂ ਅਤੇ ਤਿੰਨ ਭਾਰਤੀਆਂ ’ਤੇ ਪਾਬੰਦੀਆਂ ਲਗਾਈਆਂ ਹਨ। ਵਿਦੇਸ਼ ਵਿਭਾਗ ਨੇ ਆਪਣੀ ਪਾਬੰਦੀਆਂ ਵਾਲੀ ਸੂਚੀ ਵਿਚ ਕਸਟਮ ਬ੍ਰੋਕਰ ਪੋਰਟੀਜ਼ ਪਾਰਟਨਰਜ਼ ਅਤੇ ਭਾਰਤੀ ਨਾਗਰਿਕ ਇੰਦਰਿਸਮੀਆ ਅਸ਼ਰਫਮੀਆ ਸ਼ੇਖ ਅਤੇ ਹਰੀਸ਼ ਰਾਮਚੰਦਰ ਰੰਗੀ ਨੂੰ ਸ਼ਾਮਲ ਕੀਤਾ ਹੈ। ਵਾਸ਼ਿੰਗਟਨ ਨੇ ਪੋਰਟੀਜ਼ ਪਾਰਟਨਰਜ਼ ’ਤੇ ਭਾਰਤ ਨੂੰ ਈਰਾਨੀ ਪੈਟਰੋ ਕੈਮੀਕਲ ਉਤਪਾਦਾਂ ਦੀਆਂ ਕਈ ਖੇਪਾਂ ਦੀ ਸਹੂਲਤ ਦੇਣ ਦਾ ਦੋਸ਼ ਲਗਾਇਆ। ਜਿਨ੍ਹਾਂ ਫਰਮਾਂ ’ਤੇ ਪਾਬੰਦੀਆਂ ਲਗਾਈਆਂ ਗਈਆਂ ਹਨ, ਉਨ੍ਹਾਂ ਵਿਚ ਸਦਾਸ਼ਿਵ ਓਵਰਸੀਜ਼ ਲਿਮਟਿਡ, ਪੀਪੀ ਸਾਫਟਟੈਕ ਪ੍ਰਾਈਵੇਟ ਲਿਮਟਿਡ ਅਤੇ ਪ੍ਰਕਰੂਟੀਜ਼ ਇਨਫਰਾ ਇੰਪੈਕਸ ਇੰਡੀਆ ਪ੍ਰਾਈਵੇਟ ਲਿਮਟਿਡ ਵੀ ਸ਼ਾਮਲ ਹਨ। ਪੀਪੀ ਸਾਫਟਟੈਕ ਦੇ ਡਾਇਰੈਕਟਰ ਪ੍ਰਸ਼ਾਂਤ ਗਰਗ ਉਪਰ ਵੀ ਪਾਬੰਦੀਆਂ ਲਗਾਈਆਂ ਗਈਆਂ ਹਨ। ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਸਦਾਸ਼ਿਵ ਓਵਰਸੀਜ਼ ਨੇ ਫਰਵਰੀ 2024 ਅਤੇ ਜੂਨ 2025 ਦੇ ਵਿਚਕਾਰ ਲਗਭਗ 6.90 ਕਰੋੜ ਦੇ ਈਰਾਨੀ ਪੈਟਰੋਲੀਅਮ ਉਤਪਾਦ ਆਯਾਤ ਕੀਤੇ। ਪੀਪੀ ਸਾਫਟਟੈਕ ’ਤੇ ਜਨਵਰੀ 2024 ਅਤੇ ਜੂਨ 2025 ਦੇ ਵਿਚਕਾਰ ਈਰਾਨ ਤੋਂ ਲਗਭਗ 2.50 ਕਰੋੜ ਦੇ ਆਯਾਤ ਕਰਨ ਦਾ ਦੋਸ਼ ਲਾਇਆ ਹੈ, ਜਦੋਂ ਕਿ ਪ੍ਰਾਕ੍ਰਿਤੀਸ ਇਨਫਰਾ ਇੰਪੈਕਸ ਮਈ 2023 ਅਤੇ ਫਰਵਰੀ 2026 ਦੇ ਵਿਚਕਾਰ ਲਗਭਗ 2.50 ਕਰੋੜ ਦੇ ਆਯਾਤ ਨਾਲ ਜੁੜਿਆ ਹੋਇਆ ਹੈ।

## ਅਮਰੀਕੀ ਨਾਗਰਿਕਤਾ ਰੱਦ ਕਰਵਾਉਣ ਵਾਲੇ ਮੁਕੱਦਮਿਆਂ ’ਚ ਰਿਕਾਰਡ ਵਾਧਾ

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਦੇ ਦੂਜੇ ਕਾਰਜਕਾਲ ਦੌਰਾਨ ਪਹਿਲਾਂ ਹੀ ਅਮਰੀਕੀ ਨਾਗਰਿਕਤਾ ਪ੍ਰਾਪਤ ਕਰ ਚੁੱਕੇ ਪਰਵਾਸੀਆਂ ਵਿਰੁੱਧ ਨਾਗਰਿਕਤਾ ਰੱਦ ਕਰਵਾਉਣ ਵਾਲੇ ਮੁਕੱਦਮਿਆਂ ਵਿਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ। ਸੰਘੀ ਅਦਾਲਤੀ ਰਿਕਾਰਡਾਂ ਦਾ ਅਧਿਐਨ ਕਰਨ ਵਾਲੀ ਸੰਸਥਾ ਟ੍ਰੈਕ ਅਨੁਸਾਰ ਨਿਆਂ ਵਿਭਾਗ ਨੇ ਜੁਲਾਈ 2026 ਵਿਚ ਘੱਟੋ-ਘੱਟ 50 ਅਜਿਹੇ ਸਿਵਲ ਮੁਕੱਦਮੇ ਦਾਇਰ ਕੀਤੇ। ਹਾਲੀਆ ਸਮੇਂ ਵਿਚ ਇਹ ਇੱਕ ਮਹੀਨੇ ਦੀ ਸਭ ਤੋਂ ਵੱਡੀ ਗਿਣਤੀ ਦੱਸੀ ਗਈ ਹੈ।

ਇਸਦੇ ਮੁਕਾਬਲੇ ਜੂਨ ਵਿਚ 18 ਕੇਸ ਦਾਇਰ ਹੋਏ ਸਨ, ਜਦਕਿ ਪੂਰੇ 2025 ਦੌਰਾਨ ਸਿਰਫ਼ ਅੱਠ ਮਾਮਲੇ ਸਾਹਮਣੇ ਆਏ ਸਨ। ਜਨਵਰੀ 2026 ਤੋਂ ਹੁਣ ਤੱਕ ਦੇਸ਼ ਭਰ ਵਿਚ ਨਾਗਰਿਕਤਾ ਰੱਦ ਕਰਵਾਉਣ ਵਾਲੇ 100 ਤੋਂ ਵੱਧ ਮੁਕੱਦਮੇ ਦਾਇਰ ਹੋਣ ਦੀ ਜਾਣਕਾਰੀ ਹੈ। ਜੁਲਾਈ ਵਿਚ 23 ਰਾਜਾਂ ਵਿਚ ਕੇਸ ਦਰਜ ਕੀਤੇ ਗਏ। ਫਲੋਰੀਡਾ ਵਿਚ ਸਭ ਤੋਂ ਵੱਧ ਨੌਂ, ਟੈਕਸਾਸ ਵਿਚ ਸੱਤ, ਮੈਰੀਲੈਂਡ ਵਿਚ ਛੇ ਅਤੇ ਕੈਲੀਫ਼ੋਰਨੀਆ ਵਿਚ ਦੋ ਮਾਮਲੇ ਸਾਹਮਣੇ ਆਏ।

ਅਮਰੀਕੀ ਕਾਨੂੰਨ ਅਧੀਨ ਸਰਕਾਰ ਆਮ ਤੌਰ ’ਤੇ ਉਸ ਵੇਲੇ ਨਾਗਰਿਕਤਾ ਰੱਦ ਕਰਨ ਦੀ ਮੰਗ ਕਰ ਸਕਦੀ ਹੈ, ਜਦੋਂ ਉਸਦਾ ਦਾਅਵਾ ਹੋਵੇ ਕਿ ਕਿਸੇ ਵਿਅਕਤੀ ਨੇ ਨਾਗਰਿਕਤਾ ਦੀ ਅਰਜ਼ੀ ਦੌਰਾਨ ਧੋਖਾਧੜੀ ਕੀਤੀ, ਕੋਈ ਮਹੱਤਵਪੂਰਨ ਜਾਣਕਾਰੀ ਲੁਕਾਈ ਜਾਂ ਉਹ ਕਾਨੂੰਨੀ ਤੌਰ ’ਤੇ ਨਾਗਰਿਕਤਾ ਲਈ ਯੋਗ ਨਹੀਂ ਸੀ। ਕੁਝ ਕੇਸ ਗੰਭੀਰ ਅਪਰਾਧਾਂ ਜਾਂ ਅਰਜ਼ੀ ਵਿਚ ਪਿਛਲੇ ਵਿਹਾਰ ਦੀ ਜਾਣਕਾਰੀ ਨਾ ਦੇਣ ਦੇ ਦੋਸ਼ਾਂ ਨਾਲ ਸਬੰਧਤ ਹਨ।

ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਮੁਕੱਦਮਾ ਦਾਇਰ ਹੋਣ ਨਾਲ ਕਿਸੇ ਵਿਅਕਤੀ ਦੀ ਅਮਰੀਕੀ ਨਾਗਰਿਕਤਾ ਆਪਣੇ ਆਪ ਖ਼ਤਮ ਨਹੀਂ ਹੁੰਦੀ। ਸਰਕਾਰ ਨੂੰ ਸੰਘੀ ਅਦਾਲਤ ਵਿਚ ਆਪਣਾ ਦਾਅਵਾ ਸਾਬਤ ਕਰਨਾ ਪੈਂਦਾ ਹੈ ਅਤੇ ਪ੍ਰਭਾਵਿਤ ਵਿਅਕਤੀ ਨੂੰ ਵਕੀਲ ਰੱਖਣ, ਜਵਾਬ ਦਾਖ਼ਲ ਕਰਨ ਅਤੇ ਸਰਕਾਰ ਦੇ ਸਬੂਤਾਂ ਨੂੰ ਚੁਣੌਤੀ ਦੇਣ ਦਾ ਅਧਿਕਾਰ ਹੁੰਦਾ ਹੈ। ਅੰਤਿਮ ਫ਼ੈਸਲਾ ਜੱਜ ਕਰਦਾ ਹੈ।

ਨੈਚੁਰਲਾਈਜ਼ਡ ਨਾਗਰਿਕਾਂ ਨੂੰ ਪੁਰਾਣੀਆਂ ਅਰਜ਼ੀਆਂ ਜਾਂ ਇੰਟਰਵਿਊਆਂ ਬਾਰੇ ਸਰਕਾਰੀ ਪੱਤਰ ਮਿਲਣ ਉੱਤੇ ਉਸਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

Global Allianz
ਕਾਨੂੰਨੀ ਸਲਾਹਾਂ
LAW FIRM LLP
ਇਮੀਗਰੇਸ਼ਨ ਸੇਵਾਵਾਂ
ਘਰੇਲੂ ਹਿੰਸਾ ਦੇ ਕੇਸ
ਨਸ਼ਾ ਕਰਕੇ ਗੱਡੀ ਚਲਾਉਣਾ
ਕੰਮ ’ਤੇ ਸੱਟ ਲਗਣਾ
Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਹੈਤੀ ਵੱਲ ਅਮਰੀਕਾ ਦੀਆਂ ਡਿਪੋਰਟੇਸ਼ਨ ਉਡਾਣਾਂ ਮੁੜ ਸ਼ੁਰੂ

ਵਾਸ਼ਿੰਗਟਨ/ਪੋਰਟ-ਓ-ਪ੍ਰਿੰਸ, (ਪੰਜਾਬ ਮੇਲ)- ਹੈਤੀ ਦੇ ਨਾਗਰਿਕਾਂ ਲਈ ਟੈਂਪਰੇਰੀ ਪ੍ਰੋਟੈਕਟਿਡ ਸਟੇਟਸ (ਟੀ.ਪੀ.ਐੱਸ.) ਨਾਲ ਜੁੜੀ ਕਾਨੂੰਨੀ ਲੜਾਈ ਵਿਚ ਟਰੰਪ ਪ੍ਰਸ਼ਾਸਨ ਨੂੰ ਰਾਹਤ ਮਿਲਣ ਤੋਂ ਬਾਅਦ ਅਮਰੀਕਾ ਤੋਂ ਹੈਤੀ ਲਈ ਡਿਪੋਰਟੇਸ਼ਨ ਉਡਾਣਾਂ ਮੁੜ ਸ਼ੁਰੂ ਹੋ ਗਈਆਂ ਹਨ। ਰਾਇਟਰਜ਼ ਦੀ ਰਿਪੋਰਟ ਮੁਤਾਬਕ ਹੈਤੀ ਨੂੰ ਪਹਿਲੀ ਅਮਰੀਕੀ ਡਿਪੋਰਟੇਸ਼ਨ ਉਡਾਣ ਮਿਲਣ ਤੋਂ ਕੁਝ ਦਿਨ ਬਾਅਦ ਵੀਰਵਾਰ, 27 ਅਗਸਤ ਨੂੰ ਇੱਕ ਹੋਰ ਉਡਾਣ ਪਹੁੰਚੀ, ਜਿਸ ਵਿਚ ਅਮਰੀਕਾ ਅਤੇ ਬਹਾਮਾਸ ਤੋਂ ਵਾਪਸ ਭੇਜੇ ਗਏ ਲੋਕ ਸ਼ਾਮਲ ਸਨ।

ਇਹ ਵਿਕਾਸ ਇਸ ਲਈ ਖਾਸ ਮਹੱਤਵ ਰੱਖਦਾ ਹੈ ਕਿਉਂਕਿ ਯੂ.ਐੱਸ. ਸੁਪਰੀਮ ਕੋਰਟ ਹਾਲੀਆ ਫ਼ੈਸਲੇ ਨੇ ਟਰੰਪ ਪ੍ਰਸ਼ਾਸਨ ਨੂੰ ਲਗਭਗ 3.5 ਲੱਖ ਹੈਤੀ ਨਾਗਰਿਕਾਂ ਦੀ ਟੀ.ਪੀ.ਐੱਸ. ਸੁਰੱਖਿਆ ਖਤਮ ਕਰਨ ਵੱਲ ਅੱਗੇ ਵਧਣ ਦੀ ਇਜਾਜ਼ਤ ਦਿੱਤੀ ਸੀ। ਟੀ.ਪੀ.ਐੱਸ. ਖਤਮ ਹੋਣ ਦਾ

**ਟੀ.ਪੀ.ਐੱਸ. ਖ਼ਤਮ ਹੋਣ ਮਗਰੋਂ ਵਧੀ ਚਿੰਤਾ**

ਮਤਲਬ ਇਹ ਨਹੀਂ ਕਿ ਹਰ ਹੈਤੀ ਨਾਗਰਿਕ ਨੂੰ ਤੁਰੰਤ ਡਿਪੋਰਟ ਕਰ ਦਿੱਤਾ ਜਾਵੇਗਾ — ਕਿਸੇ ਵਿਅਕਤੀ ਕੋਲ ਅਸਾਇਲਮ, ਗਰੀਨ ਕਾਰਡ ਐਪਲੀਕੇਸ਼ਨ ਜਾਂ ਕੋਈ ਹੋਰ ਵੈਧ ਇਮੀਗ੍ਰੇਸ਼ਨ ਸਟੇਟਸ ਜਾਂ ਕਾਨੂੰਨੀ ਰਾਹ ਹੋ ਸਕਦਾ ਹੈ। ਪਰ ਜਿਨ੍ਹਾਂ ਕੋਲ ਕੋਈ ਹੋਰ ਕਾਨੂੰਨੀ ਸੁਰੱਖਿਆ ਨਹੀਂ ਹੈ, ਉਨ੍ਹਾਂ ਲਈ ਰਿਮੂਵਲ ਦਾ ਖ਼ਤਰਾ ਵਧ ਸਕਦਾ ਹੈ। ਜੂਨ ਵਿਚ ਡੀ.ਐੱਚ.ਐੱਸ. ਸੈਕਟਰੀ ਨੇ ਵੀ ਟੀ.ਪੀ.ਐੱਸ. ਵਾਲੇ ਲੋਕਾਂ ਨੂੰ ਹੋਰ ਸਥਾਈ ਇਮੀਗ੍ਰੇਸ਼ਨ ਸਟੇਟਸ ਹਾਸਲ ਕਰਨ ਜਾਂ ਦੇਸ਼ ਛੱਡਣ ਬਾਰੇ ਕਿਹਾ ਸੀ।

ਇਸੇ ਦੌਰਾਨ ਸੰਯੁਕਤ ਰਾਸ਼ਟਰ ਨੇ 28 ਅਗਸਤ ਨੂੰ ਦੱਸਿਆ ਕਿ 2026 ਦੇ ਪਹਿਲੇ ਅੱਠ ਮਹੀਨਿਆਂ 'ਚ ਵੱਖ-ਵੱਖ ਦੇਸ਼ਾਂ ਤੋਂ ਲਗਭਗ 2 ਲੱਖ ਲੋਕ ਜ਼ਬਰਦਸਤੀ ਹੈਤੀ ਵਾਪਸ ਭੇਜੇ ਗਏ ਹਨ, ਜੋ ਪਿਛਲੇ ਸਾਲ ਦੀ ਇਸੇ ਮਿਆਦ ਨਾਲੋਂ ਘੱਟੋ-ਘੱਟ 20,000 ਵੱਧ ਹਨ। ਇਹ ਸਾਰੇ ਲੋਕ ਅਮਰੀਕਾ ਤੋਂ ਡਿਪੋਰਟ ਨਹੀਂ ਹੋਏ, ਇਹ ਅੰਕੜਾ ਵੱਖ-ਵੱਖ ਦੇਸ਼ਾਂ ਤੋਂ ਹੋਈਆਂ ਜਬਰੀ ਵਾਪਸੀ ਦਾ ਹੈ।

ਇਹ ਡਿਪੋਰਟੇਸ਼ਨ ਉਸ ਸਮੇਂ ਹੋ ਰਹੀਆਂ ਹਨ, ਜਦੋਂ ਹੈਤੀ ਗੰਭੀਰ ਗੈਂਗ ਹਿੰਸਾ ਅਤੇ ਸੁਰੱਖਿਆ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਰਾਇਟਰਜ਼ ਮੁਤਾਬਕ 2022 ਤੋਂ ਚੱਲ ਰਹੀ ਹਿੰਸਾ ਵਿਚ 21,000 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ।

ਹੈਤੀ ਟੀ.ਪੀ.ਐੱਸ. ਮਾਮਲਾ ਦੂਜੇ ਦੇਸ਼ਾਂ ਦੇ ਟੀ.ਪੀ.ਐੱਸ. ਧਾਰਕਾਂ ਲਈ ਵੀ ਮਹੱਤਵਪੂਰਨ ਹੈ, ਕਿਉਂਕਿ ਇਹ ਦਰਸਾਉਂਦਾ ਹੈ ਕਿ ਟੀ.ਪੀ.ਐੱਸ. ਸੁਰੱਖਿਆ ਖਤਮ ਹੋਣ ਅਤੇ ਅਦਾਲਤੀ ਰੁਕਾਵਟ ਹਟਣ ਤੋਂ ਬਾਅਦ ਰਿਮੂਵਲ ਇਨਫੋਰਸਮੈਂਟ ਕਿੰਨੀ ਤੇਜ਼ੀ ਨਾਲ ਅੱਗੇ ਵਧ ਸਕਦੀ ਹੈ। ਪਰ "ਟੀ.ਪੀ.ਐੱਸ. ਖਤਮ = ਤੁਰੰਤ ਡਿਪੋਰਟੇਸ਼ਨ" ਕਹਿਣਾ ਕਾਨੂੰਨੀ ਤੌਰ 'ਤੇ ਸਹੀ ਨਹੀਂ ਹੈ।

## ਫੈਡਰਲ ਜੱਜ ਵੱਲੋਂ ਟਰੰਪ ਦੀ 'ਹਸ਼ ਮਨੀ' ਮਾਮਲੇ 'ਚ ਦੋਸ਼ ਸਿੱਧੀ ਰੱਦ ਕਰਵਾਉਣ ਦੀ ਕੋਸ਼ਿਸ਼ ਫਿਰ ਖਾਰਜ

ਨਿਊਯਾਰਕ, (ਪੰਜਾਬ ਮੇਲ)- ਅਮਰੀਕਾ ਦੇ ਇਕ ਸੰਘੀ ਜੱਜ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ 'ਹਸ਼ ਮਨੀ' ਮਾਮਲੇ 'ਚ ਦੋਸ਼ ਸਿੱਧੀ ਰੱਦ ਕਰਵਾਉਣ ਦੀ ਕੋਸ਼ਿਸ਼ ਨੂੰ ਫਿਰ ਖਾਰਜ ਕਰ ਦਿੱਤਾ ਹੈ। ਜੱਜ ਨੇ ਮਾਮਲੇ ਨੂੰ ਸੂਬਾ ਅਦਾਲਤ ਤੋਂ ਸੰਘੀ ਅਦਾਲਤ ਵਿਚ ਤਬਦੀਲ ਕਰਨ ਦੀ ਅਪੀਲ ਵੀ ਰੱਦ ਕਰ ਦਿੱਤੀ।

ਟਰੰਪ 'ਤੇ 2016 ਦੀਆਂ ਚੋਣਾਂ ਤੋਂ ਪਹਿਲਾਂ ਸਟਾਰਮੀ ਡੈਨੀਅਲਜ਼ ਨੂੰ ਪੈਸੇ ਦੇਣ ਅਤੇ ਕਾਰੋਬਾਰੀ ਰਿਕਾਰਡ 'ਚ ਹੇਰਾਫੇਰੀ ਦੇ ਦੋਸ਼ ਹਨ। ਜੱਜ ਐਲਵਿਨ ਕੇ. ਹੈਲਰਸਟੀਨ ਨੇ ਕਿਹਾ ਕਿ ਟਰੰਪ ਦੇ ਕਾਰਨ ਕਾਨੂੰਨੀ ਤੌਰ 'ਤੇ ਠੀਕ ਨਹੀਂ ਹਨ। ਇਹ ਤੀਜੀ ਵਾਰ ਹੈ, ਜਦੋਂ ਅਦਾਲਤ ਨੇ ਟਰੰਪ ਦੀ ਇਸ ਅਪੀਲ ਨੂੰ ਨਾਕਾਮ ਕੀਤਾ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

## ਟਰੰਪ ਦੇ 6 ਅਗਸਤ ਵਾਲੇ ਹੁਕਮ 'ਤੇ ਤੁਰੰਤ ਰੋਕ ਲਗਾਉਣ ਤੋਂ ਅਦਾਲਤ ਦਾ ਇਨਕਾਰ



ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਮੈਰੀਲੈਂਡ ਦੀ ਸੰਘੀ ਜੱਜ ਡੈਬਰਾ ਬੋਰਡਮੈਨ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ 6 ਅਗਸਤ ਨੂੰ ਜਾਰੀ ਕੀਤੇ ਗਏ ਨਵੇਂ ਹੁਕਮ 'ਤੇ ਤੁਰੰਤ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਹੈ। ਹਾਲਾਂਕਿ ਜੱਜ ਨੇ ਸਪੱਸ਼ਟ ਕੀਤਾ ਕਿ ਅਦਾਲਤ ਦਾ ਇਹ ਫ਼ੈਸਲਾ ਰਾਸ਼ਟਰਪਤੀ ਦੇ ਹੁਕਮ ਨੂੰ ਕਾਨੂੰਨੀ ਤੌਰ 'ਤੇ ਸਹੀ ਠਹਿਰਾਉਣ ਜਾਂ ਉਸਦੀ ਮਨਜ਼ੂਰੀ ਦੇਣ ਦੇ ਬਰਾਬਰ ਨਹੀਂ ਹੈ।

ਜੱਜ ਬੋਰਡਮੈਨ ਨੇ ਕਿਹਾ ਕਿ ਅਦਾਲਤ ਸਾਹਮਣੇ ਮੌਜੂਦ ਪਟੀਸ਼ਨ ਵਿਚ 6 ਅਗਸਤ ਵਾਲੇ ਨਵੇਂ ਹੁਕਮ ਨੂੰ ਰਸਮੀ ਤੌਰ 'ਤੇ ਚੁਣੌਤੀ ਹੀ ਨਹੀਂ ਦਿੱਤੀ ਗਈ ਸੀ। ਇਸ ਕਾਰਨ ਅਦਾਲਤ ਉਸ ਹੁਕਮ ਵਿਰੁੱਧ ਤੁਰੰਤ ਰਾਹਤ ਜਾਂ ਰੋਕ ਦਾ ਆਦੇਸ਼ ਜਾਰੀ ਨਹੀਂ ਕਰ ਸਕਦੀ। ਅਦਾਲਤ ਨੇ ਪਟੀਸ਼ਨਰਾਂ ਨੂੰ ਆਪਣੀ ਅਰਜ਼ੀ ਵਿਚ ਸੋਧ ਕਰਕੇ ਨਵੇਂ ਹੁਕਮ ਨੂੰ ਸ਼ਾਮਲ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

ਹੁਣ ਪਟੀਸ਼ਨਰ ਸੋਧੀ ਹੋਈ ਅਰਜ਼ੀ ਦਾਖ਼ਲ ਕਰਕੇ ਹੁਕਮ ਦੀ ਕਾਨੂੰਨੀ ਅਤੇ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦੇ ਸਕਦੇ ਹਨ। ਇਸ ਤੋਂ ਬਾਅਦ ਅਦਾਲਤ ਦੋਵਾਂ ਧਿਰਾਂ ਦੀਆਂ ਦਲੀਲਾਂ ਅਤੇ ਸਰਕਾਰ ਦੀਆਂ ਲਾਗੂਕਰਨ ਹਦਾਇਤਾਂ ਦੇ ਆਧਾਰ 'ਤੇ ਮਾਮਲੇ ਦੀ ਸੁਣਵਾਈ ਕਰੇਗੀ।

ਸਰਕਾਰ ਵੱਲੋਂ ਇਸ ਹੁਕਮ ਨੂੰ ਅਮਲ ਵਿਚ ਲਿਆਉਣ ਸਬੰਧੀ ਵਿਸਥਾਰਪੂਰਵਕ ਹਦਾਇਤਾਂ 5 ਸਤੰਬਰ ਤੱਕ ਜਾਰੀ ਹੋਣ ਦੀ ਉਮੀਦ ਹੈ। ਇਨ੍ਹਾਂ ਹਦਾਇਤਾਂ ਤੋਂ ਬਾਅਦ ਹੀ ਇਹ ਸਪੱਸ਼ਟ ਹੋਵੇਗਾ ਕਿ ਹੁਕਮ ਨੂੰ ਅਮਲੀ ਪੱਧਰ 'ਤੇ ਕਿਵੇਂ ਲਾਗੂ ਕੀਤਾ ਜਾਵੇਗਾ ਅਤੇ ਕਿਹੜੇ ਲੋਕ ਜਾਂ ਮਾਮਲੇ ਇਸਦੇ ਦਾਇਰੇ ਵਿਚ ਆਉਣਗੇ। ਇਸ ਲਈ ਅਦਾਲਤ ਵੱਲੋਂ ਤੁਰੰਤ ਰੋਕ ਨਾ ਲਗਾਉਣ ਨੂੰ ਸਰਕਾਰ ਦੀ ਅੰਤਿਮ ਕਾਨੂੰਨੀ ਜਿੱਤ ਨਹੀਂ ਮੰਨਿਆ ਜਾ ਸਕਦਾ। ਮਾਮਲੇ ਦੀ ਅਸਲ ਕਾਨੂੰਨੀ ਪਰਖ ਸੋਧੀ ਪਟੀਸ਼ਨ ਦਾਖ਼ਲ ਹੋਣ ਅਤੇ ਅਗਲੀ ਸੁਣਵਾਈ ਤੋਂ ਬਾਅਦ ਹੋਵੇਗੀ।

## ਟਰੰਪ ਸਰਕਾਰ ਵੱਲੋਂ ਸਰਹੱਦ 'ਤੇ ਸ਼ਰਨ ਪਾਬੰਦੀ ਬਹਾਲ ਕਰਨ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ

ਵਾਸ਼ਿੰਗਟਨ, (ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਨੇ ਅਮਰੀਕਾ ਦੀ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਹੈ ਕਿ ਉਹ ਮੈਕਸੀਕੋ ਨਾਲ ਲੱਗਦੀ ਦੱਖਣੀ ਸਰਹੱਦ ਰਾਹੀਂ ਅਮਰੀਕਾ ਵਿਚ ਦਾਖ਼ਲ ਹੋਣ ਵਾਲੇ ਕੁਝ ਪ੍ਰਵਾਸੀਆਂ ਨੂੰ ਸ਼ਰਨ ਲਈ ਅਰਜ਼ੀ ਦੇਣ ਤੋਂ ਰੋਕਣ ਵਾਲੀ ਨੀਤੀ ਦੇ ਮਾਮਲੇ ਦੀ ਸੁਣਵਾਈ ਕਰੇ। ਸਰਕਾਰ ਵੱਲੋਂ ਇਹ ਅਪੀਲ 24 ਅਗਸਤ ਨੂੰ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਗਈ।

ਇਹ ਮਾਮਲਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ 20 ਜਨਵਰੀ 2025 ਨੂੰ ਅਹੁਦਾ ਸੰਭਾਲਣ ਤੋਂ ਬਾਅਦ ਦੱਖਣੀ ਸਰਹੱਦ ਬਾਰੇ ਜਾਰੀ ਕੀਤੀ ਨੀਤੀ ਨਾਲ ਜੁੜਿਆ ਹੋਇਆ ਹੈ। ਟਰੰਪ ਨੇ ਉਸ ਸਮੇਂ ਸਰਹੱਦ ਦੀ ਸਥਿਤੀ ਨੂੰ ਦੇਸ਼ ਲਈ ਗੰਭੀਰ ਖ਼ਤਰਾ ਦੱਸਦਿਆਂ ਕੁਝ ਗੈਰਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਨ ਵਾਲੇ ਲੋਕਾਂ ਲਈ ਸ਼ਰਨ ਦੀ ਪ੍ਰਕਿਰਿਆ ਰੋਕਣ ਦੀ ਕੋਸ਼ਿਸ਼ ਕੀਤੀ ਸੀ।

ਇਸ ਨੀਤੀ ਨੂੰ ਪ੍ਰਵਾਸੀ ਅਧਿਕਾਰ ਸੰਸਥਾਵਾਂ ਨੇ ਅਦਾਲਤ 'ਚ ਚੁਣੌਤੀ ਦਿੱਤੀ। ਅਪ੍ਰੈਲ 2026 ਵਿਚ ਵਾਸ਼ਿੰਗਟਨ ਦੀ ਸੰਘੀ ਅਪੀਲੀ ਅਦਾਲਤ ਨੇ ਫੈਸਲਾ ਦਿੱਤਾ ਕਿ ਰਾਸ਼ਟਰਪਤੀ ਆਪਣੇ ਹੁਕਮ ਨਾਲ ਕਾਂਗਰਸ ਵੱਲੋਂ ਬਣਾਏ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਪਾਸੇ ਨਹੀਂ ਕਰ ਸਕਦਾ। ਅਦਾਲਤ ਨੇ ਕਿਹਾ ਕਿ ਇਮੀਗ੍ਰੇਸ਼ਨ ਕਾਨੂੰਨ ਅਧੀਨ ਯੋਗ ਵਿਅਕਤੀ ਨੂੰ ਸ਼ਰਨ ਲਈ ਅਰਜ਼ੀ ਦੇਣ ਅਤੇ ਤਸ਼ੱਦਦ ਜਾਂ ਜ਼ੁਲਮ ਦੇ ਖ਼ਤਰੇ ਸਬੰਧੀ ਆਪਣਾ



ਦਾਅਵਾ ਪੇਸ਼ ਕਰਨ ਦੀ ਕਾਨੂੰਨੀ ਪ੍ਰਕਿਰਿਆ ਮਿਲਣੀ ਚਾਹੀਦੀ ਹੈ।

ਹੁਣ ਟਰੰਪ ਸਰਕਾਰ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਕੋਲ ਦੇਸ਼ ਦੀ ਸੁਰੱਖਿਆ ਅਤੇ ਸਰਹੱਦ ਨੂੰ ਕਾਬੂ ਵਿਚ ਰੱਖਣ ਲਈ ਲੋਕਾਂ ਦੇ ਦਾਖ਼ਲੇ 'ਤੇ ਪਾਬੰਦੀ ਲਗਾਉਣ ਦੇ ਵੱਡੇ ਅਧਿਕਾਰ ਹਨ। ਸਰਕਾਰ ਚਾਹੁੰਦੀ ਹੈ ਕਿ ਸੁਪਰੀਮ ਕੋਰਟ ਹੇਠਲੀ ਅਦਾਲਤ ਦੇ ਫੈਸਲੇ ਦੀ ਸਮੀਖਿਆ ਕਰੇ ਅਤੇ ਇਹ ਤੈਅ ਕਰੇ ਕਿ ਰਾਸ਼ਟਰਪਤੀ ਵੱਲੋਂ ਜਾਰੀ ਕੀਤੀ ਗਈ ਸਰਹੱਦੀ ਘੋਸ਼ਣਾ ਕਾਨੂੰਨੀ ਹੈ ਜਾਂ ਨਹੀਂ।

ਇੱਥੇ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸੁਪਰੀਮ ਕੋਰਟ ਨੇ ਅਜੇ ਇਸ ਨਵੇਂ ਮਾਮਲੇ ਵਿਚ ਕੋਈ ਅੰਤਿਮ ਫੈਸਲਾ ਨਹੀਂ ਦਿੱਤਾ। ਟਰੰਪ ਸਰਕਾਰ ਨੇ ਸਿਰਫ਼ ਅਦਾਲਤ ਨੂੰ ਕੇਸ ਸੁਣਨ ਦੀ ਬੇਨਤੀ ਕੀਤੀ ਹੈ। ਜੇ ਸੁਪਰੀਮ ਕੋਰਟ ਕੇਸ ਸੁਣਨ ਲਈ ਸਹਿਮਤ ਹੁੰਦੀ ਹੈ, ਤਾਂ ਇਸ ਦਾ ਫੈਸਲਾ ਅਮਰੀਕਾ ਦੀ ਸ਼ਰਨ ਪ੍ਰਣਾਲੀ ਅਤੇ ਦੱਖਣੀ ਸਰਹੱਦ 'ਤੇ ਆਉਣ ਵਾਲੇ ਪ੍ਰਵਾਸੀਆਂ ਲਈ ਬਹੁਤ ਮਹੱਤਵਪੂਰਨ ਹੋ ਸਕਦਾ ਹੈ।

ਇਸ ਮਾਮਲੇ ਵਿਚ ਅਗਲਾ ਵੱਡਾ ਕਦਮ ਇਹ ਹੋਵੇਗਾ ਕਿ ਸੁਪਰੀਮ ਕੋਰਟ ਪਹਿਲਾਂ ਫੈਸਲਾ ਕਰੇਗੀ ਕਿ ਉਹ ਸਰਕਾਰ ਦੀ ਅਪੀਲ ਨੂੰ ਸੁਣੇ ਜਾਂ ਨਾ ਸੁਣੇ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

## ਟਰੰਪ ਸਰਕਾਰ ਦੱਖਣੀ ਸਰਹੱਦ ਦੀ ਪਨਾਹ ਨੀਤੀ ਨੂੰ ਲੈ ਕੇ ਸੁਪਰੀਮ ਕੋਰਟ ਪਹੁੰਚੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਦੱਖਣੀ ਸਰਹੱਦ ਰਾਹੀਂ ਆਉਣ ਵਾਲੇ ਪ੍ਰਵਾਸੀਆਂ ਅਤੇ ਪਨਾਹ ਮੰਗਣ ਵਾਲਿਆਂ ਨਾਲ ਜੁੜਿਆ ਇੱਕ ਅਹਿਮ ਕਾਨੂੰਨੀ ਮਾਮਲਾ ਹੁਣ ਸੁਪਰੀਮ ਕੋਰਟ ਤੱਕ ਪਹੁੰਚ ਗਿਆ ਹੈ। ਟਰੰਪ ਪ੍ਰਸ਼ਾਸਨ ਨੇ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਚੁਣੌਤੀ ਦਿੰਦਿਆਂ ਅਮਰੀਕੀ ਸੁਪਰੀਮ ਕੋਰਟ ਨੂੰ ਇਸ ਮਾਮਲੇ ਦੀ ਸੁਣਵਾਈ ਕਰਨ ਦੀ ਬੇਨਤੀ ਕੀਤੀ ਹੈ।

ਇਹ ਵਿਵਾਦ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਉਸ ਨੀਤੀ ਨਾਲ ਸਬੰਧਤ ਹੈ, ਜਿਸ ਤਹਿਤ ਦੱਖਣੀ ਸਰਹੱਦ ਤੋਂ ਖ਼ਾਸ ਕਰਕੇ ਅਧਿਕਾਰਤ ਦਾਖ਼ਲਾ ਕੇਂਦਰਾਂ ਤੋਂ ਬਾਹਰ ਅਮਰੀਕਾ ਵਿਚ ਦਾਖ਼ਲ ਹੋਣ ਵਾਲੇ ਕੁਝ ਪ੍ਰਵਾਸੀਆਂ ਲਈ ਪਨਾਹ ਮੰਗਣ ਦੇ ਮੌਕੇ ਸੀਮਤ ਕੀਤੇ ਗਏ ਸਨ। ਇਸ ਨੀਤੀ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਗਈ ਅਤੇ ਹੇਠਲੀ ਅਦਾਲਤ ਨੇ ਇਸਦੇ ਕੁਝ ਮਹੱਤਵਪੂਰਨ ਹਿੱਸਿਆਂ ਨੂੰ ਕਾਨੂੰਨ ਦੇ ਉਲਟ ਮੰਨਿਆ ਸੀ।

ਬਾਅਦ ਵਿਚ ਮਾਮਲਾ ਵਾਸ਼ਿੰਗਟਨ ਡੀ.ਸੀ. ਦੀ ਸੰਘੀ ਅਪੀਲੀ ਅਦਾਲਤ ਵਿਚ ਪਹੁੰਚਿਆ। ਅਪੀਲੀ ਅਦਾਲਤ ਨੇ 24 ਅਪ੍ਰੈਲ 2026 ਨੂੰ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਵੱਡੇ ਹਿੱਸੇ ਵਿਚ ਬਰਕਰਾਰ ਰੱਖਿਆ। ਸਰਕਾਰ ਵੱਲੋਂ ਮੁੜ ਸੁਣਵਾਈ ਦੀ ਮੰਗ ਵੀ ਕੀਤੀ ਗਈ, ਜਿਸਨੂੰ 23 ਜੁਲਾਈ 2026 ਨੂੰ ਰੱਦ ਕਰ ਦਿੱਤਾ ਗਿਆ।

ਹੁਣ ਟਰੰਪ ਪ੍ਰਸ਼ਾਸਨ ਨੇ 24 ਅਗਸਤ 2026 ਨੂੰ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਖ਼ਲ ਕਰਕੇ ਮੰਗ ਕੀਤੀ ਹੈ ਕਿ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਇਸ ਮਾਮਲੇ ਦੀ ਸੁਣਵਾਈ ਕਰੇ ਅਤੇ ਇਹ ਤੈਅ ਕਰੇ ਕਿ ਰਾਸ਼ਟਰਪਤੀ ਕੋਲ ਸਰਹੱਦ ਉੱਤੇ ਦਾਖ਼ਲੇ ਅਤੇ ਪਨਾਹ ਨਾਲ ਸਬੰਧਤ ਅਜਿਹੀਆਂ ਪਾਬੰਦੀਆਂ ਲਗਾਉਣ ਦਾ ਕਿੰਨਾ ਅਧਿਕਾਰ ਹੈ।

ਇੱਥੇ ਇਹ ਗੱਲ ਸਪੱਸ਼ਟ ਕਰਨੀ ਬਹੁਤ ਜ਼ਰੂਰੀ ਹੈ ਕਿ ਸੁਪਰੀਮ ਕੋਰਟ ਨੇ ਹਾਲੇ ਇਹ ਕੇਸ ਸੁਣਨ ਲਈ ਮਨਜ਼ੂਰ ਨਹੀਂ ਕੀਤਾ। ਸਰਕਾਰ ਨੇ ਕੇਵਲ ਸੁਣਵਾਈ ਦੀ ਬੇਨਤੀ ਕੀਤੀ ਹੈ। ਇਸ ਲਈ ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ ਸੁਪਰੀਮ ਕੋਰਟ ਨੇ ਟਰੰਪ ਦੀ ਪਨਾਹ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਇਸ ਕੇਸ ਦਾ ਅੰਤਿਮ ਨਤੀਜਾ ਦੱਖਣੀ ਸਰਹੱਦ ਰਾਹੀਂ ਅਮਰੀਕਾ ਪਹੁੰਚਣ ਵਾਲੇ ਹਜ਼ਾਰਾਂ ਪਨਾਹ ਮੰਗਣ ਵਾਲਿਆਂ ਅਤੇ ਭਵਿੱਖ ਦੀ ਅਮਰੀਕੀ ਸਰਹੱਦੀ ਨੀਤੀ ਉੱਤੇ ਵੱਡਾ ਅਸਰ ਪਾ ਸਕਦਾ ਹੈ।

## ਈ.ਏ.ਡੀ. ਵਰਕ ਪਰਮਿਟ ਦੀ ਆਟੋਮੈਟਿਕ ਮਿਆਦ ਵਧਾਉਣ ਵਾਲੇ ਨਿਯਮ 'ਚ ਵੱਡੀ ਤਬਦੀਲੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਕੰਮ ਕਰਨ ਦੀ ਇਜਾਜ਼ਤ ਦੇਣ ਵਾਲੇ ਈ.ਏ.ਡੀ. ਵਰਕ ਪਰਮਿਟ ਨਾਲ ਜੁੜਿਆ ਇੱਕ ਮਹੱਤਵਪੂਰਨ ਨਿਯਮ ਇਸ ਵੇਲੇ ਸਰਕਾਰੀ ਸਮੀਖਿਆ ਹੇਠ ਹੈ। ਯੂ.ਐੱਸ.ਸੀ.ਆਈ.ਐੱਸ. ਵੱਲੋਂ "ਰਿਮੂਵਲ ਆਫ ਦ ਆਟੋਮੈਟਿਕ ਐਕਸਟੈਂਸ਼ਨ ਆਫ ਇੰਪਲਾਈਮੈਂਟ ਆਥੋਰਾਈਜ਼ੇਸ਼ਨ ਡਾਕੂਮੈਂਟਸ" ਨਾਂ ਦੇ ਨਿਯਮ ਨੂੰ ਅੰਤਿਮ ਰੂਪ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਈ.ਏ.ਡੀ. ਉਹ ਵਰਕ ਪਰਮਿਟ ਹੈ, ਜਿਸ ਰਾਹੀਂ ਕਈ ਪ੍ਰਵਾਸੀਆਂ ਨੂੰ ਅਮਰੀਕਾ ਵਿਚ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਆਗਿਆ ਮਿਲਦੀ ਹੈ। ਪਹਿਲਾਂ ਕਈ ਸ਼੍ਰੇਣੀਆਂ ਵਿਚ ਜੇ ਕਿਸੇ ਵਿਅਕਤੀ ਦਾ ਵਰਕ ਪਰਮਿਟ ਖਤਮ ਹੋਣ ਵਾਲਾ ਹੁੰਦਾ ਸੀ ਅਤੇ ਉਹ ਸਮੇਂ ਸਿਰ ਉਸਦੀ ਰੀਨਿਊਲ ਲਈ ਅਰਜ਼ੀ ਦੇ ਦਿੰਦਾ ਸੀ, ਤਾਂ ਉਸਦੇ ਵਰਕ ਪਰਮਿਟ ਦੀ ਮਿਆਦ ਆਪਣੇ ਆਪ ਕੁਝ ਸਮੇਂ ਲਈ ਵਧ ਜਾਂਦੀ ਸੀ। ਇਸ ਕਾਰਨ ਰੀਨਿਊਲ ਦਾ ਫੈਸਲਾ ਆਉਣ ਤੱਕ ਉਸ ਵਿਅਕਤੀ ਨੂੰ ਆਪਣੀ ਨੌਕਰੀ ਜਾਰੀ ਰੱਖਣ ਵਿਚ ਸਹੂਲਤ ਮਿਲਦੀ ਸੀ।

ਪਰ ਸਰਕਾਰ ਨੇ 30 ਅਕਤੂਬਰ 2025 ਤੋਂ ਕਈ ਈ.ਏ.ਡੀ. ਸ਼੍ਰੇਣੀਆਂ ਲਈ ਇਹ ਆਟੋਮੈਟਿਕ ਮਿਆਦ ਵਧਾਉਣ ਦੀ ਸਹੂਲਤ ਖਤਮ ਕਰ ਦਿੱਤੀ ਸੀ। ਹੁਣ ਯੂ.ਐੱਸ.ਸੀ.ਆਈ.ਐੱਸ. ਇਸੇ ਨੀਤੀ ਨੂੰ ਅੰਤਿਮ ਰੂਪ ਦੇਣ ਵੱਲ ਵੱਧ ਰਿਹਾ ਹੈ ਅਤੇ ਫਾਈਨਲ ਰੂਲ ਇਸ ਵੇਲੇ ਵਾਈਟ ਹਾਊਸ ਦੇ ਸੂਚਨਾ ਅਤੇ ਰੈਗੂਲੇਟਰੀ ਮਾਮਲਿਆਂ ਦੇ ਦਫ਼ਤਰ ਦੀ ਸਮੀਖਿਆ ਹੇਠ ਹੈ।

ਇਸਦਾ ਮਤਲਬ ਇਹ ਨਹੀਂ ਕਿ ਹਰ ਈ.ਏ.ਡੀ. ਧਾਰਕ ਦੀ ਆਟੋਮੈਟਿਕ ਐਕਸਟੈਂਸ਼ਨ ਖਤਮ ਹੋ ਗਈ ਹੈ। ਕੁਝ ਸ਼੍ਰੇਣੀਆਂ ਨੂੰ ਵੱਖਰੇ ਕਾਨੂੰਨ ਜਾਂ ਸਰਕਾਰੀ ਹੁਕਮ ਅਧੀਨ ਅਜੇ ਵੀ ਇਹ ਸਹੂਲਤ ਮਿਲ ਸਕਦੀ ਹੈ। ਇਸ ਲਈ ਹਰ ਵਿਅਕਤੀ ਦੀ ਸਥਿਤੀ ਉਸਦੀ ਇਮੀਗ੍ਰੇਸ਼ਨ ਕੈਟਾਗਰੀ ਉੱਤੇ ਨਿਰਭਰ ਕਰੇਗੀ।

ਜਿਨ੍ਹਾਂ ਲੋਕਾਂ ਦਾ ਈ.ਏ.ਡੀ. ਜਲਦੀ ਖਤਮ ਹੋਣ ਵਾਲਾ ਹੈ, ਉਨ੍ਹਾਂ ਲਈ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਉਹ ਰੀਨਿਊਲ ਲਈ ਸਮੇਂ ਸਿਰ ਅਰਜ਼ੀ ਦੇਣ ਅਤੇ ਆਪਣੀ ਕੈਟਾਗਰੀ ਦੇ ਨਿਯਮ ਚੰਗੀ ਤਰ੍ਹਾਂ ਜਾਂਚਣ। ਸਿਰਫ਼ ਰੀਨਿਊਲ ਐਪਲੀਕੇਸ਼ਨ ਦੇਣ ਨਾਲ ਇਹ ਮੰਨ ਲੈਣਾ ਠੀਕ ਨਹੀਂ ਕਿ ਕੰਮ ਕਰਨ ਦੀ ਇਜਾਜ਼ਤ ਆਪਣੇ ਆਪ ਜਾਰੀ ਰਹੇਗੀ।

ਇਹ ਜਾਣਕਾਰੀ ਸਿਰਫ਼ ਆਮ ਜਾਣਕਾਰੀ ਲਈ ਹੈ। ਆਪਣੇ ਕੇਸ ਬਾਰੇ ਕਿਸੇ ਲਾਇਸੈਂਸਸ਼ੁਦਾ ਇਮੀਗ੍ਰੇਸ਼ਨ ਅਟਾਰਨੀ ਨਾਲ ਸਲਾਹ ਕਰਨੀ ਚਾਹੀਦੀ ਹੈ।

## ਟਰੰਪ 'ਹਸ਼ ਮਨੀ' ਮਾਮਲੇ 'ਚ ਦੋਸ਼ ਸਿੱਧੀ ਰੱਦ ਕਰਵਾਉਣ 'ਚ ਫਿਰ ਨਾਕਾਮ

ਨਿਊਯਾਰਕ, (ਪੰਜਾਬ ਮੇਲ)- ਅਮਰੀਕਾ ਦੇ ਇਕ ਸੰਘੀ ਜੱਜ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ 'ਹਸ਼ ਮਨੀ' ਮਾਮਲੇ 'ਚ ਦੋਸ਼ ਸਿੱਧੀ ਰੱਦ ਕਰਵਾਉਣ ਦੀ ਕੋਸ਼ਿਸ਼ ਨੂੰ ਫਿਰ ਖਾਰਜ ਕਰ ਦਿੱਤਾ ਹੈ। ਜੱਜ ਨੇ ਮਾਮਲੇ ਨੂੰ ਸੂਬਾ ਅਦਾਲਤ ਤੋਂ ਸੰਘੀ ਅਦਾਲਤ ਵਿਚ ਤਬਦੀਲ ਕਰਨ ਦੀ ਅਪੀਲ ਵੀ ਰੱਦ ਕਰ ਦਿੱਤੀ।

ਟਰੰਪ 'ਤੇ 2016 ਦੀਆਂ ਚੋਣਾਂ ਤੋਂ ਪਹਿਲਾਂ ਸਟਾਰਮੀ ਡੈਨੀਅਲਜ਼ ਨੂੰ ਪੈਸੇ ਦੇਣ ਅਤੇ ਕਾਰੋਬਾਰੀ ਰਿਕਾਰਡ 'ਚ ਹੇਰਾਫੇਰੀ ਦੇ ਦੋਸ਼ ਹਨ। ਜੱਜ ਐਲਵਿਨ ਕੇ. ਹੈਲਰਸਟੀਨ ਨੇ ਕਿਹਾ ਕਿ ਟਰੰਪ ਦੇ ਕਾਰਨ ਕਾਨੂੰਨੀ ਤੌਰ 'ਤੇ ਠੀਕ ਨਹੀਂ ਹਨ। ਇਹ ਤੀਜੀ ਵਾਰ ਹੈ, ਜਦੋਂ ਅਦਾਲਤ ਨੇ ਟਰੰਪ ਦੀ ਇਸ ਅਪੀਲ ਨੂੰ ਨਾਕਾਮ ਕੀਤਾ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

# ਮੱਧਕਾਲੀ ਚੋਣ ਨਹੀਂ ਲੜਾਂਗਾ : ਰਾਜਾ ਕ੍ਰਿਸ਼ਨਾਮੂਰਤੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਦਾ ਰਾਜਨੀਤਿਕ ਸੰਗਠਨ ਡੈਮੋਕ੍ਰੇਟਿਕ ਉਮੀਦਵਾਰਾਂ ਅਤੇ ਪਾਰਟੀ ਦੇ ਕੰਮਾਂ ਲਈ 100,000 ਡਾਲਰ ਦਾ ਯੋਗਦਾਨ ਪਾ ਰਿਹਾ ਹੈ ਤੇ ਉਹ ਲਗਭਗ ਇੱਕ ਦਹਾਕੇ ਵਿਚ ਪਹਿਲੀ ਵਾਰ ਨਵੰਬਰ 'ਚ ਮੱਧਕਾਲੀ ਚੋਣ ਨਹੀਂ ਲੜੇਗਾ। ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਪੈਸੇ ਨੂੰ ਇਲੀਨੋਇਸ ਅਤੇ ਅਮਰੀਕਾ ਵਿਚ ਹੋਰ ਥਾਵਾਂ 'ਤੇ ਉਮੀਦਵਾਰਾਂ ਅਤੇ ਪਾਰਟੀ ਦੇ ਰਾਜਨੀਤਿਕ ਸਮੂਹਾਂ ਨੂੰ ਭੇਜੇਗਾ। ਇਹ ਸੰਗਠਨ ਰਜਿਸਟਰਡ ਨਾਮ 'ਰੀਵਾਈਵਿੰਗ ਅਮੈਰਕੀਨ ਜੌਬਜ਼ ਅਗੇਨ ਪੀ.ਏ.ਸੀ.' ਦੇ ਤਹਿਤ ਕੰਮ

## ▪ ਪਾਰਟੀ ਉਮੀਦਵਾਰਾਂ ਲਈ ਇਕ ਲੱਖ ਡਾਲਰ ਫੰਡ ਦੇਣ ਦਾ ਐਲਾਨ

ਕਰਦਾ ਹੈ, ਜਿਸ ਨੂੰ ਰਾਜਾ ਪੀ.ਏ.ਸੀ. ਵੀ ਕਿਹਾ ਜਾਂਦਾ ਹੈ। ਕ੍ਰਿਸ਼ਨਾਮੂਰਤੀ ਨੇ ਫੰਡ ਇਕੱਠਾ ਕਰਨ ਵਾਲੇ ਇਕ ਸੰਦੇਸ਼ ਵਿਚ ਕਿਹਾ ਹੈ ਕਿ ਉਹ ਲਗਭਗ ਇੱਕ ਦਹਾਕੇ ਵਿਚ ਪਹਿਲੀ ਵਾਰ ਨਵੰਬਰ ਵਿਚ ਬੈਲਟ 'ਤੇ ਨਹੀਂ ਹੋਵੇਗਾ। ਸੁਨੇਹੇ ਵਿਚ ਇਹ ਨਹੀਂ ਦੱਸਿਆ ਕਿ ਉਹ ਨਵੰਬਰ ਚੋਣ ਕਿਉਂ ਨਹੀਂ ਲੜਨਗੇ। ਉਸ ਨੇ ਕਿਹਾ ਹੈ ਕਿ ਫੰਡ ਨੂੰ ਡੈਮੋਕ੍ਰੇਟਿਕ ਉਮੀਦਵਾਰਾਂ ਦੀ



ਨਵੀਂ ਪੀੜ੍ਹੀ ਦਾ ਸਮਰਥਨ ਕਰਨ ਅਤੇ ਪਾਰਟੀ ਲਈ ਕਾਂਗਰਸ ਅਤੇ ਹੋਰ ਚੋਣਾਂ ਵਿਚ ਵਰਤਿਆ ਜਾਵੇਗਾ। ਉਨ੍ਹਾਂ ਸਦੇਸ਼ ਵਿਚ ਡੈਮੋਕ੍ਰੇਟਸ ਦੀ ਅਗਲੀ ਪੀੜ੍ਹੀ ਨੂੰ ਚੁਣਨ ਦੀ ਅਪੀਲ ਕੀਤੀ ਹੈ, ਤਾਂ ਜੋ ਨਵੀਂ ਪੀੜ੍ਹੀ ਕੰਮਕਾਜੀ ਪਰਿਵਾਰਾਂ ਲਈ ਕੰਮ ਕਰ ਸਕੇ। ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਉਹ ਬਿਨਾਂ ਚੋਣ ਲੜੇ ਵੀ ਰਾਜਨੀਤਿਕ ਤੌਰ 'ਤੇ ਸਰਗਰਮ ਰਹਿਣਗੇ। ਇਲੀਨੋਇਸ ਡੈਮੋਕ੍ਰੇਟ ਆਗੂ ਜਨਵਰੀ 2017 ਤੋਂ ਅਮਰੀਕੀ ਪ੍ਰਤੀਨਿਧੀ ਸਭਾ ਵਿਚ ਆਪਣੇ ਕਾਂਗਰਸ ਜ਼ਿਲ੍ਹੇ ਦੀ ਨੁਮਾਇੰਦਗੀ ਕਰ ਰਹੇ ਹਨ ਅਤੇ ਉਨ੍ਹਾਂ ਨੇ ਖੁਫੀਆ ਜਾਣਕਾਰੀ, ਰਾਸ਼ਟਰੀ ਸੁਰੱਖਿਆ, ਆਰਥਿਕ ਨੀਤੀ ਅਤੇ ਚੀਨ ਨਾਲ ਰਣਨੀਤਕ ਮੁਕਾਬਲੇ ਨਾਲ ਸਬੰਧਤ ਕਾਰਜਾਂ ਨੂੰ ਸਫਲਤਾਪੂਰਵਕ ਸੰਭਾਲਿਆ ਹੈ। ਨਵੰਬਰ ਦੀਆਂ ਮੱਧਕਾਲੀ ਚੋਣਾਂ ਸਦਨ ਅਤੇ ਸੈਨੇਟ 'ਤੇ ਨਿਯੰਤਰਣ ਨੂੰ ਨਿਰਧਾਰਤ ਕਰਨਗੀਆਂ।

# ਧੋਖਾਧੜੀ ਮਾਮਲੇ 'ਚ ਭਾਰਤੀ ਮੂਲ ਦੇ ਜੋੜੇ ਨੂੰ 5 ਸਾਲ ਕੈਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਰਕੰਸਾਸ ਦੇ ਸ਼ਹਿਰ ਜੈਂਟਰੀ ਵਿਖੇ ਇੱਕ ਬਜ਼ੁਰਗ ਧੋਖਾਧੜੀ ਯੋਜਨਾ 'ਚ ਸ਼ਾਮਲ ਭਾਰਤੀ ਮੂਲ ਦੇ ਜੋੜੇ ਨੂੰ ਚੋਰੀ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ ਦੇ ਕੇ ਸਜ਼ਾ ਸੁਣਾਈ ਗਈ ਹੈ। ਉਨ੍ਹਾਂ ਨੂੰ ਇਕ ਗੁਪਤ ਕਾਰਵਾਈ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ, ਜਿਨ੍ਹਾਂ ਵਿਚ ਗਜੇਰਾ ਪ੍ਰਸ਼ਾਂਤ ਤੇ ਧਾਰਾਬੇਨ ਬਾਵੜੀਆ ਸ਼ਾਮਲ ਹਨ। ਦੋਵਾਂ ਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜੈਂਟਰੀ ਪੁਲਿਸ ਵਿਭਾਗ ਅਨੁਸਾਰ, ਜੋੜੇ ਨੂੰ 21 ਅਪ੍ਰੈਲ ਨੂੰ ਇੱਕ ਜਾਅਲੀ ਪੇਪਾਲ ਰਿਫੰਡ ਘੁਟਾਲੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇਸ ਯੋਜਨਾ



ਗਜੇਰਾ ਪ੍ਰਸ਼ਾਂਤ ਤੇ ਧਾਰਾਬੇਨ ਬਾਵੜੀਆ।

ਵਿਚ ਪੀੜਤਾਂ ਨੂੰ ਇਹ ਕਿਹਾ ਗਿਆ ਸੀ ਕਿ ਪੈਸੇ ਗਲਤੀ ਨਾਲ ਉਨ੍ਹਾਂ ਨੂੰ ਭੇਜ ਦਿੱਤੇ ਗਏ ਹਨ, ਜੋ ਵਾਪਿਸ ਕਰਨੇ ਪੈਣਗੇ। ਜੈਂਟਰੀ ਪੁਲਿਸ ਡਿਟੈਕਟਿਵ ਰਿਆਨ ਲੋਫਟਸ ਨੇ ਕਿਹਾ ਕਿ ਘੁਟਾਲੇਬਾਜ਼ ਅਕਸਰ ਪੀੜਤਾਂ 'ਤੇ ਦਬਾਅ ਪਾਉਂਦੇ ਸਨ ਕਿ ਜੇਕਰ ਪੈਸੇ ਵਾਪਸ ਨਾ ਕੀਤੇ ਤਾਂ ਉਹ ਆਪਣੀਆਂ ਨੌਕਰੀਆਂ ਗੁਆ ਸਕਦੇ ਹਨ।

# ਐੱਚ-2ਏ ਖੇਤੀਬਾੜੀ ਮਜ਼ਦੂਰਾਂ ਦੀ ਤਨਖਾਹ ਘਟਾਉਣ ਵਾਲੀ ਨੀਤੀ ਨੂੰ ਅਦਾਲਤ ਤੋਂ ਵੱਡਾ ਝਟਕਾ

**ਫਰੈਜ਼ਨੋ, (ਪੰਜਾਬ ਮੇਲ)-** ਅਮਰੀਕਾ ਵਿਚ ਐੱਚ-2ਏ ਵੀਜ਼ਾ ਪ੍ਰੋਗਰਾਮ ਤਹਿਤ ਕੰਮ ਕਰਨ ਵਾਲੇ ਵਿਦੇਸ਼ੀ ਖੇਤੀਬਾੜੀ ਮਜ਼ਦੂਰਾਂ ਦੀਆਂ ਤਨਖਾਹਾਂ ਘਟਾਉਣ ਲਈ ਟਰੰਪ ਪ੍ਰਸ਼ਾਸਨ ਵੱਲੋਂ ਕੀਤੀਆਂ ਤਬਦੀਲੀਆਂ ਨੂੰ ਫੈਡਰਲ ਅਦਾਲਤ ਤੋਂ ਵੱਡਾ ਝਟਕਾ ਲੱਗਾ ਹੈ। ਕੈਲੀਫੋਰਨੀਆ ਦੇ ਫੈਡਰਲ ਜੱਜ ਕਿਰਕ ਈ. ਸ਼ੈਰਿਫ਼ ਨੇ ਫੈਸਲਾ ਦਿੱਤਾ ਕਿ ਲੇਬਰ ਵਿਭਾਗ ਵੱਲੋਂ 2025 ਵਿਚ ਲਿਆਂਦੀ ਗਈ ਤਨਖਾਹ ਨਿਰਧਾਰਨ ਨੀਤੀ ਕਾਨੂੰਨੀ ਮਾਪਦੰਡਾਂ 'ਤੇ ਖਰੀ ਨਹੀਂ ਉਤਰਦੀ ਅਤੇ ਇਸ ਨੂੰ ਮੁੜ ਤਿਆਰ ਕਰਨਾ ਪਵੇਗਾ।

ਇਸ ਨੀਤੀ ਤਹਿਤ ਐੱਚ-2ਏ ਮਜ਼ਦੂਰਾਂ ਲਈ ਤਨਖਾਹ ਤੈਅ ਕਰਨ ਦੀ ਪੁਰਾਣੀ ਪ੍ਰਣਾਲੀ ਵਿਚ ਵੱਡੀ ਤਬਦੀਲੀ ਕੀਤੀ ਗਈ ਸੀ। ਅਦਾਲਤ ਮੁਤਾਬਕ ਨਵੀਂ ਪ੍ਰਣਾਲੀ ਕਾਰਨ ਕਈ ਸੂਬਿਆਂ ਵਿਚ ਖੇਤੀ ਮਜ਼ਦੂਰਾਂ ਦੀ ਪ੍ਰਤੀ ਘੰਟਾ ਤਨਖਾਹ ਲਗਭਗ 5 ਤੋਂ 7 ਡਾਲਰ ਤੱਕ ਘਟ ਸਕਦੀ ਸੀ। ਲੇਬਰ ਵਿਭਾਗ ਦੇ ਆਪਣੇ ਅੰਦਾਜ਼ੇ ਅਨੁਸਾਰ ਇਸ ਨਾਲ ਮਜ਼ਦੂਰਾਂ ਦੀ ਸਾਲਾਨਾ ਕਮਾਈ ਵਿਚ ਕੁੱਲ ਲਗਭਗ 2.46 ਬਿਲੀਅਨ ਡਾਲਰ ਦੀ ਕਮੀ ਹੋ ਸਕਦੀ ਸੀ।

ਜੱਜ ਨੇ ਇਹ ਵੀ ਕਿਹਾ ਕਿ ਸਰਕਾਰ ਨੇ ਨਵਾਂ ਨਿਯਮ ਲਾਗੂ ਕਰਦੇ ਸਮੇਂ ਆਮ ਤੌਰ 'ਤੇ ਲਾਜ਼ਮੀ ਜਨਤਕ ਨੋਟਿਸ ਅਤੇ ਟਿੱਪਣੀਆਂ ਦੀ ਪ੍ਰਕਿਰਿਆ ਨੂੰ ਢੁੱਕਵੇਂ ਢੰਗ ਨਾਲ ਨਹੀਂ ਅਪਣਾਇਆ। ਇਸ ਤੋਂ ਇਲਾਵਾ ਮਜ਼ਦੂਰਾਂ ਦੀ ਤਨਖਾਹ ਵਿਚੋਂ ਰਿਹਾਇਸ਼ ਦਾ ਖਰਚਾ ਕੱਟਣ ਨਾਲ ਸਬੰਧਤ ਵਿਵਸਥਾ ਨੂੰ ਵੀ ਗੈਰਕਾਨੂੰਨੀ ਕਰਾਰ ਦਿੱਤਾ ਗਿਆ।

ਹਾਲਾਂਕਿ ਅਦਾਲਤ ਨੇ ਮੌਜੂਦਾ ਨਿਯਮ ਨੂੰ ਤੁਰੰਤ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ, ਤਾਂ ਜੋ ਖੇਤੀਬਾੜੀ ਉਦਯੋਗ ਵਿਚ ਅਚਾਨਕ ਵਿਘਨ ਨਾ ਪਵੇ। ਲੇਬਰ ਵਿਭਾਗ ਨੂੰ ਹੁਣ ਨਵੀਂ ਕਾਨੂੰਨੀ ਤਨਖਾਹ ਪ੍ਰਣਾਲੀ ਤਿਆਰ ਕਰਨ ਅਤੇ ਖੇਤੀ ਮਾਲਕਾਂ ਨੂੰ ਇਹ ਜਾਣਕਾਰੀ ਦੇਣ ਲਈ ਕਿਹਾ ਗਿਆ ਹੈ ਕਿ ਭਵਿੱਖ ਵਿਚ ਉਨ੍ਹਾਂ ਉੱਤੇ ਮਜ਼ਦੂਰਾਂ ਨੂੰ ਪਿਛਲੀ ਬਕਾਇਆ ਤਨਖਾਹ ਦੇਣ ਦੀ ਜ਼ਿੰਮੇਵਾਰੀ ਵੀ ਆ ਸਕਦੀ ਹੈ।

ਇਹ ਮਾਮਲਾ ਯੂਨਾਈਟਿਡ ਫਾਰਮ ਵਰਕਰਜ਼ ਅਤੇ ਹੋਰ ਖੇਤੀ ਮਜ਼ਦੂਰਾਂ ਵੱਲੋਂ ਲੇਬਰ ਵਿਭਾਗ ਖ਼ਿਲਾਫ਼ ਲਿਆਂਦਾ ਗਿਆ ਸੀ। ਫੈਸਲੇ ਦਾ ਅਸਰ ਸਿਰਫ਼ ਐੱਚ-2ਏ ਵਿਦੇਸ਼ੀ ਮਜ਼ਦੂਰਾਂ ਹੀ ਨਹੀਂ, ਸਗੋਂ ਉਸੇ ਖੇਤਰ ਵਿਚ ਕੰਮ ਕਰਨ ਵਾਲੇ ਅਮਰੀਕੀ ਖੇਤੀਬਾੜੀ ਮਜ਼ਦੂਰਾਂ ਦੀਆਂ ਤਨਖਾਹਾਂ ਉੱਤੇ ਵੀ ਪੈ ਸਕਦਾ ਹੈ।

# ਘਾਤਕ ਬਲ ਵਰਤਣ ਵਾਲੇ ਆਈਸ ਅਧਿਕਾਰੀ ਜਾਂਚ ਪੂਰੀ ਹੋਣ ਤੱਕ ਨਹੀਂ ਕਰ ਸਕਣਗੇ ਮੈਦਾਨੀ ਡਿਊਟੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈਸ) ਨੇ ਘਾਤਕ ਬਲ ਦੀ ਵਰਤੋਂ ਨਾਲ ਜੁੜੀਆਂ ਘਟਨਾਵਾਂ ਤੋਂ ਬਾਅਦ ਅਧਿਕਾਰੀਆਂ ਦੀ ਡਿਊਟੀ ਸਬੰਧੀ ਨਿਯਮਾਂ ਵਿਚ ਅਹਿਮ ਤਬਦੀਲੀ ਕੀਤੀ ਹੈ। 'ਦ ਐਟਲਾਂਟਿਕ' ਵਿਚ ਪ੍ਰਕਾਸ਼ਿਤ ਨਿਕ ਮਿਰੌਫ਼ ਦੀ ਰਿਪੋਰਟ ਅਨੁਸਾਰ, ਹੁਣ ਗੋਲੀ ਚਲਾਉਣ ਜਾਂ ਗਲਾ ਘੁੱਟਣ ਵਰਗੀ ਕਾਰਵਾਈ ਵਿਚ ਸ਼ਾਮਲ ਆਈਸ ਅਧਿਕਾਰੀ ਜਾਂਚ ਪੂਰੀ ਹੋਣ ਅਤੇ ਜਾਂਚਕਰਤਾਵਾਂ ਵੱਲੋਂ ਮਨਜ਼ੂਰੀ ਮਿਲਣ ਤੱਕ ਮੈਦਾਨੀ ਡਿਊਟੀ 'ਤੇ ਵਾਪਸ ਨਹੀਂ ਆ ਸਕਣਗੇ।

ਪਹਿਲਾਂ ਅਜਿਹੀ ਘਟਨਾ ਵਿਚ ਸ਼ਾਮਲ ਅਧਿਕਾਰੀਆਂ ਨੂੰ ਕੁਝ ਹਾਲਾਤ ਵਿਚ ਸਿਰਫ਼ ਤਿੰਨ ਦਿਨਾਂ ਬਾਅਦ ਆਪਣੀ ਆਮ ਡਿਊਟੀ 'ਤੇ ਵਾਪਸ ਭੇਜਿਆ ਜਾ ਸਕਦਾ ਸੀ। ਨਵੇਂ ਨਿਯਮਾਂ ਤਹਿਤ ਉਨ੍ਹਾਂ ਨੂੰ ਦਫ਼ਤਰੀ ਕੰਮ ਤੱਕ ਸੀਮਤ ਰੱਖਿਆ ਜਾਵੇਗਾ। ਉਹ ਗ੍ਰਿਫ਼ਤਾਰੀਆਂ, ਛਾਪੇਮਾਰੀ ਜਾਂ ਹੋਰ ਮੈਦਾਨੀ ਕਾਰਵਾਈਆਂ ਵਿਚ ਹਿੱਸਾ ਨਹੀਂ ਲੈ ਸਕਣਗੇ, ਜਦੋਂ ਤੱਕ ਜਾਂਚ ਵਿਚ ਇਹ ਸਪੱਸ਼ਟ ਨਾ ਹੋ ਜਾਵੇ ਕਿ ਉਨ੍ਹਾਂ ਵੱਲੋਂ ਕੀਤੀ ਗਈ ਕਾਰਵਾਈ ਕਾਨੂੰਨ ਅਤੇ ਵਿਭਾਗੀ ਨੀਤੀ ਅਨੁਸਾਰ ਸੀ।

ਰਿਪੋਰਟ ਵਿਚ ਦੋ ਸੀਨੀਅਰ ਆਈਸ ਅਧਿਕਾਰੀਆਂ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਗਈ ਹੈ। ਦੋਵਾਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਨਵੀਂ ਵਿਵਸਥਾ ਦਾ ਉਦੇਸ਼ ਘਾਤਕ ਬਲ ਨਾਲ ਜੁੜੀਆਂ ਘਟਨਾਵਾਂ ਦੀ ਨਿਰਪੱਖ ਜਾਂਚ ਯਕੀਨੀ ਬਣਾਉਣਾ ਅਤੇ ਜਨਤਕ ਭਰੋਸਾ ਕਾਇਮ ਰੱਖਣਾ ਹੈ।

ਇਸ ਤਬਦੀਲੀ ਦਾ ਇਹ ਮਤਲਬ ਨਹੀਂ ਕਿ ਆਈਸ ਅਧਿਕਾਰੀਆਂ ਨੂੰ ਘਾਤਕ ਬਲ ਵਰਤਣ ਦੇ ਨਵੇਂ ਜਾਂ ਵਧੇਰੇ ਅਧਿਕਾਰ ਦਿੱਤੇ ਗਏ ਹਨ। ਨਵਾਂ ਨਿਯਮ ਮੁੱਖ ਤੌਰ 'ਤੇ ਘਟਨਾ ਵਾਪਰਨ ਤੋਂ ਬਾਅਦ ਅਧਿਕਾਰੀ ਦੀ ਤਾਇਨਾਤੀ ਅਤੇ ਜਾਂਚ ਪ੍ਰਕਿਰਿਆ ਨਾਲ ਸਬੰਧਤ ਹੈ। ਮਨੁੱਖੀ ਅਧਿਕਾਰ ਸੰਗਠਨ ਲੰਮੇ ਸਮੇਂ ਤੋਂ ਮੰਗ ਕਰਦੇ ਆ ਰਹੇ ਹਨ ਕਿ ਹਥਿਆਰਾਂ ਜਾਂ ਹੋਰ ਗੰਭੀਰ ਬਲ ਦੀ ਵਰਤੋਂ ਵਾਲੇ ਮਾਮਲਿਆਂ ਦੀ ਪਾਰਦਰਸ਼ੀ ਅਤੇ ਸੁਤੰਤਰ ਜਾਂਚ ਹੋਣੀ ਚਾਹੀਦੀ ਹੈ। ਨਵੀਂ ਨੀਤੀ ਨੂੰ ਜਵਾਬਦੇਹੀ ਵੱਲ ਇਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ, ਹਾਲਾਂਕਿ ਇਸ ਦੀ ਅਸਲ ਪ੍ਰਭਾਵਸ਼ੀਲਤਾ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਜਾਂਚ ਕਿੰਨੀ ਤੇਜ਼, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕੀਤੀ ਜਾਂਦੀ ਹੈ।

# ਆਈਸ ਵੱਲੋਂ ਬਿਜਲੀ ਦਾ ਝਟਕਾ ਦੇਣ ਵਾਲੇ 6,000 ਦਸਤਾਨੇ ਖਰੀਦਣ 'ਤੇ ਵਿਵਾਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਏਜੰਸੀ, ਯਾਨੀ ਆਈਸ ਨੇ ਬਿਜਲੀ ਦਾ ਝਟਕਾ ਦੇਣ ਵਾਲੇ 6,000 ਵਿਸ਼ੇਸ਼ ਦਸਤਾਨੇ ਖਰੀਦਣ ਲਈ ਲਗਭਗ 16.7 ਮਿਲੀਅਨ ਡਾਲਰ ਦਾ ਠੇਕਾ ਦਿੱਤਾ ਹੈ। ਇਹ ਠੇਕਾ ਕੇਨਟਕੀ ਦੀ ਕੰਪਲੀਐਂਟ ਟੈਕਨੋਲੀਜ਼ ਐੱਲ.ਐੱਲ.ਸੀ. ਕੰਪਨੀ ਨੂੰ ਬਿਨਾਂ ਖੁੱਲ੍ਹੀ ਮੁਕਾਬਲੇਬਾਜ਼ੀ ਦੇ ਦਿੱਤਾ ਗਿਆ ਹੈ। ਇਸ ਵਿਚ ਦਸਤਾਨਿਆਂ ਦੇ ਨਾਲ ਸਹਾਇਕ ਸਾਜ਼ੋ-ਸਾਮਾਨ ਅਤੇ 6 ਮਹੀਨਿਆਂ ਦੀਆਂ ਸੇਵਾਵਾਂ ਵੀ ਸ਼ਾਮਲ ਹਨ।

ਇਹ ਦਸਤਾਨੇ ਆਮ ਪੁਲਿਸ ਦਸਤਾਨਿਆਂ ਵਾਂਗ ਪਹਿਨੇ ਜਾ ਸਕਦੇ ਹਨ, ਪਰ ਇੱਕ ਬਟਨ ਦਬਾਉਣ ਨਾਲ ਇਨ੍ਹਾਂ ਵਿਚ ਬਿਜਲੀ ਦਾ ਮੋਡ ਚਾਲੂ ਹੋ ਜਾਂਦਾ ਹੈ। ਜਦੋਂ ਇਹ ਦਸਤਾਨੇ ਕਿਸੇ ਵਿਅਕਤੀ ਦੀ ਚਮੜੀ ਨਾਲ ਲਗਾਏ ਜਾਂਦੇ ਹਨ, ਤਾਂ ਉਸ ਨੂੰ ਦਰਦਨਾਕ ਬਿਜਲੀ ਦਾ ਝਟਕਾ ਲੱਗ ਸਕਦਾ ਹੈ। ਆਈਸ ਦਾ ਕਹਿਣਾ ਹੈ ਕਿ ਇਹ ਦਸਤਾਨੇ ਉਨ੍ਹਾਂ ਹਾਲਾਤਾਂ ਵਿਚ ਵਰਤੇ ਜਾਣਗੇ, ਜਿੱਥੇ ਕੋਈ ਵਿਅਕਤੀ ਗ੍ਰਿਫ਼ਤਾਰੀ ਦਾ ਵਿਰੋਧ ਕਰ ਰਿਹਾ ਹੋਵੇ, ਹਿਰਾਸਤ ਵਿਚ ਲਿਆ ਗਿਆ ਵਿਅਕਤੀ ਕਾਬੂ ਤੋਂ ਬਾਹਰ ਹੋਵੇ ਜਾਂ ਕਿਸੇ ਡਿਟੈਨਸ਼ਨ ਸੈਂਟਰ ਦੇ ਬਾਹਰ ਭੀੜ ਨੂੰ ਕਾਬੂ ਕਰਨ ਦੀ ਲੋੜ ਪਵੇ। ਏਜੰਸੀ ਮੁਤਾਬਕ ਇਸ ਤਕਨੀਕ ਦਾ ਮਕਸਦ ਗੋਲੀ ਜਾਂ ਹੋਰ ਵੱਧ ਸਖ਼ਤ ਤਾਕਤ ਵਰਤਣ ਦੀ ਲੋੜ ਘਟਾਉਣਾ ਹੈ। ਪਰ ਇਸ ਫੈਸਲੇ ਦਾ ਡੈਮੋਕ੍ਰੇਟਿਕ ਸੰਸਦ ਮੈਂਬਰਾਂ ਅਤੇ ਨਾਗਰਿਕ ਅਧਿਕਾਰ ਸੰਸਥਾਵਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਨੇਵਾਡਾ ਦੀ ਸੈਨੇਟਰ ਕੈਥਰੀਨ ਕੋਰਟੇਜ਼ ਮਾਸਟੋ ਸਮੇਤ 16 ਡੈਮੋਕ੍ਰੇਟਿਕ ਸੈਨੇਟਰਾਂ ਨੇ ਆਈਸ ਨੂੰ ਪੱਤਰ ਲਿਖ ਕੇ ਇਹ ਖਰੀਦ ਰੱਦ ਕਰਨ ਦੀ ਮੰਗ ਕੀਤੀ ਹੈ। ਸੈਨੇਟਰਾਂ ਦਾ ਕਹਿਣਾ ਹੈ ਕਿ ਇਹ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ ਕਿ ਅਧਿਕਾਰੀਆਂ ਨੂੰ ਦਸਤਾਨਿਆਂ ਦੀ ਵਰਤੋਂ ਬਾਰੇ ਕਿਹੜੀ ਸਿਖਲਾਈ ਦਿੱਤੀ ਜਾਵੇਗੀ, ਕਿਹੜੀਆਂ ਸਥਿਤੀਆਂ ਵਿਚ ਝਟਕਾ ਦੇਣ ਦੀ ਇਜਾਜ਼ਤ ਹੋਵੇਗੀ ਅਤੇ ਗਲਤ ਵਰਤੋਂ ਨੂੰ ਕਿਵੇਂ ਰੋਕਿਆ ਜਾਵੇਗਾ। ਦੂਜੇ ਪਾਸੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਨੇ ਖਰੀਦ ਦਾ ਬਚਾਅ ਕਰਦਿਆਂ ਕਿਹਾ ਹੈ ਕਿ ਅਧਿਕਾਰੀਆਂ ਦੀ ਸੁਰੱਖਿਆ ਲਈ ਲੋੜੀਂਦਾ ਸਾਜ਼ੋ-ਸਾਮਾਨ ਮੁਹੱਈਆ ਕਰਵਾਉਣਾ ਜ਼ਰੂਰੀ ਹੈ। ਹੁਣ ਇਸ ਮਾਮਲੇ ਨੂੰ ਲੈ ਕੇ ਸਵਾਲ ਇਹ ਹੈ ਕਿ ਸੁਰੱਖਿਆ ਅਤੇ ਤਾਕਤ ਦੀ ਵਰਤੋਂ ਵਿਚਕਾਰ ਹੱਦ ਕਿੱਥੇ ਤੈਅ ਕੀਤੀ ਜਾਵੇ।

# ਟੀ.ਐੱਸ.ਏ. ਨੇ 'ਗੋਲਡ ਪਲੱਸ' ਯੋਜਨਾ ਛੱਡੀ, ਹਵਾਈ ਅੱਡਿਆਂ ਦੀ ਸੁਰੱਖਿਆ ਲਈ ਨਵੀਂ ਰਣਨੀਤੀ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਆਵਾਜਾਈ ਸੁਰੱਖਿਆ ਪ੍ਰਸ਼ਾਸਨ ਨੇ ਹਵਾਈ ਅੱਡਿਆਂ ਦੀ ਸੁਰੱਖਿਆ ਜਾਂਚ ਦਾ ਵੱਡੇ ਪੱਧਰ 'ਤੇ ਨਿੱਜੀਕਰਨ ਕਰਨ ਲਈ ਸ਼ੁਰੂ ਕੀਤੀ ਗਈ 'ਟੀ.ਐੱਸ.ਏ. ਗੋਲਡ ਪਲੱਸ' ਯੋਜਨਾ ਨੂੰ ਅੱਗੇ ਨਾ ਵਧਾਉਣ ਦਾ ਫ਼ੈਸਲਾ ਕੀਤਾ ਹੈ। ਇਸ ਦੀ ਥਾਂ ਪ੍ਰਸ਼ਾਸਕ ਡੇਵਿਡ ਪੀ. ਕਮਿੰਸ ਨੇ 'ਹੋਰਾਈਜ਼ਨ 25' ਨਾਂ ਦੀ ਨਵੀਂ ਰਣਨੀਤੀ ਦਾ ਐਲਾਨ ਕੀਤਾ ਹੈ।

ਟੀ.ਐੱਸ.ਏ. ਅਨੁਸਾਰ ਨਵੀਂ ਰਣਨੀਤੀ ਦਾ ਮੁੱਖ ਉਦੇਸ਼ ਸੁਰੱਖਿਆ ਜਾਂਚ ਕੇਂਦਰਾਂ ਨੂੰ ਆਧੁਨਿਕ ਬਣਾਉਣਾ, ਮੁਸਾਫ਼ਰਾਂ ਦਾ ਤਜ਼ਰਬਾ ਬਿਹਤਰ ਕਰਨਾ ਅਤੇ ਹਵਾਈ ਸਮੇਤ ਆਵਾਜਾਈ ਦੇ ਹੋਰ ਸਾਧਨਾਂ ਦੀ ਸੁਰੱਖਿਆ ਮਜ਼ਬੂਤ ਕਰਨਾ ਹੈ। ਇਸ ਤਹਿਤ ਟੀ.ਐੱਸ.ਏ. ਪ੍ਰੀਚੈੱਕ ਵਿਚ ਸੁਧਾਰ, ਨਵੀਂ ਤਕਨੀਕ ਦੀ ਤੇਜ਼ ਖ਼ਰੀਦ ਅਤੇ ਵਰਤੋਂ ਅਤੇ ਡਰੋਨਾਂ ਤੋਂ ਪੈਦਾ ਹੋਣ ਵਾਲੇ ਖ਼ਤਰਿਆਂ ਦਾ ਮੁਕਾਬਲਾ ਕਰਨ ਦੀ ਸਮਰੱਥਾ ਵਧਾਈ ਜਾਵੇਗੀ।

ਹਾਲਾਂਕਿ ਕੁਝ ਮੀਡੀਆ ਰਿਪੋਰਟਾਂ ਵਿਚ ਇਸ ਫ਼ੈਸਲੇ ਨੂੰ ਦੇਸ਼ ਭਰ ਵਿਚ ਨਿੱਜੀਕਰਨ ਤੋਂ "ਪੂਰੀ ਤਰ੍ਹਾਂ ਵਾਪਸੀ" ਦੱਸਿਆ ਗਿਆ ਹੈ, ਪਰ ਅਸਲ ਸਥਿਤੀ ਇਸ ਤੋਂ ਵੱਖਰੀ ਹੈ। ਟੀ.ਐੱਸ.ਏ. ਨੇ ਨਿੱਜੀ ਕੰਪਨੀਆਂ ਦੀ ਭੂਮਿਕਾ ਪੂਰੀ ਤਰ੍ਹਾਂ ਖ਼ਤਮ ਨਹੀਂ ਕੀਤੀ। 'ਗੋਲਡ ਪਲੱਸ' ਦੀ ਥਾਂ ਪਹਿਲਾਂ ਤੋਂ ਚੱਲ ਰਹੇ ਸਕ੍ਰੀਨਿੰਗ ਪਾਰਟਨਰਸ਼ਿਪ ਪ੍ਰੋਗਰਾਮ ਦਾ ਬਦਲਿਆ ਹੋਇਆ ਰੂਪ ਲਾਗੂ ਕੀਤਾ ਜਾਵੇਗਾ। ਇਸ ਪ੍ਰੋਗਰਾਮ ਅਧੀਨ ਨਿੱਜੀ ਕੰਪਨੀਆਂ ਮੁਸਾਫ਼ਰਾਂ ਅਤੇ ਸਾਮਾਨ ਦੀ ਜਾਂਚ ਕਰ ਸਕਦੀਆਂ ਹਨ, ਪਰ ਸੁਰੱਖਿਆ ਮਾਪਦੰਡਾਂ ਅਤੇ ਸਮੁੱਚੀ ਨਿਗਰਾਨੀ ਦਾ ਅਧਿਕਾਰ ਟੀ.ਐੱਸ.ਏ. ਕੋਲ ਹੀ ਰਹਿੰਦਾ ਹੈ। ਇਸ ਵੇਲੇ ਅਮਰੀਕਾ ਦੇ 20 ਵਪਾਰਕ ਹਵਾਈ ਅੱਡਿਆਂ 'ਤੇ ਨਿੱਜੀ ਜਾਂਚ ਕਰਮਚਾਰੀ ਟੀ.ਐੱਸ.ਏ. ਦੀ ਨਿਗਰਾਨੀ ਹੇਠ ਕੰਮ ਕਰ ਰਹੇ ਹਨ।

ਇਸੇ ਦੌਰਾਨ ਟੈਂਪਾ ਅੰਤਰਰਾਸ਼ਟਰੀ ਹਵਾਈ ਅੱਡੇ ਨੇ ਕਈ ਮਹੀਨਿਆਂ ਦੀ ਸਮੀਖਿਆ ਤੋਂ ਬਾਅਦ 'ਗੋਲਡ ਪਲੱਸ' ਵਿਚ ਸ਼ਾਮਲ ਨਾ ਹੋਣ ਅਤੇ ਮੌਜੂਦਾ ਸੰਘੀ ਟੀ.ਐੱਸ.ਏ. ਅਧਿਕਾਰੀਆਂ ਰਾਹੀਂ ਹੀ ਸੁਰੱਖਿਆ ਜਾਂਚ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਹੈ। ਟੈਂਪਾ ਤੋਂ ਇਲਾਵਾ ਚਾਰਲਸਟਨ ਅਤੇ ਡੈਸ ਮੋਇਨਜ਼ ਹਵਾਈ ਅੱਡਿਆਂ ਨੇ ਵੀ ਇਸ ਯੋਜਨਾ ਵਿਚ ਦਿਲਚਸਪੀ ਦਿਖਾਈ ਸੀ।

ਨਵੇਂ ਐਲਾਨ ਨਾਲ ਮੁਸਾਫ਼ਰਾਂ ਲਈ ਤੁਰੰਤ ਕੋਈ ਦੇਸ਼-ਵਿਆਪੀ ਜਾਂਚ ਨਿਯਮ ਨਹੀਂ ਬਦਲਿਆ। ਪਛਾਣ ਪੱਤਰ, ਸਾਮਾਨ ਅਤੇ ਸੁਰੱਖਿਆ ਜਾਂਚ ਨਾਲ ਸਬੰਧਤ ਮੌਜੂਦਾ ਨਿਯਮ ਪਹਿਲਾਂ ਵਾਂਗ ਹੀ ਲਾਗੂ ਰਹਿਣਗੇ। ਇਸ ਲਈ ਇਸ ਖ਼ਬਰ ਦਾ ਸਹੀ ਅਰਥ ਇਹ ਹੈ ਕਿ ਟੀ.ਐੱਸ.ਏ. ਨੇ 'ਗੋਲਡ ਪਲੱਸ' ਨਾਂ ਦੀ ਯੋਜਨਾ ਛੱਡੀ ਹੈ, ਹਵਾਈ ਅੱਡਿਆਂ ਦੀ ਸੁਰੱਖਿਆ ਵਿਚ ਨਿੱਜੀ ਕੰਪਨੀਆਂ ਦੀ ਭੂਮਿਕਾ ਪੂਰੀ ਤਰ੍ਹਾਂ ਖ਼ਤਮ ਨਹੀਂ ਕੀਤੀ।

# 9/11 ਹਮਲਿਆਂ ਦੇ ਕਥਿਤ ਮਾਸਟਰਮਾਈਂਡ ਖਾਲਿਦ ਸ਼ੇਖ ਮੁਹੰਮਦ ਦਾ ਮੁਕੱਦਮਾ 5 ਜੂਨ 2028 ਤੋਂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ 11 ਸਤੰਬਰ 2001 ਦੇ ਦਹਿਸ਼ਤੀ ਹਮਲਿਆਂ ਦੇ ਕਥਿਤ ਮਾਸਟਰਮਾਈਂਡ ਖਾਲਿਦ ਸ਼ੇਖ ਮੁਹੰਮਦ ਅਤੇ ਉਸ ਦੇ ਤਿੰਨ ਹੋਰ ਸਹਿ-ਮੁਲਜ਼ਮਾਂ ਖ਼ਿਲਾਫ਼ ਮੁਕੱਦਮੇ ਦੀ ਸੁਣਵਾਈ ਲਈ ਅਮਰੀਕੀ ਫੌਜੀ ਜੱਜ ਨੇ 5 ਜੂਨ 2028 ਦੀ ਤਾਰੀਖ਼ ਨਿਰਧਾਰਤ ਕੀਤੀ ਹੈ। ਇਹ ਮਾਮਲਾ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਕਾਨੂੰਨੀ ਕਾਰਵਾਈਆਂ, ਸਬੂਤਾਂ ਸਬੰਧੀ ਵਿਵਾਦਾਂ ਅਤੇ ਹੋਰ ਅਦਾਲਤੀ ਪੇਚੀਦਗੀਆਂ ਵਿਚ ਫਸਿਆ ਹੋਇਆ ਹੈ। ਏਅਰ ਫੋਰਸ ਦੇ ਲੈਫਟੀਨੈਂਟ ਕਰਨਲ ਮਾਈਕਲ ਏ. ਸ਼ਰਾਮਾ ਵੱਲੋਂ ਜਾਰੀ ਹੁਕਮ ਅਨੁਸਾਰ ਮੁਕੱਦਮਾ ਪਹਿਲਾਂ ਸਰਕਾਰੀ ਵਕੀਲਾਂ ਵੱਲੋਂ ਮੰਗੀ ਗਈ ਜਨਵਰੀ 2027 ਦੀ ਤਾਰੀਖ਼ ਦੀ ਬਜਾਏ ਲਗਭਗ 18 ਮਹੀਨੇ ਬਾਅਦ ਸ਼ੁਰੂ ਹੋਵੇਗਾ। ਜੱਜ ਨੇ ਕਿਹਾ ਕਿ ਸੁਣਵਾਈ ਤੋਂ ਪਹਿਲਾਂ ਕਈ ਕਾਨੂੰਨੀ ਵਿਵਾਦਾਂ ਦਾ ਨਿਪਟਾਰਾ ਕਰਨਾ ਜ਼ਰੂਰੀ ਹੈ, ਜਿਸ ਵਿਚ ਇਹ ਅਹਿਮ ਮਸਲਾ ਵੀ ਸ਼ਾਮਲ ਹੈ ਕਿ ਮੁਕੱਦਮੇ ਦੌਰਾਨ ਕਿਹੜੇ ਸਬੂਤ ਅਦਾਲਤ ਵਿਚ ਪੇਸ਼ ਕੀਤੇ ਜਾ ਸਕਣਗੇ। ਖਾਲਿਦ ਸ਼ੇਖ ਮੁਹੰਮਦ 'ਤੇ ਦੋਸ਼ ਹੈ ਕਿ ਉਸ ਨੇ 11 ਸਤੰਬਰ 2001 ਨੂੰ ਹਾਈਜੈਕ ਕੀਤੇ ਯਾਤਰੀ ਜਹਾਜ਼ਾਂ ਰਾਹੀਂ ਨਿਊਯਾਰਕ ਦੇ ਵਰਲਡ ਟਰੇਡ ਸੈਂਟਰ ਅਤੇ ਵਾਸ਼ਿੰਗਟਨ ਨੇੜੇ ਪੈਂਟਾਗਨ 'ਤੇ ਹਮਲੇ ਦੀ ਯੋਜਨਾ ਤਿਆਰ ਕਰਨ ਅਤੇ ਉਸ ਨੂੰ ਅੰਜਾਮ ਤੱਕ ਪਹੁੰਚਾਉਣ ਵਿਚ ਮੁੱਖ ਭੂਮਿਕਾ ਨਿਭਾਈ ਸੀ।

# ਤੀਸਰੇ ਕਾਰਜਕਾਲ ਦੀ ਚਰਚਾ ਵਿਚਕਾਰ ਟਰੰਪ ਹੁਣ 2029 ਤੋਂ ਬਾਅਦ ਦੀ ਜ਼ਿੰਦਗੀ ਬਾਰੇ ਵੀ ਕਰਨ ਲੱਗੇ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲੰਮੇ ਸਮੇਂ ਤੋਂ 2028 'ਚ ਤੀਸਰੀ ਵਾਰ ਰਾਸ਼ਟਰਪਤੀ ਬਣਨ ਦੀ ਸੰਭਾਵਨਾ ਬਾਰੇ ਸੰਕੇਤ ਦਿੰਦੇ ਰਹੇ ਹਨ, ਪਰ ਹੁਣ ਉਨ੍ਹਾਂ ਦੇ ਹਾਲੀਆ ਬਿਆਨਾਂ ਵਿਚ ਇੱਕ ਨਵਾਂ ਰੁਖ ਨਜ਼ਰ ਆ ਰਿਹਾ ਹੈ। ਟਰੰਪ ਹੁਣ ਵ੍ਹਾਈਟ ਹਾਊਸ ਛੱਡਣ ਤੋਂ ਬਾਅਦ ਦੀ ਜ਼ਿੰਦਗੀ ਬਾਰੇ ਵੀ ਜਨਤਕ ਤੌਰ 'ਤੇ ਗੱਲ ਕਰਨ ਲੱਗੇ ਹਨ।

ਨਿਊਯਾਰਕ ਦੇ ਲਾਂਗ ਆਈਲੈਂਡ ਵਿਚ ਇੱਕ ਸਮਾਗਮ ਦੌਰਾਨ ਟਰੰਪ ਨੇ ਕਿਹਾ ਕਿ ਅਗਲਾ ਰਾਸ਼ਟਰਪਤੀ ਉਨ੍ਹਾਂ ਦੀ ਸਰਕਾਰ ਵੱਲੋਂ ਕੀਤੇ ਕੰਮਾਂ ਦਾ ਸਿਹਰਾ ਆਪਣੇ ਸਿਰ ਲੈ ਸਕਦਾ ਹੈ, ਜਦਕਿ ਉਹ ਘਰ ਬੈਠ ਕੇ ਟੈਲੀਵਿਜ਼ਨ 'ਤੇ ਇਹ ਸਭ ਦੇਖ ਰਹੇ ਹੋਣਗੇ। ਪੈਨਸਿਲਵੇਨੀਆ ਅਤੇ ਜਾਰਜੀਆ ਵਿਚ ਵੀ ਉਨ੍ਹਾਂ ਨੇ ਇਸੇ ਤਰ੍ਹਾਂ ਦੇ ਬਿਆਨ ਦਿੱਤੇ। ਜਾਰਜੀਆ ਵਿਚ ਟਰੰਪ ਨੇ ਮਜ਼ਾਕੀਆ ਲਹਿਜ਼ੇ ਵਿਚ ਕਿਹਾ ਕਿ ਅਹੁਦਾ ਛੱਡਣ ਤੋਂ ਬਾਅਦ ਉਹ ਸ਼ਾਇਦ ਘਰ ਬੈਠੇ "ਰੋ ਰਹੇ ਹੋਣ।"

ਹਾਲਾਂਕਿ ਟਰੰਪ ਨੇ ਤੀਸਰੇ ਕਾਰਜਕਾਲ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਖਾਰਜ ਨਹੀਂ ਕੀਤਾ। ਮਿਸ਼ੀਗਨ ਵਿਚ ਉਨ੍ਹਾਂ ਨੇ ਕਿਹਾ ਕਿ ਕੁਝ ਸਾਲਾਂ ਬਾਅਦ ਅਮਰੀਕਾ ਵਿਚ ਕੋਈ ਹੋਰ ਰਾਸ਼ਟਰਪਤੀ "ਹੋ ਸਕਦਾ ਹੈ", ਜਿਸ ਨਾਲ ਮੁੜ ਚਰਚਾ ਛਿੜ ਗਈ।

ਅਮਰੀਕੀ ਸੰਵਿਧਾਨ ਦੀ 22ਵੀਂ ਸੋਧ ਮੁਤਾਬਕ ਕੋਈ ਵੀ ਵਿਅਕਤੀ ਦੋ ਵਾਰ ਤੋਂ ਵੱਧ ਰਾਸ਼ਟਰਪਤੀ ਨਹੀਂ ਚੁਣਿਆ ਜਾ ਸਕਦਾ। ਇਸ ਦੇ ਬਾਵਜੂਦ ਟਰੰਪ ਪਹਿਲਾਂ ਕਹਿ ਚੁੱਕੇ ਹਨ ਕਿ ਤੀਸਰੇ ਕਾਰਜਕਾਲ ਲਈ ਕੁਝ "ਤਰੀਕੇ" ਹੋ ਸਕਦੇ ਹਨ। ਉਹ "ਟਰੰਪ 2028" ਵਾਲੀਆਂ ਟੋਪੀਆਂ ਵੀ ਪਹਿਨਦੇ ਰਹੇ ਹਨ।

ਸੰਵਿਧਾਨਕ ਮਾਹਿਰਾਂ ਦਾ ਕਹਿਣਾ ਹੈ ਕਿ ਟਰੰਪ ਦੇ ਮਿਲੇ-ਜੁਲੇ ਬਿਆਨ ਅਸਪੱਸ਼ਟਤਾ ਬਣਾਈ ਰੱਖਦੇ ਹਨ। 2026 ਦੀਆਂ ਮੱਧਵਰਤੀ ਚੋਣਾਂ ਨੇੜੇ ਹੋਣ ਕਰਕੇ ਇਹ ਚਰਚਾ ਅਮਰੀਕੀ ਰਾਜਨੀਤੀ ਵਿਚ ਹੋਰ ਮਹੱਤਵਪੂਰਨ ਬਣ ਗਈ ਹੈ।

## ਅਮਰੀਕੀ ਅਦਾਲਤ ਵੱਲੋਂ 9/11 ਹਮਲੇ ਦੇ ਕਥਿਤ ਮਾਸਟਰਮਾਈਂਡ ਖਾਲਿਦ ਸ਼ੇਖ ਮੁਹੰਮਦ ਦਾ ਕਬੂਲਨਾਮਾ ਖਾਰਿਜ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕੀ ਫ਼ੌਜੀ ਅਦਾਲਤ ਨੇ ਫ਼ੈਸਲਾ ਸੁਣਾਇਆ ਹੈ ਕਿ 11 ਸਤੰਬਰ ਦੇ ਵਰਲਡ ਟ੍ਰੇਡ ਸੈਂਟਰ ਹਮਲਿਆਂ ਦੇ ਕਥਿਤ ਮਾਸਟਰਮਾਈਂਡ ਖਾਲਿਦ ਸ਼ੇਖ ਮੁਹੰਮਦ ਨੇ 2007 'ਚ ਸੰਘੀ ਜਾਂਚ ਬਿਊਰੋ (ਐੱਫ.ਬੀ.ਆਈ.) ਏਜੰਟਾਂ ਸਾਹਮਣੇ ਜੋ ਕਬੂਲਨਾਮੇ ਦਿੱਤੇ ਸਨ, ਉਨ੍ਹਾਂ ਨੂੰ ਮੁਕੱਦਮੇ 'ਚ ਸਬੂਤ ਵਜੋਂ ਵਰਤਿਆ ਨਹੀਂ ਜਾ ਸਕਦਾ ਕਿਉਂਕਿ ਇਹ ਬਿਆਨ ਆਪਣੀ ਮਰਜ਼ੀ ਨਾਲ ਨਹੀਂ ਦਿੱਤੇ ਗਏ ਸਨ। ਇਹ ਫ਼ੈਸਲਾ ਅਮਰੀਕੀ ਸਰਕਾਰ ਦੀ ਉਸ ਲੰਮੀ ਕੋਸ਼ਿਸ਼ ਲਈ ਇਕ ਝਟਕਾ ਹੈ, ਜਿਸ ਦੇ ਤਹਿਤ ਮੁਹੰਮਦ (ਜਿਸ ਨੂੰ ਕੇ.ਐੱਸ.ਐੱਮ. ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ) 'ਤੇ ਮੁਕੱਦਮਾ ਚਲਾਇਆ ਜਾ ਰਿਹਾ ਹੈ। ਉਸ 'ਤੇ 4 ਕਮਰਸ਼ੀਅਲ ਜਹਾਜ਼ਾਂ ਨੂੰ ਹਾਈਜੈਕ ਕਰਨ ਅਤੇ ਉਨ੍ਹਾਂ ਨੂੰ ਵਰਲਡ ਟ੍ਰੇਡ ਸੈਂਟਰ ਅਤੇ ਪੈਂਟਾਗਨ ਨਾਲ ਟਕਰਾਉਣ ਦੀ ਸਾਜ਼ਿਸ਼ ਰਚਣ ਅਤੇ ਉਸ ਨੂੰ ਅੰਜਾਮ ਦੇਣ 'ਚ ਮਦਦ ਕਰਨ ਦਾ ਦੋਸ਼ ਹੈ।

ਜ਼ਿਕਰਯੋਗ ਹੈ ਕਿ 11 ਸਤੰਬਰ, 2001 ਦੇ ਹਮਲਿਆਂ 'ਚ ਲਗਭਗ 3,000 ਲੋਕ ਮਾਰੇ ਗਏ ਸਨ। ਫ਼ੌਜੀ ਅਦਾਲਤ ਦੇ ਜੱਜ ਲੈਫਟੀਨੈਂਟ ਕਰਨਲ ਮਾਈਕਲ ਸ਼੍ਰਮਾ ਨੇ ਫ਼ੈਸਲਾ ਸੁਣਾਇਆ ਕਿ ਜਨਵਰੀ 2007 ਵਿਚ 4 ਦਿਨਾਂ ਦੀ ਪੁੱਛਗਿੱਛ ਦੌਰਾਨ ਮੁਹੰਮਦ ਨੇ ਜੋ ਬਿਆਨ ਦਿੱਤੇ ਸਨ, ਉਨ੍ਹਾਂ ਨੂੰ ਉਸ ਦੇ ਖ਼ਿਲਾਫ਼ ਵਰਤਿਆ ਨਹੀਂ ਜਾ ਸਕਦਾ। ਰਿਪੋਰਟ ਅਨੁਸਾਰ, ਅਦਾਲਤ ਦਾ ਹੁਕਮ ਜਨਤਕ ਤੌਰ 'ਤੇ ਜਾਰੀ ਨਹੀਂ ਕੀਤਾ ਗਿਆ ਸੀ ਪਰ ਜਿਨ੍ਹਾਂ ਵਕੀਲਾਂ ਨੇ ਫ਼ੈਸਲਾ ਦੇਖਿਆ ਸੀ, ਉਨ੍ਹਾਂ ਨੇ ਇਸ ਜਾਣਕਾਰੀ ਦੀ ਪੁਸ਼ਟੀ ਕੀਤੀ।

## ਮੈਟਾ ਵੱਲੋਂ ਬੱਚਿਆਂ ਲਈ ਨਿਯਮਾਂ 'ਚ ਸਖਤੀ!




**ਓਕਲੈਂਡ, (ਪੰਜਾਬ ਮੇਲ)-** 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਛੇਤੀ ਹੀ ਆਪਣੇ ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ ਕਈ ਤਬਦੀਲੀਆਂ ਦੇਖਣ ਨੂੰ ਮਿਲਣਗੀਆਂ। ਮੈਟਾ ਨੇ 48 ਅਮਰੀਕੀ ਸੂਬਿਆਂ ਨਾਲ 18 ਅਰਬ ਡਾਲਰ ਦਾ ਇਤਿਹਾਸਕ ਸਮਝੌਤਾ ਕੀਤਾ ਹੈ। ਮੈਟਾ ਨੇ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਪਣੀ ਕੋਈ ਸਹੂਲਤ ਨਾ ਦੇਣ 'ਤੇ ਸਹਿਮਤੀ ਪ੍ਰਗਟਾਈ ਹੈ। ਨਾਬਾਲਗਾਂ ਲਈ ਅੱਧੀ ਰਾਤ ਤੋਂ ਲੈ ਕੇ ਸਵੇਰੇ 6 ਵਜੇ ਤੱਕ ਕੋਈ ਵੀ ਐਪ ਕੰਮ ਨਹੀਂ ਕਰੇਗਾ। ਇਸ ਤੋਂ ਇਲਾਵਾ ਉਨ੍ਹਾਂ ਨੂੰ ਸੋਸ਼ਲ ਮੀਡੀਆ ਦੀ ਵਰਤੋਂ ਸਿਰਫ਼ ਦੋ ਘੰਟੇ ਲਈ ਕਰਨ ਨੂੰ ਮਿਲੇਗੀ। ਮੈਟਾ ਨੇ ਭਾਵੇਂ ਇਹ ਤਬਦੀਲੀ ਕਰਨ ਦਾ ਫ਼ੈਸਲਾ ਕੀਤਾ ਹੈ ਪਰ ਆਲੋਚਕਾਂ ਨੇ ਖ਼ਬਰਦਾਰ ਕੀਤਾ ਹੈ ਕਿ ਸੋਸ਼ਲ ਮੀਡੀਆ ਨਾਲ ਸਬੰਧਤ ਸਮੱਸਿਆਵਾਂ ਏਨੀ ਛੇਤੀ ਖ਼ਤਮ ਨਹੀਂ ਹੋਣਗੀਆਂ।

ਮੈਟਾ ਦੇ ਸਾਬਕਾ ਇੰਜੀਨੀਅਰਿੰਗ ਡਾਇਰੈਕਟਰ ਅਰਟੂਰੋ ਬੇਜਾਰ ਨੇ ਸਮਝੌਤੇ ਨੂੰ ਇਤਿਹਾਸਕ ਕਰਾਰ ਦਿੰਦਿਆਂ ਮਾਪਿਆਂ ਨੂੰ ਕਿਹਾ ਕਿ ਉਹ ਬੱਚਿਆਂ ਲਈ ਇੰਸਟਾਗ੍ਰਾਮ ਨੂੰ ਅਚਾਨਕ ਸੁਰੱਖਿਅਤ ਨਾ ਸਮਝ ਲੈਣ। ਮਾਹਿਰਾਂ ਦਾ ਮੰਨਣਾ ਹੈ ਕਿ ਦੋ ਘੰਟੇ ਤੱਕ ਸੋਸ਼ਲ ਮੀਡੀਆ ਦੇਖਣ ਮਗਰੋਂ ਬੱਚੇ ਭਾਵੇਂ ਫੋਨ ਛੱਡ ਦੇਣ ਪਰ ਇਸ ਨਾਲ ਉਹ ਮਾਨਸਿਕ ਤੌਰ 'ਤੇ ਤਣਾਅ 'ਚ ਆ ਸਕਦੇ ਹਨ ਕਿਉਂਕਿ ਇਹ ਆਦਤ ਛੇਤੀ ਛੁਟਣ ਵਾਲੀ ਨਹੀਂ ਹੈ। ਔਨਲਾਈਨ ਕੰਪਨੀ ਫੇਅਰਪਲੇਅ ਦੇ ਕਾਰਜਕਾਰੀ ਡਾਇਰੈਕਟਰ ਜੋਸ਼ ਗੋਲਿਨ ਨੇ ਕਿਹਾ ਕਿ ਮਾਪਿਆਂ ਦੇ ਹੱਥ ਕੰਟਰੋਲ ਦੇਣ ਦੀ ਬਜਾਏ ਖ਼ਤਰਨਾਕ ਫੀਚਰਾਂ 'ਤੇ ਰੋਕ ਲਈ ਕੰਮ ਕਰਨਾ ਚਾਹੀਦਾ ਹੈ। ਸਾਈਬਰ ਸੇਫਟੀ ਰਿਸਰਚ ਸੈਂਟਰ ਦੀ ਡਾਇਰੈਕਟਰ ਯੇਇਨ ਆਇਸਨਸਟੈਟ ਨੇ ਕਿਹਾ ਕਿ ਦੇਖਣਾ ਪਵੇਗਾ ਕਿ ਸਾਰੀਆਂ ਤਬਦੀਲੀਆਂ ਲਾਗੂ ਹੁੰਦੀਆਂ ਹਨ ਜਾਂ ਨਹੀਂ। ਕਈ ਸਾਲਾਂ ਤੋਂ ਮੈਟਾ ਆਪਣੇ ਮੁਨਾਫ਼ੇ ਲਈ ਮੁਲਾਜ਼ਮਾਂ ਦੀ ਸਲਾਹ ਨੂੰ ਅਣਗੌਲਿਆ ਕਰਦਾ ਆ ਰਿਹਾ ਸੀ ਪਰ ਹੁਣ ਉਸ ਨੂੰ ਕਦਮ ਚੁੱਕਣ ਲਈ ਮਜਬੂਰ ਹੋਣਾ ਪਿਆ ਹੈ। ਹਾਲੇ ਬਹੁਤ ਕੰਮ ਕਰਨਾ ਬਾਕੀ ਹੈ ਅਤੇ ਬੱਚਿਆਂ ਦੀ ਸੁਰੱਖਿਆ ਲਈ ਸਾਰਿਆਂ ਨੂੰ ਰਲ ਕੇ ਯਤਨ ਕਰਨੇ ਪੈਣਗੇ।




# ਪੰਜਾਬ ਮੂਲ ਦੇ ਗੁਰਮੀਤ ਸਿੰਘ ਦੀ ਅਮਰੀਕੀ ਨਾਗਰਿਕਤਾ ਰੱਦ

## ਜਬਰ-ਜਨਾਹ ਤੇ ਅਗਵਾ ਮਾਮਲੇ ਵਿਚ ਕੱਟ ਰਿਹਾ 20 ਸਾਲ ਦੀ ਸਜ਼ਾ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਪੰਜਾਬ ਮੂਲ ਦੇ ਗੁਰਮੀਤ ਸਿੰਘ ਦੀ ਅਮਰੀਕੀ ਨਾਗਰਿਕਤਾ ਇੱਕ ਸੰਘੀ ਅਦਾਲਤ ਵੱਲੋਂ ਰੱਦ ਕਰ ਦਿੱਤੀ ਗਈ ਹੈ। ਅਮਰੀਕੀ ਨਿਆਂ ਵਿਭਾਗ ਅਨੁਸਾਰ ਨਿਊਯਾਰਕ ਦੇ ਈਸਟਰਨ ਡਿਸਟ੍ਰਿਕਟ ਦੀ ਸੰਘੀ ਅਦਾਲਤ ਨੇ 26 ਅਗਸਤ ਨੂੰ ਉਸਦੀ ਨੈਚੁਰਲਾਈਜ਼ੇਸ਼ਨ ਰੱਦ ਕਰਨ ਦਾ ਹੁਕਮ ਦਿੱਤਾ। ਗੁਰਮੀਤ ਸਿੰਘ ਨੂੰ ਨਿਊਯਾਰਕ ਵਿਚ ਪਹਿਲੀ ਡਿਗਰੀ ਦੇ ਜਬਰ-ਜਨਾਹ ਅਤੇ ਜਿਨਸੀ ਮਕਸਦ ਨਾਲ ਦੂਜੀ ਡਿਗਰੀ ਦੇ ਅਗਵਾ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ ਅਤੇ ਉਸਨੂੰ 20 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ।

ਨਿਆਂ ਵਿਭਾਗ ਮੁਤਾਬਕ ਗੁਰਮੀਤ ਸਿੰਘ ਫਰਵਰੀ 1992 ਵਿਚ ਵਿਜ਼ਟਰ ਵਜੋਂ ਅਮਰੀਕਾ ਆਇਆ ਸੀ ਅਤੇ ਉਸਨੂੰ ਛੇ ਮਹੀਨਿਆਂ ਤੱਕ ਰਹਿਣ ਦੀ ਇਜਾਜ਼ਤ ਸੀ। ਇਸ ਤੋਂ ਬਾਅਦ ਉਹ ਕਈ ਸਾਲ ਬਿਨਾਂ ਕਾਨੂੰਨੀ ਅਧਿਕਾਰ ਦੇ ਅਮਰੀਕਾ ਵਿਚ ਰਿਹਾ। ਜੂਨ 2000 ਵਿਚ ਪਰਿਵਾਰ-ਆਧਾਰਿਤ ਇਮੀਗ੍ਰੈਂਟ ਪਟੀਸ਼ਨ ਰਾਹੀਂ ਉਸਨੂੰ ਪੱਕੀ ਰਿਹਾਇਸ਼ ਮਿਲ ਗਈ।

ਮਈ 2011 ਵਿਚ, ਅਮਰੀਕੀ ਨਾਗਰਿਕਤਾ ਲਈ ਅਰਜ਼ੀ ਦੇਣ ਤੋਂ ਕੁਝ ਹਫ਼ਤੇ ਪਹਿਲਾਂ, ਗੁਰਮੀਤ ਸਿੰਘ ਟੈਕਸੀ ਡਰਾਈਵਰ ਵਜੋਂ ਕੰਮ ਕਰ ਰਿਹਾ ਸੀ। ਅਦਾਲਤੀ ਰਿਕਾਰਡ ਮੁਤਾਬਕ ਉਸਨੇ ਆਪਣੀ ਇੱਕ ਮਹਿਲਾ ਸਵਾਰੀ ਨੂੰ ਅਗਵਾ ਕਰਕੇ ਚਾਕੂ ਦੀ ਨੋਕ 'ਤੇ ਜਬਰ-ਜਨਾਹ ਕੀਤਾ। ਬਾਅਦ ਵਿਚ ਪੀੜਤਾ ਉੱਥੋਂ ਨਿਕਲ ਕੇ ਮਦਦ ਲੈਣ ਵਿਚ ਕਾਮਯਾਬ ਹੋਈ।

ਨਿਆਂ ਵਿਭਾਗ ਦਾ ਕਹਿਣਾ ਹੈ ਕਿ ਗੁਰਮੀਤ ਸਿੰਘ ਨੇ ਨਾਗਰਿਕਤਾ ਹਾਸਲ ਕਰਨ ਦੀ ਪ੍ਰਕਿਰਿਆ ਦੌਰਾਨ ਇਸ ਅਪਰਾਧ ਬਾਰੇ ਜਾਣਕਾਰੀ ਛੁਪਾਈ ਅਤੇ 19 ਅਕਤੂਬਰ 2011 ਨੂੰ ਅਮਰੀਕੀ ਨਾਗਰਿਕ ਬਣ ਗਿਆ। ਬਾਅਦ ਵਿਚ ਉਸਨੂੰ ਇਨ੍ਹਾਂ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਗਿਆ।

ਅਮਰੀਕੀ ਅਟਾਰਨੀ ਜਨਰਲ ਟੌਡ ਬਲੈਂਚ ਨੇ ਕਿਹਾ ਕਿ ਧੋਖੇ ਜਾਂ ਮਹੱਤਵਪੂਰਨ ਤੱਥ ਛੁਪਾ ਕੇ ਪ੍ਰਾਪਤ ਕੀਤੀ ਨਾਗਰਿਕਤਾ ਅਪਰਾਧਿਕ ਜ਼ਿੰਮੇਵਾਰੀ ਤੋਂ ਬਚਾਅ ਨਹੀਂ ਦੇ ਸਕਦੀ। ਇਹ ਮਾਮਲਾ ਇਸ ਲਈ ਵੀ ਮਹੱਤਵਪੂਰਨ ਹੈ ਕਿ ਅਮਰੀਕੀ ਕਾਨੂੰਨ ਹੇਠ ਗੰਭੀਰ ਤੱਥ ਛੁਪਾ ਕੇ ਜਾਂ ਜਾਣਬੁੱਝ ਕੇ ਗਲਤ ਜਾਣਕਾਰੀ ਦੇ ਕੇ ਪ੍ਰਾਪਤ ਕੀਤੀ ਨੈਚੁਰਲਾਈਜ਼ਡ ਨਾਗਰਿਕਤਾ ਅਦਾਲਤੀ ਕਾਰਵਾਈ ਰਾਹੀਂ ਰੱਦ ਕੀਤੀ ਜਾ ਸਕਦੀ ਹੈ।

# ਅਮਰੀਕਾ 'ਚ ਪੰਜਾਬੀ ਵਿਅਕਤੀ ਲਾਪਤਾ !




**ਕੇਂਟਕੀ (ਲੂਇਸਵਿਲ), (ਪੰਜਾਬ ਮੇਲ)-** ਅਮਰੀਕਾ 'ਚ ਪੰਜਾਬੀ ਵਿਅਕਤੀ ਕਰਮਜੀਤ ਸਿੰਘ 14 ਅਗਸਤ, 2026 ਤੋਂ ਲਾਪਤਾ ਹੈ। ਉਸ ਦਾ ਕੱਦ 5 ਫੁੱਟ 11 ਇੰਚ ਹੈ। ਉਹ ਕੋਲੰਬਸ, ਓਹਾਇਓ ਤੋਂ ਲੂਇਸਵਿਲ, ਕੇਂਟਕੀ ਵੱਲ ਬੱਸ ਰਾਹੀਂ ਯਾਤਰਾ ਕਰ ਰਿਹਾ ਸੀ। ਬੱਸ ਡਰਾਈਵਰ ਅਨੁਸਾਰ ਕਰਮਜੀਤ ਕਿਸੇ ਅਣਜਾਣੀ ਥਾਂ 'ਤੇ ਉਤਰ ਗਿਆ ਅਤੇ ਉਸ ਤੋਂ ਬਾਅਦ ਵਾਪਸ ਬੱਸ 'ਤੇ ਨਹੀਂ ਆਇਆ। ਉਸ ਨੂੰ ਆਖਰੀ ਵਾਰ ਲੂਇਸਵਿਲ, ਕੇਂਟਕੀ ਵਿਚ ਦੇਖਿਆ ਗਿਆ ਸੀ। ਪਰਿਵਾਰ ਅਤੇ ਅਮਰੀਕੀ ਪੁਲਿਸ ਵੱਲੋਂ ਵੀ ਕਰਮਜੀਤ ਸਿੰਘ ਦੀ ਭਾਲ ਲਈ ਕੋਸ਼ਿਸ਼ਾਂ ਜਾਰੀ ਹਨ। ਪੁਲਿਸ ਨੇ ਕਰਮਜੀਤ ਸਿੰਘ ਦੀ ਭਾਲ ਲਈ ਲੋਕਾਂ ਨੂੰ ਵੀ ਅਪੀਲ ਕੀਤੀ ਹੈ।

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹੋਣ 'ਤੇ ਕੋਲੰਬਸ ਪੁਲਿਸ ਨੂੰ 614-645-4545, ਲੂਇਸਵਿਲ ਮੈਟਰੋ ਪੁਲਿਸ ਨੂੰ 502-574-7111 'ਤੇ ਜਾਣਕਾਰੀ ਦਿੱਤੀ ਜਾ ਸਕਦੀ ਹੈ।

ਪਰਿਵਾਰ ਨੂੰ ਜਾਣਕਾਰੀ ਦੇਣ ਲਈ 669-265-7004 ਜਾਂ 678-668-0967 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਮਰੀਕਾ ਵੱਲੋਂ ਅਫ਼ਗਾਨੀ ਤੇ ਇਰਾਨੀ ਨਾਗਰਿਕਾਂ ਸਮੇਤ ਦਰਜਨਾਂ ਲੋਕ ਡਿਪੋਰਟ

**ਡਕਾਰ/ਸੇਨੇਗਲ, (ਪੰਜਾਬ ਮੇਲ)-** ਅਮਰੀਕਾ ਵੱਲੋਂ ਕਈ ਲੋਕਾਂ ਨੂੰ ਮੱਧ ਅਫ਼ਰੀਕੀ ਗਣਰਾਜ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਸ਼ਰਨਾਰਥੀ ਸੰਸਥਾ 'ਹਿਊਮਨ ਰਾਈਟਸ ਫ਼ਸਟ' ਦੀ ਨਿਰਦੇਸ਼ਕ ਸਾਵੀ ਆਰਵੀ ਮੁਤਾਬਕ, ਸ਼ਨੀਵਾਰ ਨੂੰ ਰਾਜਧਾਨੀ ਬਾਂਗੁਈ ਪਹੁੰਚੀ ਇਸ ਉਡਾਣ 'ਚ 12 ਅਫ਼ਗਾਨੀ ਅਤੇ 8 ਈਰਾਨੀ ਨਾਗਰਿਕਾਂ ਤੋਂ ਇਲਾਵਾ ਨੇਪਾਲ ਅਤੇ ਨਿਕਾਰਾਗੁਆ ਦੇ ਕਈ ਲੋਕ ਸ਼ਾਮਲ ਸਨ। ਇਨ੍ਹਾਂ ਲੋਕਾਂ ਵਿਚ 20 ਸਾਲਾ ਇਕ ਅਫ਼ਗਾਨ ਨੌਜਵਾਨ ਵੀ ਸ਼ਾਮਲ ਹੈ, ਜਿਸ ਦੇ ਭਰਾਵਾਂ ਨੇ ਅਮਰੀਕੀ ਫੌਜ ਨਾਲ ਮਿਲ ਕੇ ਕੰਮ ਕੀਤਾ ਸੀ। ਉਸਦੇ ਵਕੀਲ ਅਲਮਾ ਡੇਵਿਡ ਮੁਤਾਬਕ, ਇਸ ਅਫਗਾਨੀ ਨੌਜਵਾਨ ਨੂੰ ਤਾਲਿਬਾਨ ਵੱਲੋਂ ਅੱਤਿਆਚਾਰ ਦੇ ਡਰ ਕਾਰਨ ਇੱਕ ਅਮਰੀਕੀ ਜੱਜ ਦੁਆਰਾ ਅਫਗਾਨਿਸਤਾਨ ਵਾਪਸ ਭੇਜੇ ਜਾਣ ਤੋਂ ਸੁਰੱਖਿਆ ਪ੍ਰਦਾਨ ਕੀਤੀ ਗਈ ਸੀ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਅਫ਼ਗਾਨਿਸਤਾਨ 'ਚ ਉਸਦੇ ਭਰਾਵਾਂ ਵੱਲੋਂ ਅਮਰੀਕੀ ਫੌਜ ਦੀ ਮਦਦ ਕੀਤੇ ਜਾਣ ਕਾਰਨ ਅਫਗਾਨਿਸਤਾਨ ਵਿਚ ਰਹਿੰਦੇ ਉਸਦੇ ਪਰਿਵਾਰ ਨੂੰ ਤਾਲਿਬਾਨ ਤੋਂ ਲਗਾਤਾਰਾ ਧਮਕੀਆਂ ਮਿਲ ਰਹੀਆਂ ਸਨ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ 14ਵੇਂ ਸਥਾਪਨਾ ਦਿਵਸ ਦੀ ਖੁਸ਼ੀ ’ਚ 30 ਮਰੀਜ਼ਾਂ ਨੂੰ ਦਿੱਤੀ ਵਿੱਤੀ ਸਹਾਇਤਾ

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਟਰੱਸਟ ਦਾ 14ਵਾਂ ਸਥਾਪਨਾ ਦਿਵਸ 30 ਲੋੜਵੰਦਾਂ ਮਰੀਜ਼ਾਂ ਨੂੰ 30 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦੇ ਕੇ ਮਨਾਇਆ ਗਿਆ ਅਤੇ ਇਸ ਸਥਾਪਨਾ ਦਿਵਸ ’ਤੇ ਟਰੱਸਟੀ ਡਾਕਟਰ ਐੱਸ.ਪੀ. ਸਿੰਘ ਓਬਰਾਏ ਨੂੰ ਵਧਾਈ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਟੀਮ ਨੇ ਦੱਸਿਆ ਕਿ ਪਿਛਲੇ ਸਾਲਾਂ ’ਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਡਾਕਟਰ ਐੱਸ.ਪੀ. ਸਿੰਘ ਓਬਰਾਏ ਦੀ ਯੋਗ ਅਗਵਾਈ ਹੇਠ ਆਪਣੇ ਕਾਰਜਾਂ ਨੂੰ ਅਸਲੀ ਰੂਪ ਦੇ ਕੇ ਨਾ ਕੇਵਲ ਕੌਮੀ ਪੱਧਰ ’ਤੇ, ਸਗੋਂ ਕੌਮਾਤਰੀ ਪੱਧਰ ’ਤੇ ਆਪਣੀ ਪਹਿਚਾਣ ਨੂੰ ਇੱਕ ਨਿਵੇਕਲੇ ਸੰਦਰਭ ਵਿਚ ਸਥਾਪਤ ਕਰ ਲਿਆ ਹੈ। ਪਿਛਲਿਆਂ ਵਰ੍ਹਿਆਂ ਵਿਚ ਸੰਸਥਾ ਦੁਆਰਾ ਕੀਤੇ ਕਾਰਜਾਂ ਨੇ ਲੋਕ-ਮਨਾਂ ਵਿਚ ਹੈਰਾਨਗੀ ਅਤੇ ਅਚੰਭਾ ਜ਼ਰੂਰ ਪੈਦਾ ਕੀਤਾ ਹੈ। ਜਿੱਥੇ ਕਿਤੇ ਵੀ ਮਨੁੱਖਤਾ ਉੱਪਰ ਕੋਈ ਵੀ ਕਿਸੇ ਵੀ ਕਿਸਮ ਦੀ ਭੀੜ ਪੈਂਦੀ ਹੈ, ਤਾਂ ਟਰੱਸਟ ਬਿਨਾਂ ਕਿਸੇ ਦੇਸ਼, ਧਰਮ, ਜਾਤ-ਪਾਤ, ਰੰਗ ਦੇਖੇ ਬਿਨਾਂ, ਸਿਰਫ ਖੂਨ ਦਾ ਰੰਗ ਲਾਲ ਦੇਖ ਕੇ ਮਦਦ ਕਰਦਾ ਹੈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਆਉਣ ਵਾਲੇ ਸਮੇਂ ਵਿਚ ਟਰੱਸਟ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਬਲਵਿੰਦਰ ਸਿੰਘ ਬਰਾੜ ਸਾਬਕਾ ਚੇਅਰਮੈਨ ਬੂੜਾ ਗੁੱਜਰ ਨੇ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਹਰਭਗਵਾਨ ਸਿੰਘ ਖੱਪਿਆਂਵਾਲ਼ੀ, ਮਲਕੀਤ ਸਿੰਘ ਕਾਲਾ ਖੱਪਿਆਂਵਾਲ਼ੀ, ਜਸਬੀਰ ਸਿੰਘ ਰਿਟਾ. ਏ.ਐੱਸ. ਆਈ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ, ਗੁਰਜੀਤ ਸਿੰਘ ਜੀਤਾ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਗੁਰਸੇਵਕ ਸਿੰਘ ਯੂ.ਐੱਸ.ਏ. ਆਦਿ ਹਾਜ਼ਰ ਸਨ।





ਡਾ. ਐੱਸ.ਪੀ. ਸਿੰਘ ਓਬਰਾਏ।

# ਤਿੰਨ ਤਿੰਨ ਦਹਾਕਿਆਂ ਤੋਂ ਜੇਲ੍ਹਾਂ ’ਚ ਬੰਦ ਕੌਮੀ ਯੋਧਿਆਂ ਦੀ ਰਿਹਾਈ ਲਈ ਸਮੁੱਚਾ ਪੰਥ ਯਤਨਸ਼ੀਲ : ਗਿਆਨੀ ਕੁਲਦੀਪ ਸਿੰਘ ਗੜਗੱਜ



**ਕਰਹਾਲੀ, (ਪੰਜਾਬ ਮੇਲ)**- ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਇਆ ਮੀਰੀ ਪੀਰੀ ਖਾਲਸਾ ਮਾਰਚ ਦੂਸਰੇ ਪੜਾਅ ਤਹਿਤ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਕਰਹਾਲੀ ਪਟਿਆਲਾ ਤੋਂ ਪੰਥਕ ਰਵਾਇਤਾਂ ਨਾਲ ਆਪਣੇ ਅਗਲੇ ਪੜਾਅ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਲਈ ਰਵਾਨਾ ਹੋਇਆ। ਖ਼ਾਲਸਾ ਮਾਰਚ ਦੀ ਆਰੰਭਤਾ ਤੋਂ ਪਹਿਲਾਂ ਬੰਦੀ ਸਿੰਘਾਂ ਦੀ ਰਿਹਾਈ ਤੇ ਚੜ੍ਹਦੀ ਕਲਾ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕੀਤੀ ਅਤੇ ਪਾਵਨ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਬੰਦੀ ਸਿੰਘ ਕੌਮੀ ਹੀਰੇ ਹਨ, ਜਿਨ੍ਹਾਂ ਦੀ ਰਿਹਾਈ ਲਈ ਸਮੁੱਚਾ ਪੰਥ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘ ਆਪਣੀਆਂ ਕਾਨੂੰਨੀ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਲੰਮੇ ਸਮੇਂ ਤੋਂ ਜ਼ੇਲ੍ਹਾਂ ਵਿਚ ਨਜ਼ਰਬੰਦ ਹਨ। ਤਿੰਨ-ਤਿੰਨ ਦਹਾਕਿਆਂ ਤੋਂ ਵੱਧ ਸਮਾਂ ਜੇਲ੍ਹਾਂ ਵਿਚ ਗੁਜ਼ਾਰ ਚੁੱਕੇ ਸਿੰਘਾਂ ਦੇ ਮਾਮਲੇ ਵਿਚ ਵੀ ਜੇਕਰ ਕਾਨੂੰਨੀ ਅਤੇ ਸੰਵਿਧਾਨਕ ਹੱਕ ਅਨੁਸਾਰ ਰਿਹਾਈ ਨਹੀਂ ਹੁੰਦੀ, ਤਾਂ ਇਹ ਗੰਭੀਰ ਸਵਾਲ ਪੈਦਾ ਕਰਦੀ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਕਿਸੇ ਇਕ ਵਿਅਕਤੀ ਜਾਂ ਸੰਸਥਾ ਦਾ ਮਾਮਲਾ ਨਹੀਂ, ਸਗੋਂ ਸਮੁੱਚੇ ਪੰਥ ਦੀਆਂ ਭਾਵਨਾਵਾਂ ਨਾਲ ਜੁੜਿਆ ਹੈ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਅਰਦਾਸ ਸਮਾਗਮ ਦੀ ਗੱਲ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਕੌਮ ਅੰਦਰ ਚੇਤਨਾ ਪੈਦਾ ਕਰਦੇ ਹਨ। ਇਸ ਨਾਲ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਸਿੰਘਾਂ ਦੀ ਕੁਰਬਾਨੀ ਅਤੇ ਉਨ੍ਹਾਂ ਨਾਲ ਹੋ ਰਹੀ ਬੇਇਨਸਾਫ਼ੀ ਸਬੰਧੀ ਅਵਾਜ਼ ਹੋਰ ਬੁਲੰਦ ਹੋਵੇਗੀ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖਾਂ ਨਾਲ ਬੇਇਨਸਾਫ਼ੀ ਵਿਰੁੱਧ ਸੰਘਰਸ਼ ਦੇ ਰਾਹ ਤੁਰੇ ਬੰਦੀ ਸਿੰਘਾਂ ਨੇ ਆਪਣੀ ਜ਼ਿੰਦਗੀ ਦੇ ਕੀਮਤੀ ਦਹਾਕੇ ਜੇਲ੍ਹਾਂ ਦੀ ਚਾਰ-ਦਿਵਾਰੀ ਵਿਚ ਬਿਤਾਅ ਦਿੱਤੇ ਹਨ, ਪ੍ਰੰਤੂ ਸਰਕਾਰਾਂ ਵੱਲੋਂ ਸਿੱਖਾਂ ਨਾਲ ਹਮੇਸ਼ਾਂ ਬੇਇਨਸਾਫ਼ੀ ਹੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਨਾਲ ਸਬੰਧਤ ਮਾਮਲਿਆਂ ’ਤੇ ਸਰਕਾਰ ਦੀ ਨੀਤੀ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦਾ ਕਿਸੇ ਨਾਲ ਮੁਕਾਬਲਾ ਨਹੀਂ। ਉਨ੍ਹਾਂ ਕਿਹਾ ਕਿ ਸਿੱਖ ਕੌਮ ਬੰਦੀ ਸਿੰਘਾਂ ਦੀ ਕਿਸੇ ਨਾਲ ਤੁਲਨਾ ਨਹੀਂ ਕਰਦੀ, ਸਗੋਂ ਇਕਸਾਰ ਇਨਸਾਫ਼ ਦੀ ਮੰਗ ਕਰ ਰਹੀ ਹੈ। ਜੇਕਰ ਕਾਨੂੰਨ ਸਭ ਲਈ ਇਕ ਹੈ, ਤਾਂ ਉਸ ਦੀ ਵਰਤੋਂ ਵੀ ਇੱਕੋ ਜਿਹੀ ਹੋਣੀ ਚਾਹੀਦੀ ਹੈ। ਇਸੇ ਦੇਸ਼ ਵਿਚ ਘਿਨੌਣੇ ਅਪਰਾਧਾਂ ’ਚ ਸਜ਼ਾ ਕੱਟ ਰਹੇ ਵਿਅਕਤੀ ਨੂੰ ਤਾਂ ਸਾਲ ਵਿਚ ਕਈ ਵਾਰ ਪੈਰੋਲ ਦਿੱਤੀ ਜਾਂਦੀ ਹੈ, ਪ੍ਰੰਤੂ ਬੰਦੀ ਸਿੰਘਾਂ ਦੇ ਮਾਮਲੇ ਵਿਚ ਹਮੇਸ਼ਾ ਵਿਤਕਰਾ ਹੀ ਹੋਇਆ ਹੈ। ਭਾਈ ਜਗਤਾਰ ਸਿੰਘ ਹਵਾਰਾ ਨੂੰ ਉਨ੍ਹਾਂ ਦੀ ਬਿਮਾਰ ਮਾਤਾ ਨਾਲ ਮਿਲਣ ਤੱਕ ਲਈ ਕੁਝ ਦਿਨ ਵੀ ਨਹੀਂ ਦਿੱਤੇ ਜਾ ਰਹੇ। ਇਸੇ ਤਰ੍ਹਾਂ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਵਿਚ ਵੀ ਸਰਕਾਰ ਦੀ ਪਹੁੰਚ ਹਮੇਸ਼ਾ ਵਿਤਕਰੇ ਵਾਲੀ ਹੀ ਰਹੀ ਹੈ।

# ਹਵਾਈ ਈਂਧਣ ਦੀਆਂ ਕੀਮਤਾਂ ’ਚ ਵਾਧਾ; ਹਵਾਈ ਸਫ਼ਰ ਹੋ ਸਕਦਾ ਹੈ ਮਹਿੰਗਾ

**ਕੌਮਾਂਤਰੀ ਬਾਜ਼ਾਰ ’ਚ ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਦਾ ਅਸਰ**



**ਚੰਡੀਗੜ੍ਹ, (ਪੰਜਾਬ ਮੇਲ)**- ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ (ਆਈ.ਓ.ਸੀ.ਐੱਲ.) ਦੇ ਸਰੋਤਾਂ ਅਨੁਸਾਰ ਘਰੇਲੂ ਏਅਰਲਾਈਨਾਂ ਲਈ ਏਵੀਏਸ਼ਨ ਟਰਬਾਈਨ ਫਿਊਲ (ਏ.ਟੀ.ਐੱਫ.) ਦੀਆਂ ਕੀਮਤਾਂ ਵਿਚ 5.46 ਫ਼ੀਸਦੀ, ਯਾਨੀ 6.28 ਰੁਪਏ ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ ਹੈ। ਇਸ ਵਾਧੇ ਤੋਂ ਬਾਅਦ ਹਵਾਈ ਡੀਜ਼ਲ ਦੀ ਕੀਮਤ 115 ਰੁਪਏ ਪ੍ਰਤੀ ਲੀਟਰ ਤੋਂ ਵਧ ਕੇ 121.28 ਰੁਪਏ ਪ੍ਰਤੀ ਲੀਟਰ ਹੋ ਗਈ ਹੈ। ਇਹ ਲਗਾਤਾਰ ਦੂਜਾ ਮਹੀਨਾ ਹੈ, ਜਦੋਂ ਤੇਲ ਕੰਪਨੀਆਂ ਵੱਲੋਂ ਹਵਾਈ ਈਂਧਣ ਦੀਆਂ ਕੀਮਤਾਂ ਵਿਚ ਵਾਧਾ ਕੀਤਾ ਗਿਆ ਹੈ।

ਕੀਮਤਾਂ ਵਿਚ ਹੋਏ ਇਸ ਵਾਧੇ ਨਾਲ ਘਰੇਲੂ ਏਅਰਲਾਈਨਾਂ ਦਾ ਖਰਚਾ ਵਧੇਗਾ, ਜਿਸ ਦਾ ਸਿੱਧਾ ਅਸਰ ਹਵਾਈ ਕਿਰਾਇਆਂ ’ਤੇ ਪੈ ਸਕਦਾ ਹੈ ਅਤੇ ਟਿਕਟਾਂ ਮਹਿੰਗੀਆਂ ਹੋ ਸਕਦੀਆਂ ਹਨ। ਹਾਲਾਂਕਿ, ਟਿਕਟਾਂ ਦੀਆਂ ਕੀਮਤਾਂ ਵਿਚ ਬਦਲਾਅ ਯਾਤਰੀਆਂ ਦੀ ਮੰਗ, ਏਅਰਲਾਈਨਾਂ ਵਿਚਕਾਰ ਮੁਕਾਬਲੇ ਅਤੇ ਉਪਲਬਧ ਸੀਟਾਂ ’ਤੇ ਵੀ ਨਿਰਭਰ ਕਰੇਗਾ। ਭਾਰਤ ਵਿਚ ਕਿਸੇ ਵੀ ਏਅਰਲਾਈਨ ਦੇ ਕੁੱਲ ਸੰਚਾਲਨ ਖਰਚੇ ਦਾ ਲਗਭਗ 35 ਤੋਂ 40 ਫ਼ੀਸਦੀ ਹਿੱਸਾ ਸਿਰਫ਼ ਹਵਾਈ ਈਂਧਣ ’ਤੇ ਹੀ ਖਰਚ ਹੁੰਦਾ ਹੈ।

ਇਸ ਤੋਂ ਪਹਿਲਾਂ 1 ਅਗਸਤ ਨੂੰ ਵੀ ਏ.ਟੀ.ਐੱਫ. ਦੀਆਂ ਕੀਮਤਾਂ ਵਿਚ 5 ਰੁਪਏ ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ ਸੀ, ਜਦੋਂ ਕਿ ਜੁਲਾਈ ਮਹੀਨੇ ਵਿਚ 5 ਰੁਪਏ ਦੀ ਕਟੌਤੀ ਕੀਤੀ ਗਈ ਸੀ।

ਹਵਾਈ ਈਂਧਣ ਦੀਆਂ ਕੀਮਤਾਂ ਵਿਚ ਇਹ ਵਾਧਾ ਕੌਮਾਂਤਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਕਾਰਨ ਹੋਇਆ ਹੈ। ਅਮਰੀਕਾ ਅਤੇ ਇਰਾਨ ਵਿਚਕਾਰ ਵਧਦੇ ਤਣਾਅ ਕਾਰਨ ਹੋਰਮੁਜ਼ ਜਲਡਮਰੂ (ਸਟਰੇਟ ਆਫ ਹੋਰਮੁਜ਼) ਰਾਹੀਂ ਤੇਲ ਦੀ ਸਪਲਾਈ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਬਣਿਆ ਹੋਇਆ ਹੈ। ਕੌਮਾਂਤਰੀ ਬਾਜ਼ਾਰ ਵਿਚ ਵੈਸਟ ਟੈਕਸਾਸ ਇੰਟਰਮੀਡੀਏਟ (ਡਬਲਯੂ.ਟੀ.ਆਈ.) ਕੱਚਾ ਤੇਲ 86 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਅਤੇ ਬ੍ਰੈਂਟ ਕਰੂਡ 90 ਡਾਲਰ ਪ੍ਰਤੀ ਬੈਰਲ ਦੇ ਨੇੜੇ ਪਹੁੰਚ ਗਿਆ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ ’ਤੇ ਕਲਿੱਕ ਕਰੋ :
www.punjabmailusa.com

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ’ਤੇ 3 ਹਜ਼ਾਰ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਭੇਜਣ ਨੂੰ ਕੇਂਦਰ ਵੱਲੋਂ ਪ੍ਰਵਾਨਗੀ

**22 ਨਵੰਬਰ ਨੂੰ ਜੱਥਾ ਪਾਕਿਸਤਾਨ ਜਾਵੇਗਾ ਤੇ 1 ਦਸੰਬਰ ਨੂੰ ਵਾਪਸ ਪਰਤੇਗਾ**



**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਸਰਕਾਰ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ’ਤੇ 3 ਹਜ਼ਾਰ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਇਹ ਜੱਥਾ 22 ਨਵੰਬਰ ਨੂੰ ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਰਵਾਨਾ ਹੋਵੇਗਾ ਤੇ 1 ਦਸੰਬਰ ਨੂੰ ਵਾਪਸ ਪਰਤੇਗਾ। ਇਹ ਪ੍ਰਗਟਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਅਤੇ ਵਿਦੇਸ਼ ਮਾਮਲਿਆਂ ਦੇ ਸਲਾਹਕਾਰ ਪਰਮਜੀਤ ਸਿੰਘ ਚੰਢੋਕ ਨੇ ਕੀਤਾ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਕਾਲਕਾ ਤੇ ਸਰਦਾਰ ਕਾਹਲੋਂ ਨੇ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ 1 ਜੁਲਾਈ 2026 ਨੂੰ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਨੂੰ ਇਸ ਬਾਰੇ ਪੱਤਰ ਲਿਖਿਆ ਸੀ ਤੇ ਗ੍ਰਹਿ ਮੰਤਰੀ ਨੇ ਕਮੇਟੀ ਦੀ ਬੇਨਤੀ ਪ੍ਰਵਾਨ ਕਰਦਿਆਂ 3 ਹਜ਼ਾਰ ਸ਼ਰਧਾਲੂਆਂ ਦੇ ਜੱਥੇ ਨੂੰ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ 10 ਰੋਜ਼ਾ ਯਾਤਰਾ ਦੌਰਾਨ ਇਹ ਜੱਥਾ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸੱਚਾ ਸੌਦਾ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਅਤੇ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਦੇ ਦਰਸ਼ਨ ਕਰਨ ਉਪਰੰਤ ਵਾਪਸ ਪਰਤੇਗਾ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਨੇ ਸਪੱਸ਼ਟ ਨਿਰਦੇਸ਼ ਦਿੱਤੇ ਹਨ ਕਿ ਭਾਰਤ ਸਰਕਾਰ ਵੱਲੋਂ ਦਿੱਤੀ ਪ੍ਰਵਾਨਗੀ ਤਹਿਤ ਪੂਰੇ ਦਸਤਾਵੇਜ਼ਾਂ ਦੀ ਘੋਖ ਉਪਰੰਤ ਗ੍ਰਹਿ ਮੰਤਰਾਲਾ ਪਾਕਿਸਤਾਨ ਸਰਕਾਰ ਨੂੰ ਸੂਚੀ ਭੇਜੇਗਾ, ਜਿਸ ਮੁਤਾਬਕ ਹੀ ਜੱਥਾ ਰਵਾਨਾ ਹੋਵੇਗਾ। ਉਨ੍ਹਾਂ ਦੱਸਿਆ ਕਿ ਗ੍ਰਹਿ ਮੰਤਰਾਲੇ ਨੇ ਜੱਥੇ ਵਿਚ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਦਾ ਕੋਟਾ ਵੀ ਤੈਅ ਕੀਤਾ ਹੈ।

ਇਸ ਮੁਤਾਬਕ: ਦਿੱਲੀ (ਦਿੱਲੀ ਗੁਰਦੁਆਰਾ ਕਮੇਟੀ): 555 ਸ਼ਰਧਾਲੂ, ਪੰਜਾਬ (ਸ਼੍ਰੋਮਣੀ ਕਮੇਟੀ): 1800 ਸ਼ਰਧਾਲੂ, ਹਰਿਆਣਾ: 200 ਸ਼ਰਧਾਲੂ, ਹਿਮਾਚਲ ਪ੍ਰਦੇਸ਼: 15 ਸ਼ਰਧਾਲੂ, ਜੰਮੂ-ਕਸ਼ਮੀਰ: 40 ਸ਼ਰਧਾਲੂ, ਝਾਰਖੰਡ: 16 ਸ਼ਰਧਾਲੂ, ਕਰਨਾਟਕ ਅਤੇ ਮੱਧ ਪ੍ਰਦੇਸ਼: 10-10 ਸ਼ਰਧਾਲੂ, ਮਹਾਰਾਸ਼ਟਰ: 90 ਸ਼ਰਧਾਲੂ, ਓੜੀਸਾ: 10 ਸ਼ਰਧਾਲੂ, ਰਾਜਸਥਾਨ: 50 ਸ਼ਰਧਾਲੂ, ਯੂ.ਪੀ. (ਉੱਤਰ ਪ੍ਰਦੇਸ਼): 35 ਸ਼ਰਧਾਲੂ, ਉੱਤਰਾਖੰਡ: 25 ਸ਼ਰਧਾਲੂ, ਪੱਛਮੀ ਬੰਗਾਲ: 5 ਸ਼ਰਧਾਲੂ ਅਤੇ ਚੰਡੀਗੜ੍ਹ ਦੇ 45 ਸ਼ਰਧਾਲੂ ਹਨ।

ਉਨ੍ਹਾਂ ਕਿਹਾ ਕਿ ਇਹ ਜੱਥਾ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਹੀ 22 ਨਵੰਬਰ ਨੂੰ ਵਾਹਗਾ ਸਰਹੱਦ ਪਾਰ ਕਰਕੇ ਪਾਕਿਸਤਾਨ ਵਿਚ ਦਾਖਲ ਹੋਵੇਗਾ ਤੇ 1 ਦਸੰਬਰ ਨੂੰ ਵਾਪਸ ਉਸੇ ਰਸਤੇ ਤੋਂ ਦੇਸ਼ ਪਰਤੇਗਾ। ਉਨ੍ਹਾਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਆਪੋ-ਆਪਣੇ ਪਾਸਪੋਰਟ ਤੇ ਹੋਰ ਦਸਤਾਵੇਜ਼ ਜਮ੍ਹਾਂ ਕਰਵਾਉਣ, ਤਾਂ ਜੋ ਗ੍ਰਹਿ ਮੰਤਰਾਲੇ ਤੋਂ ਸਮਾਂ ਰਹਿੰਦਿਆਂ ਪ੍ਰਵਾਨਗੀ ਹਾਸਲ ਕੀਤੀ ਜਾ ਸਕੇ।

# ਕੰਗਨਾ ਰਣੌਤ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ’ਚ ਪੇਸ਼

**ਪਾਸਪੋਰਟ ਜ਼ਬਤ ਕਰਨ ਦੀ ਮੰਗ ਕਰਨ ਵਾਲੀ ਅਰਜ਼ੀ ’ਤੇ ਨਹੀਂ ਹੋਈ ਬਹਿਸ**



**ਬਠਿੰਡਾ, (ਪੰਜਾਬ ਮੇਲ)**- ਬਾਲੀਵੁੱਡ ਅਦਾਕਾਰਾ ਅਤੇ ਮੈਂਬਰ ਪਾਰਲੀਮੈਂਟ ਕੰਗਨਾ ਰਣੌਤ ਖਿਲਾਫ ਬਠਿੰਡਾ ਦੀ ਅਦਾਲਤ ਵਿਚ ਚੱਲ ਰਹੇ ਮਾਨਹਾਨੀ ਕੇਸ ਦੀ ਸੁਣਵਾਈ ਦੌਰਾਨ ਸੋਮਵਾਰ ਨੂੰ ਕੰਗਨਾ ਰਣੌਤ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿਚ ਪੇਸ਼ ਹੋਈ। ਇਸ ਮਾਮਲੇ ਵਿਚ ਸ਼ਿਕਾਇਤਕਰਤਾ ਮਹਿੰਦਰ ਕੌਰ ਦੇ ਪੋਤਰੇ ਗੁਰਪ੍ਰੀਤ ਸਿੰਘ ਦੀ ਗਵਾਹੀ ਕਰਵਾਈ ਗਈ।

ਮਹਿੰਦਰ ਕੌਰ ਦੇ ਵਕੀਲ ਰਘਬੀਰ ਸਿੰਘ ਬਹਿਣੀਵਾਲ ਨੇ ਦੱਸਿਆ ਕਿ ਸੁਣਵਾਈ ਦੌਰਾਨ ਉਨ੍ਹਾਂ ਵੱਲੋਂ ਮਹਿੰਦਰ ਕੌਰ ਦੇ ਪੋਤਰੇ ਗੁਰਪ੍ਰੀਤ ਸਿੰਘ ਨੂੰ ਗਵਾਹ ਵਜੋਂ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਉਸ ਦੀ ਗਵਾਹੀ ਦਰਜ ਕਰਵਾਈ ਗਈ। ਦੂਜੇ ਪਾਸੇ ਕੰਗਨਾ ਰਣੌਤ ਦੇ ਵਕੀਲ ਵੀ ਅਦਾਲਤ ਵਿਚ ਮੌਜੂਦ ਰਹੇ ਅਤੇ ਕੰਗਨਾ ਰਣੌਤ ਖੁਦ ਵੀ ਵੀਡੀਓ ਕਾਨਫਰੰਸ ਰਾਹੀਂ ਅਦਾਲਤੀ ਕਾਰਵਾਈ ਵਿਚ ਸ਼ਾਮਲ ਹੋਈ। ਵਕੀਲ ਬਹਿਣੀਵਾਲ ਮੁਤਾਬਕ ਸੁਣਵਾਈ ਦੌਰਾਨ ਕੰਗਨਾ ਰਣੌਤ ਦੀ ਹਾਜ਼ਰੀ ਵਿਚ ਅਦਾਲਤ ਅੱਗੇ ਮਾਮਲੇ ਨਾਲ ਸਬੰਧਤ ਕਈ ਪੱਖਾਂ ’ਤੇ ਲੰਬੀ ਗੱਲਬਾਤ ਹੋਈ। ਉਨ੍ਹਾਂ ਦੱਸਿਆ ਕਿ ਕੰਗਨਾ ਰਣੌਤ ਦੇ ਵਕੀਲ ਵੱਲੋਂ ਦਲੀਲ ਦਿੱਤੀ ਗਈ ਕਿ ਬੀਬੀ ਮਹਿੰਦਰ ਕੌਰ ਨੂੰ ਪੰਜਾਬ ਭਰ ਵਿਚ ਸਨਮਾਨ ਮਿਲਿਆ ਹੈ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਉਨ੍ਹਾਂ ਦੀ ਫੰਡਿੰਗ ਕੀਤੇ ਜਾਣ ਦੀ ਗੱਲ ਵੀ ਕਹੀ ਗਈ। ਵਕੀਲ ਰਘਬੀਰ ਸਿੰਘ ਬਹਿਣੀਵਾਲ ਨੇ ਦਾਅਵਾ ਕੀਤਾ ਕਿ ਕੰਗਨਾ ਰਣੌਤ ਦੇ ਵਕੀਲ ਵੱਲੋਂ ਅਦਾਲਤ ਵਿਚ ਇਹ ਦਲੀਲ ਵੀ ਦਿੱਤੀ ਗਈ ਕਿ ਕੰਗਨਾ ਰਣੌਤ ਵੱਲੋਂ ਕੀਤਾ ਗਿਆ ਟਵੀਟ ਬੀਬੀ ਮਹਿੰਦਰ ਕੌਰ ਬਾਰੇ ਨਹੀਂ ਸੀ, ਸਗੋਂ ਬਿਲਕਿਸ ਬਾਨੋ ਬਾਰੇ ਕੀਤਾ ਗਿਆ ਸੀ। ਇਸ ਦਲੀਲ ’ਤੇ ਸ਼ਿਕਾਇਤਕਰਤਾ ਪੱਖ ਨੇ ਆਪਣਾ ਪੱਖ ਅਦਾਲਤ ਸਾਹਮਣੇ ਰੱਖਿਆ।

ਇਹ ਮਾਮਲਾ ਕੰਗਨਾ ਰਣੌਤ ਵੱਲੋਂ ਕਿਸਾਨ ਅੰਦੋਲਨ ਦੌਰਾਨ ਬਠਿੰਡਾ ਦੀ ਬਜ਼ੁਰਗ ਮਹਿਲਾ ਮਹਿੰਦਰ ਕੌਰ ਸਬੰਧੀ ਕੀਤੀ ਗਈ ਸੋਸ਼ਲ ਮੀਡੀਆ ਪੋਸਟ ਨੂੰ ਲੈ ਕੇ ਚੱਲ ਰਿਹਾ ਹੈ। ਸ਼ਿਕਾਇਤਕਰਤਾ ਪੱਖ ਦਾ ਦੋਸ਼ ਹੈ ਕਿ ਕੰਗਨਾ ਰਣੌਤ ਦੀ ਪੋਸਟ ਕਾਰਨ ਮਹਿੰਦਰ ਕੌਰ ਦੀ ਮਾਨਹਾਨੀ ਹੋਈ ਅਤੇ ਉਨ੍ਹਾਂ ਦੀ ਸਮਾਜਿਕ ਇੱਜ਼ਤ ਨੂੰ ਠੇਸ ਪਹੁੰਚੀ। ਇਸੇ ਦੇ ਆਧਾਰ ’ਤੇ ਮਾਨਹਾਨੀ ਦੀ ਕਾਰਵਾਈ ਸ਼ੁਰੂ ਕੀਤੀ ਗਈ ਹੈ। ਇਸ ਕਾਰਵਾਈ ਤੋਂ ਬਾਅਦ ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ ਲਈ 15 ਸਤੰਬਰ 2026 ਦੀ ਤਾਰੀਖ ਤੈਅ ਕੀਤੀ ਹੈ। ਅਗਲੀ ਸੁਣਵਾਈ ਦੌਰਾਨ ਵੀ ਮਾਮਲੇ ਨਾਲ ਜੁੜੀ ਗਵਾਹੀ ਅਤੇ ਦਲੀਲਾਂ ਦੀ ਕਾਰਵਾਈ ਅੱਗੇ ਵਧਣ ਦੀ ਉਮੀਦ ਹੈ।

# ਪੰਜਾਬ ਕਾਂਗਰਸ ਦੀ ਪ੍ਰਧਾਨਗੀ ਲਈ ਨਵਾਂ ਫ਼ਾਰਮੂਲਾ ਚਰਚਾ ’ਚ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਕਾਂਗਰਸ ’ਚ ਲੰਮੇ ਸਮੇਂ ਤੋਂ ਚੱਲ ਰਹੀ ਅੰਦਰੂਨੀ ਖਿੱਚੋਤਾਣ ਨੂੰ ਖ਼ਤਮ ਕਰਨ ਲਈ ਸੂਬਾ ਪ੍ਰਧਾਨ ਬਦਲਣ ਦੀ ਚਰਚਾ ਇਕ ਵਾਰ ਮੁੜ ਤੇਜ਼ ਹੋ ਗਈ ਹੈ। ਪਾਰਟੀ ਦੇ ਕੁਝ ਨਾਰਾਜ਼ ਆਗੂਆਂ ਵੱਲੋਂ ਕਾਂਗਰਸ ਹਾਈਕਮਾਨ ਨੂੰ ਸੰਗਠਨ ਵਿਚ ਸੰਤੁਲਨ ਕਾਇਮ ਕਰਨ ਲਈ ਨਵਾਂ ਫ਼ਾਰਮੂਲਾ ਅਪਣਾਉਣ ਦੀ ਸਲਾਹ ਦਿੱਤੇ ਜਾਣ ਦੀਆਂ ਖ਼ਬਰਾਂ ਹਨ। ਹਾਲਾਂਕਿ, ਮੌਜੂਦਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਹਟਾਉਣ ਜਾਂ ਉਨ੍ਹਾਂ ਦੀ ਥਾਂ ਕਿਸੇ ਹੋਰ ਆਗੂ ਨੂੰ ਨਿਯੁਕਤ ਕਰਨ ਬਾਰੇ ਪਾਰਟੀ ਨੇ ਅਜੇ ਕੋਈ ਅਧਿਕਾਰਤ ਫ਼ੈਸਲਾ ਨਹੀਂ ਕੀਤਾ।

ਇੱਕ ਮੀਡੀਆ ਰਿਪੋਰਟ ਅਨੁਸਾਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਸੁਖਜਿੰਦਰ ਸਿੰਘ ਰੰਧਾਵਾ ਸਮੇਤ ਕੁਝ ਨਾਰਾਜ਼ ਆਗੂਆਂ ਦੇ ਧੜੇ ਨੇ ਕਿਸੇ ਹਿੰਦੂ ਆਗੂ ਨੂੰ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਸੌਂਪਣ ਦਾ ਸੁਝਾਅ ਦਿੱਤਾ ਹੈ। ਇਸ ਪਿੱਛੇ ਦਲੀਲ ਦਿੱਤੀ ਜਾ ਰਹੀ ਹੈ ਕਿ ਸੂਬਾ ਪ੍ਰਧਾਨ ਰਾਜਾ ਵੜਿੰਗ ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦੋਵੇਂ ਜੱਟ ਸਿੱਖ ਭਾਈਚਾਰੇ ਨਾਲ ਸਬੰਧਤ ਹਨ। ਇਸ ਲਈ ਹਿੰਦੂ ਚਿਹਰੇ ਨੂੰ ਪ੍ਰਧਾਨ ਬਣਾਉਣ ਨਾਲ ਪਾਰਟੀ ਦੇ ਸੰਗਠਨਾਤਮਕ ਢਾਂਚੇ ਵਿਚ ਸਮਾਜਿਕ ਅਤੇ ਖੇਤਰੀ ਸੰਤੁਲਨ ਬਣਾਇਆ ਜਾ ਸਕਦਾ ਹੈ।

ਦੂਜੀ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਰਾਜਾ ਵੜਿੰਗ ਅਤੇ ਚਰਨਜੀਤ ਸਿੰਘ ਚੰਨੀ ਦੇ ਧੜਿਆਂ ਵਿਚਾਲੇ ਚੱਲ ਰਹੇ ਵਿਵਾਦ ਨੂੰ ਸੁਲਝਾਉਣ ਲਈ ਕਿਸੇ ਤੀਜੇ ਸੀਨੀਅਰ ਜੱਟ ਸਿੱਖ ਆਗੂ ਨੂੰ ਸੂਬਾ ਪ੍ਰਧਾਨ ਬਣਾਉਣ ਦੇ ਬਦਲ ਉੱਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿਚ ਪ੍ਰਤਾਪ ਸਿੰਘ ਬਾਜਵਾ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਨਾਂ ਚਰਚਾ ਵਿਚ ਦੱਸੇ ਜਾ ਰਹੇ ਹਨ। ਇਸ ਫ਼ਾਰਮੂਲੇ ਦੇ ਸਮਰਥਕਾਂ ਦਾ ਮੰਨਣਾ ਹੈ ਕਿ ਕੋਈ ਤਜ਼ਰਬੇਕਾਰ ਅਤੇ ਸਾਰੇ ਧੜਿਆਂ ਨੂੰ ਪ੍ਰਵਾਨ ਆਗੂ ਪਾਰਟੀ ਨੂੰ ਇਕਜੁੱਟ ਕਰ ਸਕਦਾ ਹੈ।

ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਵੱਲੋਂ ਪਿਛਲੇ ਦਿਨਾਂ ਦੌਰਾਨ ਵੱਖ-ਵੱਖ ਆਗੂਆਂ ਨਾਲ ਕੀਤੀਆਂ ਗਈਆਂ ਮੀਟਿੰਗਾਂ ਵਿਚ ਵੀ ਅੰਦਰੂਨੀ ਮਤਭੇਦਾਂ ਅਤੇ ਉਨ੍ਹਾਂ ਦੇ ਸੰਭਾਵੀ ਹੱਲ ਬਾਰੇ ਚਰਚਾ ਹੋਣ ਦੀ ਜਾਣਕਾਰੀ ਹੈ। ਪਾਰਟੀ ਦੇ ਕੁਝ ਆਗੂਆਂ ਨੇ ਹਾਈਕਮਾਨ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਧੜੇਬੰਦੀ ਛੇਤੀ ਖ਼ਤਮ ਨਾ ਕੀਤੀ ਗਈ, ਤਾਂ ਇਸ ਦਾ ਅਸਰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਉੱਤੇ ਪੈ ਸਕਦਾ ਹੈ।

ਕਾਂਗਰਸ ਲਈ ਵੱਡੀ ਚੁਣੌਤੀ ਇਹ ਹੈ ਕਿ ਉਹ ਲੀਡਰਸ਼ਿਪ ਵਿਚ ਤਬਦੀਲੀ ਕਰਕੇ ਨਵਾਂ ਵਿਵਾਦ ਪੈਦਾ ਕਰਨ ਦੀ ਬਜਾਏ ਸਾਰੇ ਸੀਨੀਅਰ ਆਗੂਆਂ ਨੂੰ ਇਕ ਮੰਚ ਉੱਤੇ ਕਿਵੇਂ ਲਿਆਵੇ। ਪਾਰਟੀ 2022 ਵਰਗੀ ਸਥਿਤੀ ਦੁਹਰਾਉਣ ਤੋਂ ਵੀ ਬਚਣਾ ਚਾਹੁੰਦੀ ਹੈ, ਜਦੋਂ ਚੋਣਾਂ ਤੋਂ ਪਹਿਲਾਂ ਹੋਈ ਲੀਡਰਸ਼ਿਪ ਤਬਦੀਲੀ ਅਤੇ ਅੰਦਰੂਨੀ ਟਕਰਾਅ ਕਾਰਨ ਉਸ ਨੂੰ ਵੱਡਾ ਚੋਣ ਨੁਕਸਾਨ ਝੱਲਣਾ ਪਿਆ ਸੀ।

ਫਿਲਹਾਲ ਹਿੰਦੂ ਚਿਹਰੇ ਜਾਂ ਕਿਸੇ ਸੀਨੀਅਰ ਜੱਟ ਸਿੱਖ ਆਗੂ ਨੂੰ ਪ੍ਰਧਾਨ ਬਣਾਉਣ ਦੀਆਂ ਗੱਲਾਂ ਪਾਰਟੀ ਅੰਦਰਲੇ ਸੁਝਾਵਾਂ ਅਤੇ ਮੀਡੀਆ ਰਿਪੋਰਟਾਂ ਤੱਕ ਸੀਮਤ ਹਨ। ਹਾਈਕਮਾਨ ਦੇ ਅਧਿਕਾਰਤ ਐਲਾਨ ਤੱਕ ਰਾਜਾ ਵੜਿੰਗ ਹੀ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ ਰਹਿਣਗੇ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**

# ਪੰਜਾਬ ’ਚ ਸ਼੍ਰੋਮਣੀ ਅਕਾਲੀ ਦਲ- ਭਾਰਤੀ ਜਨਤਾ ਪਾਰਟੀ ਗੱਠਜੋੜ ਲਈ ਚਰਚਾਵਾਂ ਤੇਜ਼

**ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਅਹੁਦਿਆਂ ’ਤੇ ਫਸਿਆ ਪੇਚ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਮੁੜ ਚੋਣ ਗੱਠਜੋੜ ਹੋਣ ਦੀਆਂ ਚਰਚਾਵਾਂ ਤੇਜ਼ ਹੋ ਗਈਆਂ ਹਨ। ਦੋਵਾਂ ਪਾਰਟੀਆਂ ਦੇ ਕੁਝ ਆਗੂ ਗੱਠਜੋੜ ਦੀ ਲੋੜ ਬਾਰੇ ਜਨਤਕ ਤੌਰ ਉੱਤੇ ਸਕਾਰਾਤਮਕ ਸੰਕੇਤ ਦੇ ਰਹੇ ਹਨ, ਪਰ ਸੀਟਾਂ ਦੀ ਵੰਡ, ਮੁੱਖ ਮੰਤਰੀ ਦੇ ਚਿਹਰੇ ਅਤੇ ਉਪ ਮੁੱਖ ਮੰਤਰੀ ਦੇ ਅਹੁਦੇ ਨੂੰ ਲੈ ਕੇ ਸਹਿਮਤੀ ਨਾ ਬਣਨ ਦੀਆਂ ਖ਼ਬਰਾਂ ਹਨ। ਅਜੇ ਤੱਕ ਕਿਸੇ ਵੀ ਪਾਰਟੀ ਵੱਲੋਂ ਰਸਮੀ ਗੱਲਬਾਤ ਜਾਂ ਸਮਝੌਤੇ ਦੀ ਪੁਸ਼ਟੀ ਨਹੀਂ ਕੀਤੀ ਗਈ।

ਅਕਾਲੀ ਦਲ ਅਤੇ ਭਾਜਪਾ ਦਾ ਗੱਠਜੋੜ ਲਗਭਗ ਤਿੰਨ ਦਹਾਕਿਆਂ ਤੱਕ ਪੰਜਾਬ ਦੀ ਸਿਆਸਤ ਦਾ ਮਹੱਤਵਪੂਰਨ ਹਿੱਸਾ ਰਿਹਾ। ਦੋਵਾਂ ਪਾਰਟੀਆਂ ਨੇ ਇਕੱਠਿਆਂ ਕਈ ਚੋਣਾਂ ਲੜੀਆਂ ਅਤੇ ਸੂਬੇ ਵਿਚ ਸਰਕਾਰਾਂ ਵੀ ਬਣਾਈਆਂ। ਸਾਲ 2020 ਵਿਚ ਕੇਂਦਰ ਸਰਕਾਰ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਅਕਾਲੀ ਦਲ ਨੇ ਕੌਮੀ ਜਮਹੂਰੀ ਗੱਠਜੋੜ ਨਾਲੋਂ ਨਾਤਾ ਤੋੜ ਲਿਆ ਸੀ। ਇਸ ਤੋਂ ਬਾਅਦ ਦੋਵਾਂ ਪਾਰਟੀਆਂ ਨੇ ਪੰਜਾਬ ਦੀਆਂ ਚੋਣਾਂ ਵੱਖ-ਵੱਖ ਲੜੀਆਂ।

ਬਦਲੇ ਹੋਏ ਸਿਆਸੀ ਹਾਲਾਤ ਵਿਚ ਭਾਜਪਾ ਹੁਣ ਪੰਜਾਬ ਵਿਚ ਆਪਣੇ ਵਧੇ ਵੋਟ ਪ੍ਰਤੀਸ਼ਤ ਅਤੇ ਕਈ ਵਿਧਾਨ ਸਭਾ ਹਲਕਿਆਂ ਵਿਚ ਮਜ਼ਬੂਤ ਹੋਈ ਸਥਿਤੀ ਦੇ ਆਧਾਰ ਉੱਤੇ ਗੱਠਜੋੜ ਵਿਚ ਵੱਡੀ ਭੂਮਿਕਾ ਚਾਹੁੰਦੀ ਹੈ। ਪਾਰਟੀ ਵੱਲੋਂ ਪਹਿਲਾਂ ਨਾਲੋਂ ਵੱਧ ਸੀਟਾਂ ਉੱਤੇ ਦਾਅਵਾ ਕੀਤੇ ਜਾਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ। ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਆਪਣੇ ਰਵਾਇਤੀ ਪੰਥਕ ਅਤੇ ਪੇਂਡੂ ਆਧਾਰ ਨੂੰ ਦੇਖਦਿਆਂ ਗੱਠਜੋੜ ਵਿੱਚ ਮੁੱਖ ਭੂਮਿਕਾ ਆਪਣੇ ਕੋਲ ਰੱਖਣਾ ਚਾਹੁੰਦਾ ਹੈ।

ਸਭ ਤੋਂ ਵੱਡਾ ਪੇਚ ਮੁੱਖ ਮੰਤਰੀ ਦੇ ਚਿਹਰੇ ਨੂੰ ਲੈ ਕੇ ਫਸਿਆ ਦੱਸਿਆ ਜਾ ਰਿਹਾ ਹੈ। ਅਕਾਲੀ ਦਲ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰਨ ਦੀ ਸੰਭਾਵਨਾ ਹੈ, ਪਰ ਭਾਜਪਾ ਇਸ ਬਾਰੇ ਆਪਣੇ ਸਿਆਸੀ ਹਿੱਤਾਂ ਅਤੇ ਲੋਕਾਂ ਦੀ ਪ੍ਰਤੀਕਿਰਿਆ ਦਾ ਮੁਲਾਂਕਣ ਕਰ ਰਹੀ ਹੈ। ਇਕ ਸੰਭਾਵੀ ਫ਼ਾਰਮੂਲੇ ਤਹਿਤ ਮੁੱਖ ਮੰਤਰੀ ਦਾ ਅਹੁਦਾ ਅਕਾਲੀ ਦਲ ਅਤੇ ਉਪ ਮੁੱਖ ਮੰਤਰੀ ਦਾ ਅਹੁਦਾ ਭਾਜਪਾ ਨੂੰ ਦਿੱਤੇ ਜਾਣ ਦੀ ਚਰਚਾ ਹੈ। ਇਸ ਦੇ ਨਾਲ ਹੀ ਮੰਤਰੀ ਮੰਡਲ ਵਿਚ ਹਿੱਸੇਦਾਰੀ ਅਤੇ ਮਹੱਤਵਪੂਰਨ ਵਿਭਾਗਾਂ ਦੀ ਵੰਡ ਵੀ ਗੱਲਬਾਤ ਦਾ ਹਿੱਸਾ ਬਣ ਸਕਦੀ ਹੈ।

ਗੱਠਜੋੜ ਦੇ ਸਮਰਥਕਾਂ ਦਾ ਮੰਨਣਾ ਹੈ ਕਿ ਅਕਾਲੀ ਦਲ ਦਾ ਪੇਂਡੂ ਅਤੇ ਪੰਥਕ ਆਧਾਰ ਤੇ ਭਾਜਪਾ ਦਾ ਸ਼ਹਿਰੀ ਵੋਟ ਬੈਂਕ ਇਕੱਠਾ ਹੋਣ ਨਾਲ ਦੋਵਾਂ ਪਾਰਟੀਆਂ ਨੂੰ ਲਾਭ ਮਿਲ ਸਕਦਾ ਹੈ। ਪਰ ਕਿਸਾਨ ਅੰਦੋਲਨ ਦੌਰਾਨ ਪੈਦਾ ਹੋਈ ਨਾਰਾਜ਼ਗੀ, ਅਕਾਲੀ ਦਲ ਦਾ ਕਮਜ਼ੋਰ ਹੋਇਆ ਸਿਆਸੀ ਆਧਾਰ ਅਤੇ ਲੀਡਰਸ਼ਿਪ ਸਬੰਧੀ ਸਵਾਲ ਗੱਠਜੋੜ ਲਈ ਵੱਡੀਆਂ ਚੁਣੌਤੀਆਂ ਹਨ।

ਫਿਲਹਾਲ ਦੋਵਾਂ ਧਿਰਾਂ ਵਿਚਾਲੇ ਸੰਭਾਵੀ ਸਮਝੌਤੇ ਬਾਰੇ ਚਰਚਾ ਸਿਆਸੀ ਅਨੁਮਾਨਾਂ ਤੱਕ ਸੀਮਤ ਹੈ। ਅਧਿਕਾਰਤ ਐਲਾਨ ਹੋਣ ਤੱਕ ਸੀਟਾਂ, ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਦੇ ਅਹੁਦਿਆਂ ਬਾਰੇ ਕੀਤੇ ਜਾ ਰਹੇ ਦਾਅਵਿਆਂ ਨੂੰ ਪੱਕਾ ਫ਼ੈਸਲਾ ਨਹੀਂ ਮੰਨਿਆ ਜਾ ਸਕਦਾ।


Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ, ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

# ਦਿੱਲੀ ਦੇ 3 ਸੰਸਦ ਮੈਂਬਰਾਂ ਦਾ ਸੱਜਣ ਕੁਮਾਰ ਦੇ ਘਰ ਜਾਣਾ ਮੰਦਭਾਗਾ; ਪੰਜਾਬ ਭਾਜਪਾ ਪ੍ਰਧਾਨ ਵੱਲੋਂ ਸਖ਼ਤ ਨਿਖੇਧੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ 1984 ਸਿੱਖ ਵਿਰੋਧੀ ਦੰਗਿਆਂ ਦੇ ਮਾਮਲਿਆਂ ਵਿਚ ਦੋਸ਼ੀ ਸੱਜਣ ਕੁਮਾਰ ਦੀ ਮੌਤ ਤੋਂ ਬਾਅਦ ਉਸ ਦੇ ਘਰ ਜਾ ਕੇ ਨਿੱਜੀ ਤੌਰ 'ਤੇ ਅਫਸੋਸ ਪ੍ਰਗਟ ਕਰਨ ਵਾਲੇ ਤਿੰਨ ਭਾਜਪਾ ਸੰਸਦ ਮੈਂਬਰਾਂ ਦੀ ਇਸ ਫੇਰੀ ਨੂੰ ਦੁਖਦਾਈ ਅਤੇ ਮੰਦਭਾਗਾ ਕਰਾਰ ਦਿੱਤਾ ਹੈ।

ਕੇਵਲ ਸਿੰਘ ਢਿੱਲੋਂ ਨੇ ਸਪੱਸ਼ਟ ਕੀਤਾ ਕਿ ਭਾਜਪਾ ਦਾ ਇਸ ਦੌਰੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਪੰਜਾਬ ਭਾਜਪਾ ਇਸ ਘਟਨਾ ਦੀ ਸਖ਼ਤ ਤੋਂ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ।

ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਉਹੀ ਵਿਅਕਤੀ ਹੈ, ਜਿਸ ਨੂੰ 1984 ਵਿਚ ਬੇਕਸੂਰ ਸਿੱਖਾਂ ਦੇ ਕਤਲ ਨਾਲ ਜੁੜੇ ਗੰਭੀਰ ਦੋਸ਼ਾਂ ਤਹਿਤ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਨ੍ਹਾਂ ਕਿਹਾ ਕਿ ਅਜਿਹੇ ਵਿਅਕਤੀ ਪ੍ਰਤੀ ਕਿਸੇ ਵੀ ਕਿਸਮ ਦੀ ਹਮਦਰਦੀ ਪ੍ਰਗਟ ਕਰਨਾ ਹਜ਼ਾਰਾਂ ਪੀੜਤ ਪਰਿਵਾਰਾਂ, ਜਿਨ੍ਹਾਂ ਨੇ ਕਤਲੇਆਮ ਵਿਚ ਆਪਣੇ ਜੀਆਂ ਨੂੰ ਗੁਆ ਦਿੱਤਾ ਸੀ, ਦੇ ਜ਼ਖ਼ਮਾਂ ਉੱਤੇ ਲੂਣ ਛਿੜਕਣ ਦੇ ਬਰਾਬਰ ਹੈ।

ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਇਸ ਘਟਨਾ ਦਾ ਸਖ਼ਤ ਨੋਟਿਸ ਲਿਆ। ਉਨ੍ਹਾਂ ਕਿਹਾ ਕਿ ਕੌਮੀ ਪ੍ਰਧਾਨ ਨੇ ਇਸ ਫੇਰੀ ਉੱਤੇ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਤਿੰਨਾਂ ਸੰਸਦ ਮੈਂਬਰਾਂ ਨੂੰ ਸਖ਼ਤ ਫਟਕਾਰ ਲਗਾਈ। ਕੇਵਲ ਢਿੱਲੋਂ ਨੇ ਅਜਿਹਾ ਫੌਰੀ ਅਤੇ ਸਖ਼ਤ ਰੁਖ ਅਪਣਾਉਣ ਲਈ ਕੌਮੀ ਪ੍ਰਧਾਨ ਨਿਤਿਨ ਨਬੀਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਕਾਂਗਰਸ ਪਾਰਟੀ ਨੇ 35 ਸਾਲਾਂ ਤੱਕ 1984 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਬਚਾਉਣ ਅਤੇ ਸਰਪ੍ਰਸਤੀ ਦੇਣ ਦੀ ਨੀਤੀ ਅਪਣਾਈ, ਉੱਥੇ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਵਿਸ਼ੇਸ਼ ਜਾਂਚ ਟੀਮਾਂ (ਐੱਸ.ਆਈ.ਟੀ.) ਦਾ ਗਠਨ ਕੀਤਾ, ਜਿਸ ਨਾਲ ਦੋਸ਼ੀਆਂ ਨੂੰ ਦਹਾਕਿਆਂ ਬਾਅਦ ਜੇਲ੍ਹ ਭੇਜਿਆ ਗਿਆ ਅਤੇ ਇਨਸਾਫ਼ ਦਾ ਰਾਹ ਖੁੱਲ੍ਹਿਆ। ਸੂਬਾ ਪ੍ਰਧਾਨ ਨੇ ਦੁਹਰਾਇਆ ਕਿ ਪੰਜਾਬ ਭਾਜਪਾ ਹਮੇਸ਼ਾ 1984 ਦੇ ਪੀੜਤਾਂ ਦੇ ਪਰਿਵਾਰਾਂ ਦੇ ਨਾਲ ਚੱਟਾਨ ਵਾਂਗ ਖੜ੍ਹੀ ਹੈ ਅਤੇ ਭਵਿੱਖ ਵਿਚ ਵੀ ਖੜ੍ਹੀ ਰਹੇਗੀ। ਢਿੱਲੋਂ ਨੇ ਕਿਹਾ, "ਸਾਡੀ ਹਮਦਰਦੀ ਅਤੇ ਦਇਆ ਸਿਰਫ਼ ਉਨ੍ਹਾਂ ਪਰਿਵਾਰਾਂ ਲਈ ਹੈ, ਜੋ ਉਸ ਦੁਖਾਂਤ ਦੇ ਸਦਮੇ ਤੋਂ ਪੀੜਤ ਹਨ। ਸਾਡੀ ਨੀਤੀ ਵਿਚ ਦੋਸ਼ੀਆਂ ਲਈ ਕੋਈ ਜਗ੍ਹਾ ਨਹੀਂ ਹੈ।"

## ਹਾਈਕੋਰਟ ਵੱਲੋਂ ਪੰਜਾਬ ਪੁਲਿਸ ਦੇ ਡੀ.ਐੱਸ.ਪੀ. ਗੁਰਸ਼ੇਰ ਸੰਧੂ ਦੀ ਬਰਖ਼ਾਸਤਗੀ ਦੇ ਹੁਕਮ ਰੱਦ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਪੰਜਾਬ ਪੁਲਿਸ ਦੇ ਡੀ.ਐੱਸ.ਪੀ. ਗੁਰਸ਼ੇਰ ਸੰਧੂ ਨੂੰ ਵੱਡੀ ਰਾਹਤ ਦਿੰਦਿਆਂ ਸੇਵਾ ਤੋਂ ਬਰਖ਼ਾਸਤਗੀ ਸਬੰਧੀ ਹੁਕਮਾਂ ਨੂੰ ਰੱਦ ਕਰ ਦਿੱਤਾ ਹੈ। ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੇਲ੍ਹ ਵਿਚ ਹੋਏ ਇੰਟਰਵਿਊ ਦੇ ਮਾਮਲੇ ਤੋਂ ਬਾਅਦ ਡੀ.ਐੱਸ.ਪੀ. ਗੁਰਸ਼ੇਰ ਸੰਧੂ ਨੂੰ ਫੋਰਸ ਤੋਂ ਹਟਾ ਦਿੱਤਾ ਗਿਆ ਸੀ ਤੇ ਫ਼ਿਰ ਉਨ੍ਹਾਂ ਖ਼ਿਲਾਫ਼ ਫਿਰੌਤੀ ਅਤੇ ਭ੍ਰਿਸ਼ਟਾਚਾਰ ਨਾਲ ਸਬੰਧਤ ਮਾਮਲੇ ਵੀ ਦਰਜ ਕੀਤੇ ਗਏ ਸਨ। ਪਿਛਲੇ ਸਾਲ ਦੀ ਸ਼ੁਰੂਆਤ ਵਿਚ ਉਨ੍ਹਾਂ ਨੂੰ ਸੇਵਾ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ। ਗੁਰਸ਼ੇਰ ਸੰਧੂ ਨੇ ਬਰਖ਼ਾਸਤਗੀ ਦੇ ਫ਼ੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ। ਇਸ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਬਰਖ਼ਾਸਤਗੀ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਹੈ।

## ਈ.ਡੀ. ਵੱਲੋਂ ਆਈ.ਏ.ਐੱਸ. ਅਧਿਕਾਰੀ ਕੰਵਲਪ੍ਰੀਤ ਬਰਾੜ ਤੋਂ ਸੱਤ ਘੰਟੇ ਪੁੱਛਗਿੱਛ

**ਚੰਡੀਗੜ੍ਹ, (ਪੰਜਾਬ ਮੇਲ)-** ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਆਈ.ਏ.ਐੱਸ. ਅਧਿਕਾਰੀ ਕੰਵਲਪ੍ਰੀਤ ਬਰਾੜ ਤੋਂ ਲਗਭਗ ਸੱਤ ਘੰਟੇ ਤੱਕ ਪੁੱਛਗਿੱਛ ਕੀਤੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ ਬਰਾੜ ਪੁੱਛਗਿੱਛ ਲਈ ਈ.ਡੀ. ਦਫ਼ਤਰ ਪਹੁੰਚੇ, ਜਿੱਥੇ ਜਾਂਚ ਅਧਿਕਾਰੀਆਂ ਨੇ ਉਨ੍ਹਾਂ ਕੋਲੋਂ ਮਾਮਲੇ ਨਾਲ ਸਬੰਧਤ ਕਈ ਪਹਿਲੂਆਂ ਬਾਰੇ ਜਾਣਕਾਰੀ ਹਾਸਲ ਕੀਤੀ। ਲੰਮੀ ਪੁੱਛਗਿੱਛ ਦੌਰਾਨ ਉਨ੍ਹਾਂ ਤੋਂ ਸਰਕਾਰੀ ਰਿਕਾਰਡ, ਪ੍ਰਸ਼ਾਸਨਿਕ ਫ਼ੈਸਲਿਆਂ ਅਤੇ ਵੱਖ-ਵੱਖ ਦਸਤਾਵੇਜ਼ਾਂ ਬਾਰੇ ਸਵਾਲ ਕੀਤੇ ਜਾਣ ਦੀ ਚਰਚਾ ਹੈ। ਸੂਤਰਾਂ ਮੁਤਾਬਕ ਜਾਂਚ ਏਜੰਸੀ ਵੱਲੋਂ ਕੁਝ ਦਸਤਾਵੇਜ਼ਾਂ ਅਤੇ ਪਹਿਲਾਂ ਇਕੱਠੀ ਕੀਤੀ ਗਈ ਜਾਣਕਾਰੀ ਦੇ ਆਧਾਰ ਉੱਤੇ ਉਨ੍ਹਾਂ ਦੇ ਬਿਆਨ ਦਰਜ ਕੀਤੇ ਗਏ। ਹਾਲਾਂਕਿ, ਈ.ਡੀ. ਵੱਲੋਂ ਪੁੱਛਗਿੱਛ ਦੇ ਮੁੱਖ ਵਿਸ਼ਿਆਂ ਜਾਂ ਜਾਂਚ ਅਧੀਨ ਲੈਣ-ਦੇਣ ਬਾਰੇ ਅਜੇ ਤੱਕ ਵਿਸਥਾਰਤ ਅਧਿਕਾਰਤ ਜਾਣਕਾਰੀ ਜਨਤਕ ਨਹੀਂ ਕੀਤੀ ਗਈ। ਇਸ ਕਾਰਨ ਇਹ ਸਪੱਸ਼ਟ ਨਹੀਂ ਹੈ ਕਿ ਬਰਾੜ ਨੂੰ ਗਵਾਹ ਵਜੋਂ ਬੁਲਾਇਆ ਗਿਆ ਸੀ ਜਾਂ ਉਨ੍ਹਾਂ ਤੋਂ ਕਿਸੇ ਵਿਸ਼ੇਸ਼ ਪ੍ਰਸ਼ਾਸਨਿਕ ਫ਼ੈਸਲੇ ਸਬੰਧੀ ਸਪੱਸ਼ਟੀਕਰਨ ਮੰਗਿਆ ਗਿਆ। ਪੁੱਛਗਿੱਛ ਪੂਰੀ ਹੋਣ ਤੋਂ ਬਾਅਦ ਕੰਵਲਪ੍ਰੀਤ ਬਰਾੜ ਈ.ਡੀ. ਦਫ਼ਤਰ ਤੋਂ ਬਾਹਰ ਆਏ, ਪਰ ਮੀਡੀਆ ਸਾਹਮਣੇ ਮਾਮਲੇ ਬਾਰੇ ਕੋਈ ਵਿਸਥਾਰਤ ਪ੍ਰਤੀਕਿਰਿਆ ਦੇਣ ਤੋਂ ਗੁਰੇਜ਼ ਕੀਤਾ। ਜਾਂਚ ਏਜੰਸੀ ਵੱਲੋਂ ਉਨ੍ਹਾਂ ਨੂੰ ਦੁਬਾਰਾ ਬੁਲਾਇਆ ਜਾਵੇਗਾ ਜਾਂ ਨਹੀਂ, ਇਸ ਸਬੰਧੀ ਵੀ ਕੋਈ ਅਧਿਕਾਰਤ ਜਾਣਕਾਰੀ ਨਹੀਂ ਦਿੱਤੀ ਗਈ।

# ਪੰਜਾਬ 'ਚ ਸੰਦੀਪ ਪਾਠਕ ਨੂੰ ਵੱਡੀ ਜ਼ਿੰਮੇਵਾਰੀ ਮਿਲਣ ਦੀ ਚਰਚਾ

### ਅਮਿਤ ਸ਼ਾਹ ਨਾਲ ਕੀਤੀ ਮੁਲਾਕਾਤ

**ਨਵੀਂ ਦਿੱਲੀ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਦੇ ਸਾਬਕਾ ਪੰਜਾਬ ਇੰਚਾਰਜ ਅਤੇ ਹੁਣ ਭਾਰਤੀ ਜਨਤਾ ਪਾਰਟੀ ਦੇ ਕੌਮੀ ਸਕੱਤਰ ਸੰਦੀਪ ਪਾਠਕ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਹੈ। ਇਸ ਮੁਲਾਕਾਤ ਤੋਂ ਬਾਅਦ ਸਿਆਸੀ ਹਲਕਿਆਂ ਵਿਚ ਚਰਚਾ ਤੇਜ਼ ਹੋ ਗਈ ਹੈ ਕਿ ਭਾਜਪਾ ਵੱਲੋਂ ਪਾਠਕ ਨੂੰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕੋਈ ਅਹਿਮ ਸੰਗਠਨਾਤਮਕ ਜਾਂ ਚੋਣ ਰਣਨੀਤੀ ਨਾਲ ਜੁੜੀ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ।

ਪੰਜਾਬ ਤੋਂ ਰਾਜ ਸਭਾ ਮੈਂਬਰ ਸੰਦੀਪ ਪਾਠਕ ਉਨ੍ਹਾਂ ਆਗੂਆਂ 'ਚ ਸ਼ਾਮਲ ਹਨ, ਜਿਨ੍ਹਾਂ ਨੇ ਆਮ ਆਦਮੀ ਪਾਰਟੀ ਛੱਡਣ ਤੋਂ ਬਾਅਦ ਭਾਜਪਾ ਦਾ ਪੱਲਾ ਫੜਿਆ ਸੀ। ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਵੱਲੋਂ ਹਾਲ ਹੀ ਵਿਚ ਕੀਤੇ ਗਏ ਸੰਗਠਨਾਤਮਕ ਫੇਰਬਦਲ ਦੌਰਾਨ ਪਾਠਕ ਨੂੰ ਪਾਰਟੀ ਦੇ 16 ਕੌਮੀ ਸਕੱਤਰਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਸੀ। ਇਸ ਨਿਯੁਕਤੀ ਨੂੰ ਪੰਜਾਬ ਵਿਚ ਭਾਜਪਾ ਦੀ ਭਵਿੱਖੀ ਚੋਣ ਰਣਨੀਤੀ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ।

ਅਮਿਤ ਸ਼ਾਹ ਨਾਲ ਮੁਲਾਕਾਤ ਤੋਂ ਬਾਅਦ ਪਾਠਕ ਨੇ ਕਿਹਾ ਕਿ ਉਨ੍ਹਾਂ ਨੂੰ ਕੇਂਦਰੀ ਗ੍ਰਹਿ ਮੰਤਰੀ ਤੋਂ ਮਾਰਗਦਰਸ਼ਨ ਅਤੇ ਹੌਸਲਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਉਹ ਪਾਰਟੀ ਵੱਲੋਂ ਦਿੱਤੀ ਜਾਣ ਵਾਲੀ ਹਰ ਜ਼ਿੰਮੇਵਾਰੀ ਨੂੰ ਪੂਰੀ ਮਿਹਨਤ ਅਤੇ ਸਮਰਪਣ ਨਾਲ ਨਿਭਾਉਣਗੇ ਅਤੇ ਸੰਗਠਨ ਨੂੰ ਜ਼ਮੀਨੀ ਪੱਧਰ ਉੱਤੇ ਹੋਰ ਮਜ਼ਬੂਤ ਕਰਨ ਲਈ ਕੰਮ ਕਰਨਗੇ। ਹਾਲਾਂਕਿ, ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਚੋਣਾਂ ਸਬੰਧੀ ਕਿਸੇ ਖ਼ਾਸ ਭੂਮਿਕਾ ਦਾ ਜ਼ਿਕਰ ਨਹੀਂ ਕੀਤਾ।

ਸੰਦੀਪ ਪਾਠਕ ਨੂੰ ਅੰਕੜਿਆਂ ਦੇ ਆਧਾਰ ਉੱਤੇ ਚੋਣ ਰਣਨੀਤੀ ਬਣਾਉਣ ਵਾਲੇ ਆਗੂ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੇ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੀ ਰਣਨੀਤੀ ਤਿਆਰ ਕਰਨ, ਹਲਕਾ ਪੱਧਰੀ ਸਿਆਸੀ ਸਥਿਤੀ ਦਾ ਵਿਸ਼ਲੇਸ਼ਣ ਕਰਨ ਅਤੇ ਉਮੀਦਵਾਰਾਂ ਦੀ ਚੋਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਆਈ.ਆਈ.ਟੀ. ਦਿੱਲੀ ਦੇ ਸਾਬਕਾ ਸਹਾਇਕ ਪ੍ਰੋਫੈਸਰ ਪਾਠਕ ਨੂੰ ਪੰਜਾਬ ਦੇ ਸਮਾਜਿਕ, ਸਿਆਸੀ ਅਤੇ ਸੰਗਠਨਾਤਮਕ ਢਾਂਚੇ ਦੀ ਡੂੰਘੀ ਜਾਣਕਾਰੀ ਰੱਖਣ ਵਾਲਾ ਰਣਨੀਤੀਕਾਰ ਮੰਨਿਆ ਜਾਂਦਾ ਹੈ।

ਸਿਆਸੀ ਜਾਣਕਾਰਾਂ ਦਾ ਮੰਨਣਾ ਹੈ ਕਿ ਭਾਜਪਾ ਉਨ੍ਹਾਂ ਦੇ ਤਜਰਬੇ ਦੀ ਵਰਤੋਂ ਪੰਜਾਬ ਦੇ ਉਨ੍ਹਾਂ ਵਿਧਾਨ ਸਭਾ ਹਲਕਿਆਂ ਦੀ ਪਛਾਣ ਲਈ ਕਰ ਸਕਦੀ ਹੈ, ਜਿੱਥੇ ਪਾਰਟੀ ਆਪਣੇ ਰਵਾਇਤੀ ਸ਼ਹਿਰੀ ਆਧਾਰ ਤੋਂ ਬਾਹਰ ਨਿਕਲ ਕੇ ਸਥਿਤੀ ਮਜ਼ਬੂਤ ਕਰ ਸਕਦੀ ਹੈ।



## ਚਮਕੌਰ ਸਾਹਿਬ 'ਚ 'ਆਪ' ਵੱਲੋਂ ਜਸਵੀਰ ਸਿੰਘ ਗੜ੍ਹੀ ਹਲਕਾ ਇੰਚਾਰਜ ਨਿਯੁਕਤ



ਚਮਕੌਰ ਸਾਹਿਬ, (ਪੰਜਾਬ ਮੇਲ)- 2027 ਦੀਆਂ ਵਿਧਾਨ ਸਭਾ ਚੋਣਾਂ ਸਬੰਧੀ ਆਮ ਆਦਮੀ ਪਾਰਟੀ ਨੇ ਹੁਣੇ ਤੋਂ ਹੀ ਤਿਆਰੀ ਸ਼ੁਰੂ ਕਰ ਦਿੱਤੀ ਹੈ। 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਵੱਲੋਂ ਪੰਜਾਬ ਰਾਜ ਐੱਸ.ਸੀ./ਐੱਸ.ਟੀ. ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੂੰ ਚਮਕੌਰ ਸਾਹਿਬ ਹਲਕੇ ਦਾ ਨਵਾਂ ਇੰਚਾਰਜ ਨਿਯੁਕਤ ਕਰਨ ਨਾਲ ਸਿਆਸੀ ਹਲਕਿਆਂ ਵਿਚ ਚਰਚਾ ਤੇਜ਼ ਹੋ ਗਈ ਹੈ। ਇਸ ਨਿਯੁਕਤੀ ਨੂੰ ਮੌਜੂਦਾ ਵਿਧਾਇਕ ਡਾ. ਚਰਨਜੀਤ ਸਿੰਘ ਦੇ ਸਿਆਸੀ ਭਵਿੱਖ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਡਾ. ਚਰਨਜੀਤ ਸਿੰਘ ਨੇ ਕਾਂਗਰਸ ਆਗੂ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਹਰਾ ਕੇ ਵੱਡੀ ਜਿੱਤ ਹਾਸਲ ਕੀਤੀ ਸੀ। ਹਾਲਾਂਕਿ ਇਸ ਤੋਂ ਬਾਅਦ ਹੋਈਆਂ ਸਥਾਨਕ ਚੋਣਾਂ ਵਿਚ 'ਆਪ' ਦਾ ਪ੍ਰਦਰਸ਼ਨ ਉਮੀਦ ਮੁਤਾਬਕ ਚੰਗਾ ਨਹੀਂ ਰਿਹਾ। ਚਮਕੌਰ ਸਾਹਿਬ ਅਤੇ ਮੋਰਿੰਡਾ ਨਗਰ ਕੌਂਸਲ ਸਮੇਤ ਹੋਰ ਸਥਾਨਕ ਚੋਣਾਂ ਵਿਚ ਪਾਰਟੀ ਨੂੰ ਮਿਲੀਆਂ ਨਾਕਾਮੀਆਂ ਨੇ ਵੀ ਪਾਰਟੀ ਦੀ ਸਥਾਨਕ ਲੀਡਰਸ਼ਿਪ ਉੱਤੇ ਸਵਾਲ ਖੜ੍ਹੇ ਕੀਤੇ ਹਨ।

## ਪੰਜਾਬ ਡੀ.ਏ. ਬਕਾਇਆ: ਮੀਟਿੰਗ ਰੱਦ ਹੋਣ ਕਾਰਨ ਮੁੱਖ ਮੰਤਰੀ ਅਤੇ ਮੁਲਾਜ਼ਮ ਯੂਨੀਅਨਾਂ ਵਿਚਾਲੇ ਟਕਰਾਅ ਵਧਣ ਦੇ ਆਸਾਰ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਸਰਕਾਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਹਿੰਗਾਈ ਭੱਤੇ ਦੇ ਬਕਾਏ ਸਮੇਤ ਹੋਰ ਮੰਗਾਂ ਸਬੰਧੀ ਮੁੱਖ ਮੰਤਰੀ ਨਾਲ ਹੋਣ ਵਾਲੀ ਮੀਟਿੰਗ ਰੱਦ ਕੀਤੇ ਜਾਣ ਕਾਰਨ ਸਰਕਾਰ ਅਤੇ ਮੁਲਾਜ਼ਮ ਯੂਨੀਅਨਾਂ ਵਿਚਾਲੇ ਟਕਰਾਅ ਵਧਣ ਦੇ ਆਸਾਰ ਬਣ ਗਏ ਹਨ। ਮੀਟਿੰਗ ਤੋਂ ਮੁਲਾਜ਼ਮ ਜਥੇਬੰਦੀਆਂ ਨੂੰ ਆਪਣੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਦੇ ਹੱਲ ਦੀ ਉਮੀਦ ਸੀ, ਪਰ ਅਚਾਨਕ ਮੀਟਿੰਗ ਰੱਦ ਹੋਣ ਨਾਲ ਉਨ੍ਹਾਂ ਵਿਚ ਨਾਰਾਜ਼ਗੀ ਪਾਈ ਜਾ ਰਹੀ ਹੈ।

ਮੁਲਾਜ਼ਮ ਯੂਨੀਅਨਾਂ ਦਾ ਕਹਿਣਾ ਹੈ ਕਿ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ, ਪੁਰਾਣੀ ਪੈਨਸ਼ਨ ਯੋਜਨਾ ਦੀ ਪੂਰੀ ਬਹਾਲੀ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਤਨਖ਼ਾਹ ਕਮਿਸ਼ਨ ਨਾਲ ਜੁੜੀਆਂ ਤਰੁੱਟੀਆਂ ਦੂਰ ਕਰਨ ਅਤੇ ਵੱਖ-ਵੱਖ ਵਿਭਾਗਾਂ ਵਿਚ ਖਾਲੀ ਅਸਾਮੀਆਂ ਭਰਨ ਵਰਗੀਆਂ ਮੰਗਾਂ ਕਾਫ਼ੀ ਸਮੇਂ ਤੋਂ ਲਟਕ ਰਹੀਆਂ ਹਨ। ਸਰਕਾਰ ਵੱਲੋਂ ਪਹਿਲਾਂ ਵੀ ਮੀਟਿੰਗਾਂ ਦੌਰਾਨ ਭਰੋਸੇ ਦਿੱਤੇ ਗਏ, ਪਰ ਕਈ ਮੁੱਦਿਆਂ ਉੱਤੇ ਅਜੇ ਤੱਕ ਠੋਸ ਫ਼ੈਸਲਾ ਸਾਹਮਣੇ ਨਹੀਂ ਆਇਆ।

ਜਥੇਬੰਦੀਆਂ ਦੇ ਆਗੂਆਂ ਦਾ ਦੋਸ਼ ਹੈ ਕਿ ਵਾਰ-ਵਾਰ ਮੀਟਿੰਗਾਂ ਮੁਲਤਵੀ ਜਾਂ ਰੱਦ ਹੋਣ ਕਾਰਨ ਮੁਲਾਜ਼ਮ ਵਰਗ ਵਿਚ ਇਹ ਪ੍ਰਭਾਵ ਜਾ ਰਿਹਾ ਹੈ ਕਿ ਸਰਕਾਰ ਉਨ੍ਹਾਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇ ਛੇਤੀ ਨਵੀਂ ਮੀਟਿੰਗ ਦੀ ਤਰੀਕ ਦਾ ਐਲਾਨ ਕਰਕੇ ਬਕਾਇਆ ਰਾਸ਼ੀ ਜਾਰੀ ਕਰਨ ਲਈ ਸਪੱਸ਼ਟ ਸਮਾਂ-ਸੀਮਾ ਨਾ ਦਿੱਤੀ ਗਈ, ਤਾਂ ਸੂਬਾ ਪੱਧਰੀ ਸੰਘਰਸ਼ ਤੇਜ਼ ਕੀਤਾ ਜਾ ਸਕਦਾ ਹੈ।

ਦੂਜੇ ਪਾਸੇ, ਸਰਕਾਰ ਸਾਹਮਣੇ ਸੂਬੇ ਦੀ ਵਿੱਤੀ ਸਥਿਤੀ ਅਤੇ ਵਧਦੇ ਖ਼ਰਚਿਆਂ ਨੂੰ ਸੰਭਾਲਣ ਦੀ ਚੁਣੌਤੀ ਵੀ ਹੈ। ਡੀ.ਏ. ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਨ ਨਾਲ ਸਰਕਾਰੀ ਖ਼ਜ਼ਾਨੇ ਉੱਤੇ ਵੱਡਾ ਵਿੱਤੀ ਬੋਝ ਪੈ ਸਕਦਾ ਹੈ। ਹਾਲਾਂਕਿ, ਮੁਲਾਜ਼ਮਾਂ ਦਾ ਕਹਿਣਾ ਹੈ ਕਿ ਮਹਿੰਗਾਈ ਭੱਤਾ ਉਨ੍ਹਾਂ ਦਾ ਹੱਕ ਹੈ ਅਤੇ ਵਿੱਤੀ ਮੁਸ਼ਕਲਾਂ ਦੇ ਨਾਂ ਉੱਤੇ ਇਸ ਨੂੰ ਲੰਮੇ ਸਮੇਂ ਤੱਕ ਰੋਕਿਆ ਨਹੀਂ ਜਾ ਸਕਦਾ।

ਹੁਣ ਨਜ਼ਰ ਸਰਕਾਰ ਦੇ ਅਗਲੇ ਕਦਮ ਉੱਤੇ ਹੈ। ਜੇ ਮੁੱਖ ਮੰਤਰੀ ਦਫ਼ਤਰ ਵੱਲੋਂ ਛੇਤੀ ਗੱਲਬਾਤ ਦਾ ਰਾਹ ਨਾ ਖੋਲ੍ਹਿਆ ਗਿਆ ਤਾਂ ਮੁਲਾਜ਼ਮ ਜਥੇਬੰਦੀਆਂ ਅਤੇ ਸਰਕਾਰ ਵਿਚਾਲੇ ਪੇਚ ਹੋਰ ਫਸ ਸਕਦੇ ਹਨ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਪੰਜਾਬ ਦੇ ਮੁੱਖ ਡੈਮਾਂ 'ਚ ਪਾਣੀ ਦਾ ਪੱਧਰ ਪਿਛਲੇ ਸਾਲ ਨਾਲੋਂ ਘਟਿਆ

ਰੂਪਨਗਰ, (ਪੰਜਾਬ ਮੇਲ)- ਪੰਜਾਬ ਦੇ ਮੁੱਖ ਭਾਖੜਾ, ਪੌਂਗ ਅਤੇ ਰਣਜੀਤ ਸਾਗਰ ਡੈਮਾਂ ਵਿਚ ਪਾਣੀ ਦਾ ਪੱਧਰ ਪਿਛਲੇ ਸਾਲ ਨਾਲੋਂ ਕਾਫ਼ੀ ਘੱਟ ਦਰਜ ਕੀਤਾ ਗਿਆ ਹੈ। 27 ਅਗਸਤ ਤੱਕ ਦੇ ਅੰਕੜਿਆਂ ਮੁਤਾਬਕ ਚਾਲੂ ਸਾਲ ਦੇ ਮੌਨਸੂਨ ਦੌਰਾਨ ਪਾਣੀ ਦੀ ਆਮਦ ਪਿਛਲੇ ਸਾਲ ਜਿੰਨੀ ਨਹੀਂ ਰਹੀ, ਜਿਸ ਕਾਰਨ ਡੈਮਾਂ ਵਿਚ ਅਜੇ ਵੀ ਕਾਫ਼ੀ ਥਾਂ ਖਾਲੀ ਪਈ ਹੈ। ਭਾਖੜਾ ਰਿਜ਼ਰਵਾਇਰ ਦਾ ਪੱਧਰ ਪਿਛਲੇ ਸਾਲ ਦੇ ਮੁਕਾਬਲੇ 37.27 ਫੁੱਟ ਹੇਠਾਂ 1,634.22 ਫੁੱਟ ਉੱਤੇ ਹੈ ਅਤੇ ਇਹ 64 ਫ਼ੀਸਦੀ ਭਰਿਆ ਹੋਇਆ ਹੈ। ਇਸੇ ਤਰ੍ਹਾਂ ਪੌਂਗ ਡੈਮ ਦਾ ਪੱਧਰ ਵੀ ਪਿਛਲੇ ਸਾਲ ਨਾਲੋਂ 27.33 ਫੁੱਟ ਘੱਟ ਕੇ 1,365.67 ਫੁੱਟ ਰਹਿ ਗਿਆ ਹੈ, ਜਦਕਿ ਰਣਜੀਤ ਸਾਗਰ ਡੈਮ ਵਿਚ ਵੀ ਪਾਣੀ ਦਾ ਪੱਧਰ ਪਿਛਲੇ ਸਾਲ ਦੇ ਮੁਕਾਬਲੇ 12.27 ਮੀਟਰ ਘੱਟ ਦਰਜ ਕੀਤਾ ਗਿਆ ਹੈ।

ਡੈਮਾਂ ਵਿਚ ਪਾਣੀ ਦੀ ਆਮਦ ਵਿਚ ਭਾਰੀ ਗਿਰਾਵਟ ਦੇਖਣ ਨੂੰ ਮਿਲੀ ਹੈ। ਹਾਲਾਂਕਿ, ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐੱਮ.ਬੀ.) ਦੇ ਸੂਤਰਾਂ ਦਾ ਕਹਿਣਾ ਹੈ ਕਿ ਭਾਈਵਾਲ ਰਾਜਾਂ ਦੀਆਂ ਮੰਗਾਂ ਲਈ ਪਾਣੀ ਦਾ ਮੌਜੂਦਾ ਪੱਧਰ ਤਸੱਲੀਬਖ਼ਸ਼ ਹੈ। ਪਿਛਲੇ ਇੱਕ ਦਹਾਕੇ ਤੋਂ ਭਾਖੜਾ ਡੈਮ ਦਾ ਪੱਧਰ ਕਦੇ ਵੀ 1550 ਫੁੱਟ ਤੋਂ ਹੇਠਾਂ ਨਹੀਂ ਗਿਆ। ਅਧਿਕਾਰੀਆਂ ਦਾ ਮੰਨਣਾ ਹੈ ਕਿ ਜੇਕਰ ਇਸ ਸਾਲ ਪਾਣੀ ਦਾ ਪੱਧਰ 1550 ਫੁੱਟ ਤੋਂ ਹੇਠਾਂ ਆਉਂਦਾ ਹੈ, ਤਾਂ ਇਹ ਡੈਮ ਦੇ ਢਾਂਚੇ ਲਈ ਰਾਹਤ ਦੀ ਗੱਲ ਹੋਵੇਗੀ।

## ਡੀ.ਏ. ਦੇ ਬਕਾਏ ਦੇਣ ਦੇ ਮਾਮਲੇ 'ਤੇ ਸੁਪਰੀਮ ਕੋਰਟ ਪੁੱਜੀ ਪੰਜਾਬ ਸਰਕਾਰ

ਨਵੀਂ ਦਿੱਲੀ, (ਪੰਜਾਬ ਮੇਲ)- ਪੰਜਾਬ ਸਰਕਾਰ ਨੇ ਮੁਲਾਜ਼ਮਾਂ ਨੂੰ ਡੀ.ਏ. ਦੇ ਬਕਾਏ ਦੇਣ ਦੇ ਮਾਮਲੇ 'ਤੇ ਸੁਪਰੀਮ ਕੋਰਟ ਦਾ ਰੁਖ਼ ਕੀਤਾ ਹੈ। ਪੰਜਾਬ ਸਰਕਾਰ ਨੇ ਹਾਈ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿਚ ਸੂਬੇ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਸਾਰੇ ਬਕਾਇਆ ਮਹਿੰਗਾਈ ਭੱਤੇ (ਡੀ.ਏ.) ਅਤੇ ਮਹਿੰਗਾਈ ਰਾਹਤ ਦੇ ਪੈਸੇ ਦੋ ਹਫ਼ਤਿਆਂ ਦੇ ਅੰਦਰ-ਅੰਦਰ ਦੇਣ ਲਈ ਕਿਹਾ ਗਿਆ ਸੀ। ਸਰਕਾਰ ਨੇ ਦਲੀਲ ਦਿੱਤੀ ਹੈ ਕਿ ਲਗਪਗ 14,191 ਕਰੋੜ ਰੁਪਏ ਦੇ ਬਕਾਏ ਦੀ ਇੰਨੇ ਘੱਟ ਸਮੇਂ ਵਿਚ ਅਦਾਇਗੀ ਕਰਨੀ ਸੰਵਿਧਾਨਕ ਤੌਰ ਉੱਤੇ ਅਸੰਭਵ ਹੈ।

ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਵੱਲੋਂ ਦਾਇਰ ਕੀਤੀ ਗਈ ਇਹ ਵਿਸ਼ੇਸ਼ ਇਜਾਜ਼ਤ ਪਟੀਸ਼ਨ (ਐੱਸ.ਐੱਲ.ਪੀ.) ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ 3 ਅਗਸਤ ਦੇ ਫ਼ੈਸਲੇ ਨੂੰ ਚੁਣੌਤੀ ਦਿੰਦੀ ਹੈ, ਜਿਸ ਵਿਚ ਸੂਬੇ ਵਿਚ ਤਾਇਨਾਤ ਆਲ ਇੰਡੀਆ ਸਰਵਿਸਿਜ਼ (ਆਈ.ਏ.ਐੱਸ./ਆਈ.ਪੀ.ਐੱਸ.) ਦੇ ਅਧਿਕਾਰੀਆਂ ਨੂੰ ਲਾਗੂ ਹੋਣ ਵਾਲੀਆਂ ਦਰਾਂ ਦੇ ਹਿਸਾਬ ਨਾਲ ਬਕਾਏ ਦੇਣ ਦੇ ਹੁਕਮ ਦਿੱਤੇ ਗਏ ਸਨ।

ਪਟੀਸ਼ਨ ਵਿਚ ਕਿਹਾ ਗਿਆ ਹੈ, "ਹੁਕਮਾਂ ਦੀ ਪਾਲਣਾ ਕਰਨੀ ਸਿਰਫ਼ ਮੁਸ਼ਕਲ ਹੀ ਨਹੀਂ ਹੈ, ਸਗੋਂ ਦਿੱਤੇ ਗਏ ਸਮੇਂ ਵਿਚ ਇਹ ਸੰਵਿਧਾਨਕ ਤੌਰ ਉੱਤੇ ਅਸੰਭਵ ਹੈ। ਸੰਵਿਧਾਨ ਦੀ ਧਾਰਾ 266(3) ਮੁਤਾਬਕ, ਰਾਜ ਦੇ ਕੰਸੋਲੀਡੇਟਡ ਫੰਡ ਵਿਚੋਂ ਕੋਈ ਵੀ ਪੈਸਾ ਉਸ ਤਰੀਕੇ ਤੋਂ ਬਿਨਾਂ ਨਹੀਂ ਕੱਢਿਆ ਜਾ ਸਕਦਾ, ਜਿਸ ਦੀ ਇਜਾਜ਼ਤ ਸੰਵਿਧਾਨ ਦਿੰਦਾ ਹੈ ਅਤੇ ਉਹ ਤਰੀਕਾ ਧਾਰਾ 202 ਤੋਂ 206 ਤੱਕ ਵਿਚ ਦਿੱਤਾ ਗਿਆ ਹੈ।"

ਹਾਈ ਕੋਰਟ ਨੇ ਇਹ ਵੀ ਹੁਕਮ ਦਿੱਤਾ ਸੀ ਕਿ ਜੇਕਰ ਸਮੇਂ ਸਿਰ ਭੁਗਤਾਨ ਨਾ ਕੀਤਾ ਗਿਆ, ਤਾਂ ਸੂਬੇ ਨੂੰ 6 ਫ਼ੀਸਦੀ ਸਾਧਾਰਨ ਵਿਆਜ ਦੇਣਾ ਪਵੇਗਾ ਅਤੇ ਜਦੋਂ ਤੱਕ ਬਕਾਏ ਕਲੀਅਰ ਨਹੀਂ ਹੁੰਦੇ, ਉਦੋਂ ਤੱਕ ਸਰਕਾਰ ਨੂੰ ਕਿਸੇ ਵੀ ਤਰ੍ਹਾਂ ਦੇ "ਗ਼ੈਰ-ਉਤਪਾਦਕ" ਖਰਚੇ ਕਰਨ ਤੋਂ ਰੋਕ ਦਿੱਤਾ ਗਿਆ ਸੀ।

**ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਨੂੰ ਦਿੱਤੀ ਚੁਣੌਤੀ**






# ਮੂਸੇਵਾਲਾ ਕਤਲ ਕੇਸ: ਅਦਾਲਤ ਨੇ ਅਨਮੋਲ ਬਿਸ਼ਨੋਈ ਨੂੰ ਤਿਹਾੜ ਜੇਲ੍ਹ ਤੋਂ ਲਿਆਉਣ ਬਾਰੇ ਸਰਕਾਰ ਤੋਂ ਮੁੜ ਮੰਗਿਆ ਜਵਾਬ

**■ ਪੰਜਾਬ ਸਰਕਾਰ ਨੇ 27 ਫਰਵਰੀ ਨੂੰ ਦਿੱਤੀ ਅਰਜ਼ੀ 'ਤੇ ਹਾਲੇ ਤੱਕ ਨਹੀਂ ਦਿੱਤਾ ਜਵਾਬ**



**ਮਾਨਸਾ, (ਪੰਜਾਬ ਮੇਲ)-** ਮਾਨਸਾ ਦੀ ਸੈਸ਼ਨ ਅਦਾਲਤ ਨੇ ਸ਼ੁੱਕਰਵਾਰ ਨੂੰ ਸੂਬਾ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਉਹ ਗੈਂਗਸਟਰ ਅਨਮੋਲ ਬਿਸ਼ਨੋਈ (ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਇੱਕ ਮੁਲਜ਼ਮ) ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੇਸ਼ ਕਰਨ ਦੀ ਮੰਗ ਵਾਲੀ ਅਰਜ਼ੀ 'ਤੇ ਆਪਣਾ ਜਵਾਬ ਦਾਇਰ ਕਰੇ। ਅਦਾਲਤ ਨੇ ਅਗਲੀ ਸੁਣਵਾਈ ਲਈ 18 ਸਤੰਬਰ ਦੀ ਤਾਰੀਖ ਤੈਅ ਕੀਤੀ ਹੈ। ਇਹ ਅਰਜ਼ੀ ਅਨਮੋਲ ਬਿਸ਼ਨੋਈ ਦੇ ਵਕੀਲ ਵੱਲੋਂ 27 ਫਰਵਰੀ ਨੂੰ ਦਾਇਰ ਕੀਤੀ ਗਈ ਸੀ, ਜਿਸ ਵਿਚ ਉਸ ਨੂੰ ਤਿਹਾੜ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਮੌਜੂਦਾ ਕੇਸ ਵਿਚ ਹਿਰਾਸਤ ਵਿਚ ਲੈਣ ਦੀ ਮੰਗ ਕੀਤੀ ਗਈ ਸੀ।

ਸਰਕਾਰ ਨੇ ਇਸ ਮਾਮਲੇ 'ਤੇ ਹਾਲੇ ਤੱਕ ਆਪਣਾ ਜਵਾਬ ਦਾਇਰ ਨਹੀਂ ਕੀਤਾ ਹੈ ਅਤੇ ਸ਼ੁੱਕਰਵਾਰ ਦੀ ਸੁਣਵਾਈ ਇਸ ਅਰਜ਼ੀ ਦੇ ਦਾਇਰ ਹੋਣ ਤੋਂ ਬਾਅਦ ਨੌਵੀਂ ਸੁਣਵਾਈ ਸੀ। ਅਦਾਲਤ ਨੇ ਸਰਕਾਰ ਨੂੰ ਇਹ ਵੀ ਹੁਕਮ ਦਿੱਤਾ ਹੈ ਕਿ ਉਹ ਕੇਸ ਵਿਚ ਇਲੈਕਟ੍ਰਾਨਿਕ ਰਿਕਾਰਡ ਦੀ ਮੰਗ ਕਰਨ ਵਾਲੀਆਂ ਬਚਾਅ ਪੱਖ ਦੀਆਂ ਅਰਜ਼ੀਆਂ 'ਤੇ ਵੀ ਜਵਾਬ ਦਾਇਰ ਕਰੇ।

ਇਸ ਦੌਰਾਨ ਦੋ ਸਰਕਾਰੀ ਗਵਾਹ ਸੀਨੀਅਰ ਕਾਂਸਟੇਬਲ ਬਲਤੇਜ ਸਿੰਘ ਅਤੇ ਸਬ-ਇੰਸਪੈਕਟਰ ਗੁਰਲਾਲ ਸਿੰਘ ਅਦਾਲਤ ਵਿਚ ਜਿਰ੍ਹਾ ਲਈ ਹਾਜ਼ਰ ਹੋਏ। ਹਾਲਾਂਕਿ, ਬਚਾਅ ਪੱਖ ਦੇ ਵਕੀਲ ਨੇ ਰੱਖੜੀ ਦੇ ਤਿਉਹਾਰ ਕਾਰਨ ਕੇਸ ਦੀ ਸੁਣਵਾਈ ਅੱਗੇ ਵਧਾਉਣ ਦੀ ਮੰਗ ਕੀਤੀ। ਅਦਾਲਤ ਨੇ ਇਸ ਬੇਨਤੀ ਨੂੰ ਸਵੀਕਾਰ ਕਰ ਲਿਆ ਅਤੇ ਗਵਾਹਾਂ ਨੂੰ ਹਦਾਇਤ ਕੀਤੀ ਕਿ ਉਹ ਪੂਰੇ ਕੇਸ ਦੇ ਸਾਮਾਨ (ਕੇਸ ਪ੍ਰਾਪਰਟੀ) ਸਮੇਤ ਅਗਲੀ ਸੁਣਵਾਈ 'ਤੇ ਪੇਸ਼ ਹੋਣ। ਇਸ ਤੋਂ ਇਲਾਵਾ ਕੋਈ ਹੋਰ ਸਰਕਾਰੀ ਗਵਾਹ ਹਾਜ਼ਰ ਨਹੀਂ ਹੋਇਆ। ਅਦਾਲਤ ਨੇ ਹੁਕਮ ਦਿੱਤਾ ਕਿ ਅਸ਼ਵਨੀ ਕਾਲੀਆ, ਇੰਸਪੈਕਟਰ ਪ੍ਰਿਤਪਾਲ ਸਿੰਘ ਅਤੇ ਜਸ਼ਨਦੀਪ ਸਿੰਘ ਨੂੰ ਬਾਕੀ ਰਹਿੰਦੇ ਸਰਕਾਰੀ ਗਵਾਹਾਂ ਸਮੇਤ ਅਗਲੀ ਸੁਣਵਾਈ ਲਈ ਤਲਬ ਕੀਤਾ ਜਾਵੇ।

ਅਦਾਲਤ ਨੇ ਇਹ ਵੀ ਹੁਕਮ ਦਿੱਤਾ ਕਿ ਮੁਲਜ਼ਮ ਮਨਪ੍ਰੀਤ ਸਿੰਘ ਉਰਫ਼ ਮਣੀ ਰਾਇਆ ਵੱਲੋਂ ਸੀ.ਆਰ.ਪੀ.ਸੀ. ਦੀ ਧਾਰਾ 311 ਤਹਿਤ ਸਰਕਾਰੀ ਗਵਾਹ ਗੁਰਪ੍ਰੀਤ ਸਿੰਘ ਨੂੰ ਵਾਪਸ ਬੁਲਾਉਣ (ਰੀਕਾਲ ਕਰਨ) ਲਈ ਦਾਇਰ ਕੀਤੀ ਗਈ ਅਰਜ਼ੀ 'ਤੇ ਵੀ ਅਗਲੀ ਸੁਣਵਾਈ ਦੌਰਾਨ ਬਹਿਸ ਕੀਤੀ ਜਾਵੇਗੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

## ਵਿਦਿਆਰਥੀ ਚੋਣਾਂ ਦੇ ਨਤੀਜੇ ਪੰਜਾਬ 'ਤੇ ਵੀ ਅਸਰ ਛੱਡਣਗੇ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਯੂਨੀਵਰਸਿਟੀ ਕੈਂਪਸ ਸਟੂਡੈਂਟਸ ਕੌਂਸਲ ਦੀ ਪ੍ਰਧਾਨਗੀ ਚੋਣ ਦੇ ਨਤੀਜੇ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਸੰਕੇਤਕ ਤੌਰ 'ਤੇ ਪ੍ਰਭਾਵਿਤ ਕਰ ਸਕਦੇ ਹਨ। ਭਾਜਪਾ ਦੇ ਵਿਦਿਆਰਥੀ ਵਿੰਗ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ (ਏ.ਬੀ.ਵੀ.ਪੀ.) ਦੇ ਅੰਕਿਤ ਬਿਧਾਨ ਨੇ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਆਦਿਲ ਬਰਾੜ ਨੂੰ ਹਰਾ ਕੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਇਸ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਵਿਦਿਆਰਥੀ ਵਿੰਗ ਐੱਸ.ਓ.ਆਈ. ਨੇ ਏ.ਬੀ.ਵੀ.ਪੀ. ਦਾ ਸਮਰਥਨ ਕੀਤਾ ਸੀ।

ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਗੱਠਜੋੜ ਦੀਆਂ ਚਰਚਾਵਾਂ ਪਹਿਲਾਂ ਹੀ ਜ਼ੋਰਾਂ 'ਤੇ ਹਨ। ਅਜਿਹੀ ਸੂਰਤ ਵਿਚ ਯੂਨੀਵਰਸਿਟੀ ਚੋਣਾਂ ਦੇ ਨਤੀਜੇ ਦੋਵਾਂ ਧਿਰਾਂ ਦੀ ਸਿਆਸੀ ਨੇੜਤਾ ਵਧਾਉਣ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਪੰਜਾਬ ਯੂਨੀਵਰਸਿਟੀ 'ਚ ਬਹੁਗਿਣਤੀ ਵਿਦਿਆਰਥੀ ਪੰਜਾਬ ਅਤੇ ਹਰਿਆਣਾ ਨਾਲ ਸਬੰਧਤ ਹਨ, ਜਿਸ ਕਰ ਕੇ ਇਹ ਨਤੀਜੇ ਨੌਜਵਾਨਾਂ ਦੇ ਸਿਆਸੀ ਝੁਕਾਅ ਦਾ ਪ੍ਰਮਾਣ ਮੰਨੇ ਜਾ ਰਹੇ ਹਨ। ਇਨ੍ਹਾਂ ਚੋਣਾਂ ਦੀ ਜਿੱਤ ਹੁਣ ਭਾਜਪਾ ਪੰਜਾਬ 'ਚ ਵੀ ਪ੍ਰਚਾਰੇਗੀ। ਜਿੱਤ ਮਗਰੋਂ ਭਾਜਪਾ ਦੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਦੇ ਨੌਜਵਾਨ ਨਿਰਾਸ਼ਾ ਅਤੇ ਟਕਰਾਅ ਦੀ ਥਾਂ ਤਰੱਕੀ ਚਾਹੁੰਦੇ ਹਨ ਅਤੇ ਇਹ ਨਤੀਜਾ ਭਾਜਪਾ ਦੀ ਵਿਕਾਸ ਪੱਖੀ ਸਿਆਸਤ ਪ੍ਰਤੀ ਉਨ੍ਹਾਂ ਦੇ ਭਰੋਸੇ ਦਾ ਪ੍ਰਤੀਕ ਹੈ।

# ਚਰਨਜੀਤ ਚੰਨੀ ਵੱਲੋਂ ਹੁਣ ਪੰਥਕ ਸਿਆਸਤ 'ਤੇ ਫੋਕਸ



**■ 'ਅਕਾਲੀ ਦਲ ਵਾਰਿਸ ਪੰਜਾਬ' ਦੇ ਕਾਰਜਕਾਰੀ ਪ੍ਰਧਾਨ ਤਰਸੇਮ ਸਿੰਘ ਵੱਲੋਂ ਪੰਥਕ ਮੁੱਦੇ ਚੁੱਕਣ 'ਤੇ ਸਾਬਕਾ ਮੁੱਖ ਮੰਤਰੀ ਚੰਨੀ ਦੀ ਖੁੱਲ੍ਹ ਕੇ ਤਾਰੀਫ਼**

**ਚੰਡੀਗੜ੍ਹ, (ਪੰਜਾਬ ਮੇਲ)-** ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਹੁਣ ਪੰਥਕ ਸਿਆਸਤ 'ਤੇ ਫੋਕਸ ਕਰਨ ਲੱਗੇ ਹਨ। 'ਅਕਾਲੀ ਦਲ ਵਾਰਿਸ ਪੰਜਾਬ' ਦੇ ਕਾਰਜਕਾਰੀ ਪ੍ਰਧਾਨ ਤਰਸੇਮ ਸਿੰਘ ਨੇ ਪੰਥਕ ਮੁੱਦੇ ਚੁੱਕਣ 'ਤੇ ਸਾਬਕਾ ਮੁੱਖ ਮੰਤਰੀ ਚੰਨੀ ਦੀ ਖੁੱਲ੍ਹ ਕੇ ਤਾਰੀਫ਼ ਕੀਤੀ ਹੈ। ਸਾਬਕਾ ਮੁੱਖ ਮੰਤਰੀ ਚੰਨੀ ਨੇ ਤਰਸੇਮ ਸਿੰਘ ਵੱਲੋਂ ਕੀਤੀ ਇਸ ਤਾਰੀਫ਼ ਵਾਲੀ ਵੀਡੀਓ ਨੂੰ ਆਪਣੇ ਸੋਸ਼ਲ ਮੀਡੀਆ ਖਾਤੇ 'ਤੇ ਵੀ ਸਾਂਝਾ ਕੀਤਾ ਹੈ। ਕਾਂਗਰਸ 'ਚ ਚੰਨੀ ਦੀ ਪੰਥਕ ਮੁਹਾਂਦਰੇ ਵਾਲੀ ਸਿਆਸਤ ਤੋਂ ਘੁਸਰ-ਮੁਸਰ ਵੀ ਸ਼ੁਰੂ ਹੋ ਗਈ ਹੈ।

ਸੰਸਦ ਮੈਂਬਰ ਚਰਨਜੀਤ ਚੰਨੀ ਨੇ ਪਹਿਲਾਂ ਸੰਸਦ 'ਚ ਐੱਮ.ਪੀ. ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਦਾ ਮੁੱਦਾ ਚੁੱਕਿਆ ਸੀ। ਉਸ ਵਕਤ ਕਾਂਗਰਸ ਦੇ ਕੌਮੀ ਤਰਜਮਾਨ ਜੈਰਾਮ ਰਮੇਸ਼ ਨੇ ਸਾਫ਼ ਕੀਤਾ ਸੀ ਕਿ ਕਾਂਗਰਸ ਪਾਰਟੀ ਦਾ ਚੰਨੀ ਦੇ ਇਸ ਬਿਆਨ ਨਾਲ ਕੋਈ ਤੁਅੱਲਕ ਨਹੀਂ ਹੈ ਅਤੇ ਇਹ ਚੰਨੀ ਦੇ ਨਿੱਜੀ ਵਿਚਾਰ ਹਨ।

ਥੋੜ੍ਹੇ ਦਿਨ ਪਹਿਲਾਂ ਚੰਨੀ ਨੇ ਸੱਜਣ ਕੁਮਾਰ ਖ਼ਿਲਾਫ਼ ਵੀਡੀਓ ਜਾਰੀ ਕੀਤੀ ਸੀ। ਚੰਨੀ ਨੇ ਸੱਜਣ ਕੁਮਾਰ ਨੂੰ 'ਸਿੱਖਾਂ ਦਾ ਕਾਤਲ ਅਤੇ ਇਨਸਾਨੀਅਤ ਦਾ ਗੱਦਾਰ' ਕਰਾਰ ਦਿੱਤਾ ਸੀ। ਡਿਬਰੂਗੜ੍ਹ ਜੇਲ੍ਹ ਵਿਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਪੰਜਾਬ ਦੌਰੇ ਦੌਰਾਨ ਲਏ ਸਟੈਂਡ ਅਤੇ ਸੱਜਣ ਕੁਮਾਰ ਖ਼ਿਲਾਫ਼ ਲਏ ਪੈਂਤੜੇ ਦੇ ਮਾਮਲੇ 'ਤੇ ਚੰਨੀ ਦੀ ਤਾਰੀਫ਼ ਕੀਤੀ ਸੀ। ਇਹ ਤਾਰੀਫ਼ ਵਾਲੀ ਵੀਡੀਓ ਸਾਂਝੀ ਕਰਦਿਆਂ ਚੰਨੀ ਨੇ ਤਰਸੇਮ ਸਿੰਘ ਦਾ ਧੰਨਵਾਦ ਵੀ ਕੀਤਾ ਹੈ। ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਪੰਥਕ ਮੁਹਾਜ਼ 'ਤੇ ਠਿੱਬੀ ਲਾਉਣ ਲਈ ਪੰਥਕ ਏਜੰਡੇ 'ਤੇ ਕੰਮ ਕੀਤਾ ਸੀ। ਗਿਆਨੀ ਜ਼ੈਲ ਸਿੰਘ ਨੇ ਬਤੌਰ ਮੁੱਖ ਮੰਤਰੀ ਪੰਜਾਬ 'ਚ ਪੰਥਕ ਸਿਆਸਤ ਵੱਲ ਮੋੜਾ ਕੱਟਿਆ ਸੀ। ਪਤਾ ਲੱਗਿਆ ਹੈ ਕਿ ਚਰਨਜੀਤ ਚੰਨੀ ਵੀ ਹੁਣ ਬਤੌਰ ਸਿੱਖ ਇਨ੍ਹਾਂ ਪੰਥਕ ਮੁੱਦਿਆਂ 'ਤੇ ਖੁੱਲ੍ਹ ਕੇ ਬੋਲਣ ਲੱਗੇ ਹਨ।

## ਲੁਧਿਆਣਾ ਦੇ ਪੀਜ਼ਾ ਸਟੋਰ 'ਚ 3 ਸਕਿੰਟਾਂ ਦੌਰਾਨ 3 ਗੋਲੀਆਂ ਚੱਲੀਆਂ; ਹਮਲਾਵਰਾਂ ਦੀ ਭਾਲ ਜਾਰੀ

**ਲੁਧਿਆਣਾ, (ਪੰਜਾਬ ਮੇਲ)-** ਸ਼ਹਿਰ ਦੇ ਬੀ.ਆਰ.ਐੱਸ. ਨਗਰ ਦੇ ਜੇ-ਬਲਾਕ ਵਿਚ ਸਥਿਤ ਇੱਕ ਪੀਜ਼ਾ ਸਟੋਰ ਅੰਦਰ ਹੋਈ ਗੋਲੀਬਾਰੀ ਦੀ ਸੀ.ਸੀ.ਟੀ.ਵੀ. ਫੁਟੇਜ ਸਾਹਮਣੇ ਆਉਣ ਮਗਰੋਂ ਪੁਲਿਸ ਨੇ ਹਮਲਾਵਰਾਂ ਦੀ ਭਾਲ ਤੇਜ਼ ਕਰ ਦਿੱਤੀ ਹੈ। ਫੁਟੇਜ ਵਿਚ ਦਿਖਾਈ ਦਿੰਦਾ ਹੈ ਕਿ ਦੋ ਵਿਅਕਤੀ ਸਟੋਰ ਅੰਦਰ ਬੈਠ ਕੇ ਗੱਲਬਾਤ ਕਰ ਰਹੇ ਸਨ। ਇਸੇ ਦੌਰਾਨ ਟੋਪੀ ਪਹਿਨਿਆ ਇੱਕ ਨੌਜਵਾਨ ਆਪਣੇ ਸਾਥੀ ਨਾਲ ਅੰਦਰ ਦਾਖ਼ਲ ਹੋਇਆ ਅਤੇ ਉਸ ਨੇ ਪਿਸਤੌਲ ਨਾਲ ਲਗਾਤਾਰ ਤਿੰਨ ਗੋਲੀਆਂ ਚਲਾ ਦਿੱਤੀਆਂ। ਇਹ ਸਾਰੀ ਘਟਨਾ ਸਿਰਫ਼ ਤਿੰਨ ਸਕਿੰਟਾਂ ਵਿਚ ਵਾਪਰੀ ਦੱਸੀ ਜਾ ਰਹੀ ਹੈ।

# ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਵੱਲੋਂ ਰਾਜਾ ਵੜਿੰਗ ਦੀ ਗ੍ਰਿਫ਼ਤਾਰੀ ਦੇ ਹੁਕਮ



**ਚੰਡੀਗੜ੍ਹ, (ਪੰਜਾਬ ਮੇਲ)-** ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਅਹਿਮ ਫ਼ੈਸਲਾ ਲੈਂਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪੰਜ ਦਿਨਾਂ ਦੇ ਅੰਦਰ ਗ੍ਰਿਫ਼ਤਾਰ ਕੀਤੇ ਜਾਣ ਦੇ ਹੁਕਮ ਸੁਣਾਏ ਹਨ, ਜਿਸ ਨਾਲ ਹੁਣ ਵੜਿੰਗ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਮਾਮਲਾ ਤਰਨ ਤਾਰਨ ਵਿਚ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਵੱਲੋਂ ਅਨੁਸੂਚਿਤ ਜਾਤੀ ਭਾਈਚਾਰੇ ਵਿਰੁੱਧ ਕਥਿਤ ਤੌਰ 'ਤੇ ਮੰਦੀ ਸ਼ਬਦਾਵਲੀ ਵਰਤਣ ਦਾ ਹੈ।

ਰਾਜਾ ਵੜਿੰਗ ਨੇ ਤਰਨ ਤਾਰਨ ਦੀ ਜ਼ਿਮਨੀ ਚੋਣ ਦੌਰਾਨ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਮਰਹੂਮ ਬੂਟਾ ਸਿੰਘ ਖ਼ਿਲਾਫ਼ ਕਥਿਤ ਭੱਦੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਸੀ। ਵੜਿੰਗ, ਜੋ ਪਹਿਲਾਂ ਹੀ ਕਾਂਗਰਸ ਦੀ ਅੰਦਰੂਨੀ ਜੰਗ 'ਚ ਉਲਝੇ ਹੋਏ ਹਨ, ਉਨ੍ਹਾਂ ਲਈ ਕੌਮੀ ਕਮਿਸ਼ਨ ਦਾ ਫ਼ੈਸਲਾ ਨਵੀਂ ਚੁਣੌਤੀ ਬਣੇਗਾ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਕਿਸ਼ੋਰ ਮਕਵਾਨਾ ਨੇ ਇਸ ਉਪਰੋਕਤ ਮਾਮਲੇ ਦੀ ਸੁਣਵਾਈ ਕੀਤੀ ਅਤੇ ਇਸ ਮੌਕੇ ਪੰਜਾਬ ਪੁਲਿਸ ਤਰਫ਼ੋਂ ਡੀ.ਐੱਸ.ਪੀ. ਹਰਪ੍ਰੀਤ ਸਿੰਘ ਅਤੇ ਡੀ.ਐੱਸ.ਪੀ. (ਈ.ਓ. ਅਤੇ ਸਾਈਬਰ ਕ੍ਰਾਈਮ) ਗੁਲਜ਼ਾਰ ਸਿੰਘ ਪੇਸ਼ ਹੋਏ।

ਇਸ ਮੌਕੇ ਪਟੀਸ਼ਨਰ ਸਰਬਜੋਤ ਸਿੰਘ, ਜੋ ਕਿ ਮਰਹੂਮ ਬੂਟਾ ਸਿੰਘ ਦੇ ਸਪੁੱਤਰ ਹਨ, ਵੀ ਹਾਜ਼ਰ ਸਨ। ਕੌਮੀ ਕਮਿਸ਼ਨ ਨੇ ਪੰਜਾਬ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ 'ਤੇ ਉਂਗਲ ਉਠਾਈ ਅਤੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਅਤੇ ਐਕਸ਼ਨ ਟੇਕਨ ਰਿਪੋਰਟ ਸੌਂਪਣ ਵਿਚ ਹੋ ਰਹੀ ਦੇਰੀ 'ਤੇ ਗੰਭੀਰ ਚਿੰਤਾ ਪ੍ਰਗਟਾਈ। ਕੌਮੀ ਕਮਿਸ਼ਨ ਨੇ 5 ਮਈ 2026 ਨੂੰ ਹੋਈ ਸੁਣਵਾਈ ਦੌਰਾਨ ਨਿਯਮਾਂ ਅਨੁਸਾਰ ਤੈਅ ਸਮੇਂ ਦੇ ਅੰਦਰ ਜਾਂਚ ਪੂਰੀ ਕਰਨ ਦੀ ਸਿਫ਼ਾਰਸ਼ ਕੀਤੀ ਸੀ।

ਕੌਮੀ ਕਮਿਸ਼ਨ ਨੇ ਪਟੀਸ਼ਨਰ ਸਰਬਜੋਤ ਸਿੰਘ ਦੀ ਇਸ ਸ਼ਿਕਾਇਤ ਦਾ ਨੋਟਿਸ ਲੈਂਦਿਆਂ ਕਿਹਾ ਕਿ ਉਨ੍ਹਾਂ ਨੂੰ ਕਥਿਤ ਮੁਲਜ਼ਮਾਂ ਵੱਲੋਂ ਮਿਲ ਰਹੀਆਂ ਧਮਕੀਆਂ ਦੇ ਮੱਦੇਨਜ਼ਰ ਲੋੜੀਂਦੀ ਸੁਰੱਖਿਆ ਮੁਹੱਈਆ ਕਰਾਉਣ ਦੇ ਹੁਕਮ ਵੀ ਜਾਰੀ ਕੀਤੇ ਹਨ। ਇਸ ਤੋਂ ਇਲਾਵਾ 30 ਦਿਨਾਂ ਦੇ ਅੰਦਰ ਐਕਸ਼ਨ ਟੇਕਨ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਵੀ ਦਿੱਤੇ ਹਨ।

# ਪੰਜਾਬੀ ਸੋਸ਼ਲ ਮੀਡੀਆ ਇਨਫਲੂਐਂਸਰ ਮਨਜੀਤ ਕੌਰ ਮਾਮਲੇ 'ਚ ਨਵਾਂ ਖੁਲਾਸਾ!

**■ ਸੱਤ ਹਫ਼ਤਿਆਂ ਦੀ ਗਰਭਵਤੀ ਹੋਣ ਦੀ ਪੁਸ਼ਟੀ**



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬੀ ਸੋਸ਼ਲ ਮੀਡੀਆ ਇਨਫਲੂਐਂਸਰ ਮਨਜੀਤ ਕੌਰ ਦੀ ਮੌਤ ਦੇ ਮਾਮਲੇ ਵਿਚ ਪੋਸਟਮਾਰਟਮ ਰਿਪੋਰਟ ਤੋਂ ਇੱਕ ਹੋਰ ਅਹਿਮ ਖੁਲਾਸਾ ਸਾਹਮਣੇ ਆਇਆ ਹੈ। ਪੁਲਿਸ ਮੁਤਾਬਕ 28 ਸਾਲਾ ਮਨਜੀਤ ਕੌਰ ਮੌਤ ਸਮੇਂ ਕਰੀਬ ਸੱਤ ਹਫ਼ਤਿਆਂ ਦੀ ਗਰਭਵਤੀ ਸੀ। ਇਹ ਜਾਣਕਾਰੀ ਸਾਹਮਣੇ ਆਉਣ ਤੋਂ ਬਾਅਦ ਮਾਮਲਾ ਹੋਰ ਵੀ ਗੰਭੀਰ ਅਤੇ ਪੇਚੀਦਾ ਬਣ ਗਿਆ ਹੈ।

ਰਿਪੋਰਟਾਂ ਅਨੁਸਾਰ ਮਨਜੀਤ ਕੌਰ ਨੂੰ ਜੁਲਾਈ ਦੇ ਸ਼ੁਰੂ ਵਿਚ ਚੰਡੀਗੜ੍ਹ ਤੋਂ ਕਥਿਤ ਤੌਰ 'ਤੇ ਅਗਵਾ ਕੀਤਾ ਗਿਆ ਸੀ। ਦੋਸ਼ ਹੈ ਕਿ ਉਸਨੂੰ ਮੋਰਿੰਡਾ ਨੇੜੇ ਇੱਕ ਸੁੰਨਸਾਨ ਇਲਾਕੇ ਵਿਚ ਲਿਜਾਇਆ ਗਿਆ, ਦਰੱਖਤ ਨਾਲ ਬੰਨ੍ਹਿਆ ਗਿਆ ਅਤੇ ਅੱਗ ਲਗਾ ਦਿੱਤੀ ਗਈ। ਉਹ ਗੰਭੀਰ ਤੌਰ 'ਤੇ ਝੁਲਸ ਗਈ ਸੀ ਅਤੇ ਲੰਬੇ ਸਮੇਂ ਤੱਕ ਇਲਾਜ ਅਧੀਨ ਰਹੀ। ਆਖ਼ਿਰਕਾਰ 26 ਅਗਸਤ ਨੂੰ ਪੀ.ਜੀ.ਆਈ. ਐੱਮ.ਈ.ਆਰ. ਚੰਡੀਗੜ੍ਹ ਵਿਚ ਉਸਦੀ ਮੌਤ ਹੋ ਗਈ।

ਚੰਡੀਗੜ੍ਹ ਪੁਲਿਸ ਨੇ ਹੁਣ ਅਗਵਾ ਅਤੇ ਕਤਲ ਦਾ ਮਾਮਲਾ ਦਰਜ ਕਰਕੇ ਜਾਂਚ ਆਪਣੇ ਹੱਥ ਵਿਚ ਲੈ ਲਈ ਹੈ। ਜਾਂਚ ਅਧਿਕਾਰੀ ਉਪਲਬਧ ਸੀ.ਸੀ.ਟੀ.ਵੀ. ਫੁਟੇਜ, ਮੋਬਾਈਲ ਫੋਨ ਰਿਕਾਰਡ, ਸੋਸ਼ਲ ਮੀਡੀਆ ਸੰਪਰਕਾਂ ਅਤੇ ਹੋਰ ਡਿਜ਼ੀਟਲ ਸਬੂਤਾਂ ਦੀ ਜਾਂਚ ਕਰ ਰਹੇ ਹਨ। ਪੁਲਿਸ ਲਈ ਵੱਡੀ ਮੁਸ਼ਕਲ ਇਹ ਹੈ ਕਿ ਘਟਨਾ ਨੂੰ ਲਗਭਗ ਦੋ ਮਹੀਨੇ ਬੀਤ ਚੁੱਕੇ ਹਨ ਅਤੇ ਕਈ ਥਾਵਾਂ ਦੀ ਸੀ.ਸੀ.ਟੀ.ਵੀ. ਰਿਕਾਰਡਿੰਗ ਹੁਣ ਉਪਲਬਧ ਨਹੀਂ ਰਹੀ।

ਇਸ ਮਾਮਲੇ ਵਿਚ ਇਹ ਸਵਾਲ ਵੀ ਉੱਠ ਰਹੇ ਹਨ ਕਿ ਹਸਪਤਾਲ ਵਿਚ ਹੋਸ਼ ਵਿਚ ਆਉਣ ਤੋਂ ਬਾਅਦ ਮਨਜੀਤ ਕੌਰ ਦਾ ਬਿਆਨ ਕਿਉਂ ਦਰਜ ਨਹੀਂ ਕੀਤਾ ਗਿਆ। ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਵੀ ਮਾਮਲੇ ਦੀ ਸੀਨੀਅਰ ਪੱਧਰ 'ਤੇ ਜਾਂਚ ਦੇ ਹੁਕਮ ਦਿੱਤੇ ਹਨ। ਹਾਲਾਂਕਿ ਦੋਸ਼ੀਆਂ ਦੀ ਭੂਮਿਕਾ ਅਤੇ ਹਮਲੇ ਦੇ ਅਸਲ ਕਾਰਨਾਂ ਬਾਰੇ ਅੰਤਿਮ ਨਤੀਜਾ ਪੁਲਿਸ ਜਾਂਚ ਤੋਂ ਬਾਅਦ ਹੀ ਸਾਹਮਣੇ ਆਵੇਗਾ।

# ਮਨੀ ਲਾਂਡਰਿੰਗ ਮਾਮਲੇ 'ਚ ਈ.ਡੀ. ਵੱਲੋਂ ਪੰਜਾਬ ਪੁਲਿਸ ਨੂੰ ਤੀਜਾ ਪੱਤਰ

**■ 3 ਸਤੰਬਰ ਤੋਂ ਪਹਿਲਾਂ ਦਰਜ ਕੀਤਾ ਜਾਵੇ ਪੁਲਿਸ ਕੇਸ**

**ਚੰਡੀਗੜ੍ਹ, (ਪੰਜਾਬ ਮੇਲ)-** ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਮਨੀ ਲਾਂਡਰਿੰਗ ਦੇ ਚਰਚਿਤ ਮਾਮਲੇ 'ਚ ਹੁਣ ਤੀਜੀ ਵਾਰ ਪੰਜਾਬ ਪੁਲਿਸ ਨੂੰ ਪੱਤਰ ਲਿਖ ਕੇ ਤੁਰੰਤ ਪੁਲਿਸ ਕੇਸ ਦਰਜ ਕਰਨ ਲਈ ਕਿਹਾ ਹੈ। ਈ.ਡੀ. ਪਹਿਲਾਂ ਭੇਜੇ ਪੱਤਰਾਂ ਜ਼ਰੀਏ ਪੰਜਾਬ ਪੁਲਿਸ ਨਾਲ ਸੂਚਨਾ ਸਾਂਝੀ ਕਰ ਚੁੱਕੀ ਹੈ। ਪੱਤਰ 'ਚ ਕਿਹਾ ਹੈ ਕਿ ਇਸ ਮਾਮਲੇ 'ਚ ਤੁਰੰਤ ਐੱਫ.ਆਈ.ਆਰ. ਦਰਜ ਕਰਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ 3 ਸਤੰਬਰ ਨੂੰ ਹੋਣ ਵਾਲੀ ਅਗਲੀ ਸੁਣਵਾਈ ਤੋਂ ਪਹਿਲਾਂ ਇਸ ਦੀ ਇੱਕ ਕਾਪੀ ਈ.ਡੀ. ਨੂੰ ਮੁਹੱਈਆ ਕਰਵਾਈ ਜਾਵੇ।

ਈ.ਡੀ. ਨੇ ਇਹ ਚਿਤਾਵਨੀ ਵੀ ਦਿੱਤੀ ਕਿ ਪੁਲਿਸ ਕੇਸ ਦਰਜ ਕਰਨ ਵਿਚ ਹੋਰ ਦੇਰੀ ਨਾਲ ਸਬੂਤਾਂ ਨੂੰ ਨਸ਼ਟ ਕੀਤੇ ਜਾਣ ਜਾਂ ਉਨ੍ਹਾਂ ਨਾਲ ਛੇੜਛਾੜ ਕੀਤੇ ਜਾਣ ਦਾ ਖ਼ਤਰਾ ਵੀ ਹੋ ਸਕਦਾ ਹੈ। ਈ.ਡੀ. ਦੇ ਜਲੰਧਰ ਜ਼ੋਨਲ ਦਫ਼ਤਰ ਨੇ ਪੰਜਾਬ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਏ.ਆਈ.ਜੀ. (ਜਾਂਚ) ਨੂੰ 31 ਅਗਸਤ ਨੂੰ ਲਿਖੇ ਪੱਤਰ ਵਿਚ ਪੰਜਾਬ ਪੁਲਿਸ ਦੇ 28 ਅਗਸਤ ਦੇ ਪੱਤਰ ਦਾ ਹਵਾਲਾ ਦਿੱਤਾ ਹੈ। ਪੰਜਾਬ ਪੁਲਿਸ ਨੇ ਪਹਿਲਾਂ ਲਿਖੇ ਪੱਤਰ 'ਚ ਕੇਸ ਦਰਜ ਕਰਨ ਤੋਂ ਪਹਿਲਾਂ ਈ.ਡੀ. ਦੇ ਅਧਿਕਾਰਤ ਅਧਿਕਾਰੀ ਦੀ ਤਾਇਨਾਤੀ ਦੀ ਮੰਗ ਕੀਤੀ ਸੀ ਅਤੇ ਸਬੂਤ ਆਦਿ ਨਾਲ ਸਬੰਧਿਤ ਪੂਰੇ ਰਿਕਾਰਡ ਦੀ ਮੰਗ ਵੀ ਕੀਤੀ ਸੀ।

ਇਸ ਦੇ ਜਵਾਬ 'ਚ ਕੇਂਦਰੀ ਏਜੰਸੀ ਨੇ ਕਿਹਾ ਕਿ 'ਪ੍ਰੀਵੈਂਸ਼ਨ ਆਫ਼ ਮਨੀ ਲਾਂਡਰਿੰਗ ਐਕਟ' 2002 ਦੀ ਧਾਰਾ 66(2) ਤਹਿਤ 30 ਜੁਲਾਈ ਅਤੇ 7 ਅਗਸਤ ਨੂੰ ਭੇਜੀ ਗਈ ਈਮੇਲ ਰਾਹੀਂ ਸਾਂਝੀ ਕੀਤੀ ਗਈ ਜਾਣਕਾਰੀ ਪਹਿਲਾਂ ਹੀ ਸਮਰੱਥ ਅਧਿਕਾਰੀ ਵੱਲੋਂ ਜਾਂਚ ਪੜਤਾਲ ਕਰਨ ਮਗਰੋਂ ਤਸਦੀਕ ਕੀਤੀ ਜਾ ਚੁੱਕੀ ਹੈ।

ਕੇਂਦਰੀ ਏਜੰਸੀ ਨੇ ਤੀਜੇ ਪੱਤਰ 'ਚ ਸੁਪਰੀਮ ਕੋਰਟ ਦੇ ਕਈ ਕੇਸਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਸਬੰਧਿਤ ਪੁਲਿਸ ਕੋਈ ਵੀ ਜਾਣਕਾਰੀ ਮਿਲਣ 'ਤੇ ਕੇਸ ਦਰਜ ਕਰਨ ਲਈ ਪਾਬੰਦ ਹੈ।

ਈ.ਡੀ. ਨੇ ਕਿਹਾ ਕਿ ਸਮੱਗਰੀ ਸਾਂਝੀ ਕੀਤੇ ਜਾਣ ਤੋਂ ਬਾਅਦ 30 ਦਿਨਾਂ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ ਅਤੇ ਹੁਣ ਇਸ ਪੜਾਅ 'ਤੇ ਕਿਸੇ ਹੋਰ ਮੁੱਢਲੀ ਜਾਂਚ ਦੀ ਲੋੜ ਨਹੀਂ ਹੈ।

ਚੇਤੇ ਰਹੇ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਇੱਕ ਜਨਹਿਤ ਪਟੀਸ਼ਨ ਵੀ ਲੰਬਿਤ ਹੈ, ਜਿਸ 'ਚ ਸੂਬਾ ਸਰਕਾਰ ਤੋਂ ਪੱਖ ਮੰਗਿਆ ਗਿਆ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 3 ਸਤੰਬਰ ਹੈ। ਸੰਘੀ ਏਜੰਸੀ ਨੇ ਨਿਤਿਨ ਗੋਹਲ ਦੇ ਬਿਆਨ ਅਤੇ ਹੋਰਨਾਂ ਸਬੂਤਾਂ ਨੂੰ ਵੀ ਭੇਜੇ ਜਾਣ ਦੀ ਗੱਲ ਕੀਤੀ ਹੈ। ਚੇਤੇ ਰਹੇ ਕਿ ਇਸ ਤੋਂ ਪਹਿਲਾਂ ਈ.ਡੀ. ਵੱਲੋਂ ਪੰਜਾਬ ਦੇ ਡੀ.ਜੀ.ਪੀ. ਨੂੰ ਭੇਜੀ 9 ਪੰਨਿਆਂ ਦੀ ਚਿੱਠੀ ਨੇ ਸਿਆਸੀ ਹਲਚਲ ਮਚਾ ਦਿੱਤੀ ਸੀ, ਜਿਸ 'ਚ 61 ਮਾਮਲਿਆਂ ਦੀ ਗੂੰਜ ਪਈ ਸੀ ਅਤੇ ਇਸ 'ਚ 23 ਅਫ਼ਸਰਾਂ ਅਤੇ ਪੰਜ ਪ੍ਰਾਈਵੇਟ ਵਿਚੋਲਿਆਂ ਦਾ ਵੀ ਹਵਾਲਾ ਦਿੱਤਾ ਗਿਆ ਸੀ। ਹੁਣ ਇਸ ਮਾਮਲੇ 'ਚ ਤੀਜਾ ਪੱਤਰ ਲਿਖਿਆ ਗਿਆ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਬਰਤਾਨੀਆ ’ਚ ਸਥਾਈ ਨਿਵਾਸ ਅਤੇ ਨਾਗਰਿਕਤਾ ਪ੍ਰਾਪਤ ਕਰਨ ਦੇ ਮਾਮਲੇ ਵਿਚ ਭਾਰਤੀ ਸਭ ਤੋਂ ਅੱਗੇ

**■ ਪਰਵਾਸ ਸ਼੍ਰੇਣੀਆਂ ਵਿਚ ਵੀ ਭਾਰਤੀ ਨਾਗਰਿਕਾਂ ਨੂੰ ਸਭ ਤੋਂ ਵੱਧ ‘ਵਿਜ਼ਟਰ ਵੀਜ਼ਾ’ ਹੋਏ ਜਾਰੀ**

**ਲੰਡਨ, (ਪੰਜਾਬ ਮੇਲ)-** ਬਰਤਾਨੀਆ ਵਿਚ ਵੱਸਣ ਅਤੇ ਨਾਗਰਿਕਤਾ ਪ੍ਰਾਪਤ ਕਰਨ ਦੇ ਇੱਛੁਕ ਲੋਕਾਂ ਵਿਚ ਭਾਰਤੀ ਨਾਗਰਿਕਾਂ ਦੀ ਗਿਣਤੀ ਸਭ ਤੋਂ ਵੱਧ ਰਹੀ। ਵੀਰਵਾਰ ਨੂੰ ਜਾਰੀ ਗ੍ਰਹਿ ਦਫ਼ਤਰ ਦੇ ਅਧਿਕਾਰਤ ਅੰਕੜਿਆਂ ਵਿਚ ਇਹ ਜਾਣਕਾਰੀ ਸਾਹਮਣੇ ਆਈ ਹੈ।

ਬਰਤਾਨੀਆ ਵਿਚ ਸਥਾਈ ਤੌਰ ’ਤੇ ਵੱਸਣ ਦੇ ਅਧਿਕਾਰ ਨਾਲ ਜੁੜੇ ਨਿਯਮਾਂ ਤਹਿਤ, ਵਰਤਮਾਨ ਵਿਚ ਵੈਧ ਵੀਜ਼ਾ ਵਾਲੇ ਲੋਕਾਂ ਨੂੰ ਪੰਜ ਸਾਲ ਬਾਅਦ ਇਹ ਅਧਿਕਾਰ ਮਿਲ ਜਾਂਦਾ ਹੈ। ਪਰ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਦੇ ਪ੍ਰਸਤਾਵਾਂ ਤਹਿਤ ਇਸ ਮਿਆਦ ਨੂੰ ਇਸ ਸਾਲ ਦੇ ਅੰਤ ਤੋਂ ਵਧਾ ਕੇ ਦੁੱਗਣਾ ਕਰਨ ਦਾ ਪ੍ਰਸਤਾਵ ਹੈ।

ਪਿਛਲੀ ਸਰਕਾਰ ਦੇ ਕਾਰਜਕਾਲ ਦੌਰਾਨ ਜਾਰੀ ਕੀਤੇ ਗਏ ਇਮੀਗ੍ਰੇਸ਼ਨ ਸੰਬੰਧੀ ਨਵੀਨਤਮ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਅਨਿਸ਼ਚਿਤਕਾਲੀਨ ਨਿਵਾਸ ਆਗਿਆ (ਆਈ.ਐੱਲ.ਆਰ.) ਦੇ ਅਰਜ਼ੀ ਮਨਜ਼ੂਰ ਹੋਣ ਵਿਚ 24 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਇਸ ਨੂੰ ਸਥਾਈ ਨਿਵਾਸ ਵਜੋਂ ਵੀ ਜਾਣਿਆ ਜਾਂਦਾ ਹੈ, ਜਿਸ ਨਾਲ ਅੱਗੇ ਚੱਲ ਕੇ ਬ੍ਰਿਟਿਸ਼ ਨਾਗਰਿਕਤਾ ਲਈ ਅਰਜ਼ੀ ਦੇਣ ਦਾ ਰਸਤਾ ਵੀ ਖੁੱਲ੍ਹਦਾ ਹੈ। ਗ੍ਰਹਿ ਦਫ਼ਤਰ ਮੁਤਾਬਕ, ਜੂਨ 2026 ਨੂੰ ਖ਼ਤਮ ਹੋਏ ਸਾਲ ਦੌਰਾਨ ਭਾਰਤੀ ਨਾਗਰਿਕ ਸਥਾਈ ਨਿਵਾਸ ਦੀ ਮਨਜ਼ੂਰੀ ਲੈਣ ਵਾਲਾ ਸਭ ਤੋਂ ਵੱਡਾ ਕੌਮੀ ਸਮੂਹ ਬਣੇ ਰਹੇ ਹਨ। ਇਸ ਸਮੇਂ ਦੌਰਾਨ 35,384 ਭਾਰਤੀ ਨਾਗਰਿਕਾਂ ਨੂੰ ਸਥਾਈ ਨਿਵਾਸ ਦੀ ਮਨਜ਼ੂਰੀ ਮਿਲੀ ਹੈ, ਜੋ ਕਿ ਪਿਛਲੇ ਸਾਲ ਦੇ ਮੁਕਾਬਲੇ 51 ਫ਼ੀਸਦੀ ਜ਼ਿਆਦਾ ਹੈ।

ਦਫ਼ਤਰ ਨੇ ਕਿਹਾ, “ਇਹ ਮੁੱਖ ਤੌਰ ’ਤੇ ਉਨ੍ਹਾਂ ਭਾਰਤੀ ਨਾਗਰਿਕਾਂ ਦੀ ਵਧਦੀ ਗਿਣਤੀ ਨੂੰ ਦਰਸਾਉਂਦਾ ਹੈ, ਜੋ ਹਾਲ ਹੀ ਦੇ ਸਾਲਾਂ ਵਿਚ ਰੁਜ਼ਗਾਰ ਦੇ ਮਾਧਿਅਮ ਰਾਹੀਂ ਬਰਤਾਨੀਆ ਆਏ ਸਨ ਅਤੇ ਹੁਣ ਸਥਾਈ ਨਿਵਾਸ ਲਈ ਲੋੜੀਂਦੀ ਲਗਾਤਾਰ ਨਿਵਾਸ ਦੀ ਨਿਰਧਾਰਤ ਮਿਆਦ ਪੂਰੀ ਕਰ ਚੁੱਕੇ ਹਨ।”

ਅੰਕੜਿਆਂ ਅਨੁਸਾਰ 2025 ਤੋਂ 2026 ਦੀ ਮਿਆਦ ਵਿਚ ਬ੍ਰਿਟਿਸ਼ ਨਾਗਰਿਕਤਾ ਪ੍ਰਾਪਤ ਕਰਨ ਵਾਲਿਆਂ ਵਿਚ ਭਾਰਤੀ ਨਾਗਰਿਕ 24,851 ਦੇ ਨਾਲ ਸਭ ਤੋਂ ਵੱਡਾ ਕੌਮੀ ਸਮੂਹ ਰਹੇ, ਜਦੋਂ ਕਿ ਪਾਕਿਸਤਾਨੀ ਨਾਗਰਿਕ 18,489 ਦੇ ਨਾਲ ਦੂਜੇ ਸਥਾਨ ’ਤੇ ਰਹੇ।

ਇਸ ਹਫ਼ਤੇ ਜਾਰੀ ਅੰਕੜਿਆਂ ਵਿਚ ਸ਼ਾਮਲ ਹੋਰ ਪਰਵਾਸ ਸ਼੍ਰੇਣੀਆਂ ਵਿਚ ਵੀ ਭਾਰਤੀ ਨਾਗਰਿਕਾਂ ਨੂੰ ਸਭ ਤੋਂ ਵੱਧ ‘ਵਿਜ਼ਟਰ ਵੀਜ਼ਾ’ ਜਾਰੀ ਕੀਤੇ ਗਏ, ਜਿਨ੍ਹਾਂ ਦੀ ਗਿਣਤੀ 5,14,398 ਰਹੀ। ਇਹ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ ਨੌਂ ਪ੍ਰਤੀਸ਼ਤ ਘੱਟ ਹੈ।

# ਕੈਨੇਡਾ ਸਰਕਾਰ ਵੱਲੋਂ ਇਮੀਗ੍ਰੇਸ਼ਨ ’ਤੇ ਕਾਬੂ ਪਾਉਣ ਦਾ ਦਾਅਵਾ; ਅੰਕੜਿਆਂ ’ਤੇ ਮਾਹਿਰਾਂ ਨੇ ਚੁੱਕੇ ਸਵਾਲ!

**■ ਆਰਜ਼ੀ ਵਸਨੀਕਾਂ ਦਾ ਹਿਸਾਬ ‘ਗ਼ਾਇਬ’**

**■ ਪਰਮਿਟ ਖ਼ਤਮ ਹੋਣ ਤੋਂ ਬਾਅਦ ਦੇਸ਼ ’ਚ ਰਹਿ ਰਹੇ ਲੋਕਾਂ ਦਾ ਡਾਟਾ ਸਪੱਸ਼ਟ ਨਹੀਂ**

**ਵਿੰਨੀਪੈੱਗ, (ਪੰਜਾਬ ਮੇਲ)-** ਕੈਨੇਡਾ ਭਾਵੇਂ ਇਮੀਗ੍ਰੇਸ਼ਨ ’ਤੇ ਮੁੜ ਕਾਬੂ ਪਾਉਣ ਦੇ ਦਾਅਵੇ ਕਰ ਰਿਹਾ ਹੈ, ਪਰ ਦੇਸ਼ ਵਿਚ ਮੌਜੂਦ ਲੱਖਾਂ ਆਰਜ਼ੀ ਵਸਨੀਕਾਂ ਦਾ ਅਸਲ ਹਿਸਾਬ ਸਰਕਾਰ ਕੋਲ ਵੀ ਸਾਫ਼ ਨਹੀਂ ਹੈ। ਮਾਹਿਰਾਂ ਮੁਤਾਬਕ ਵਿਦਿਆਰਥੀਆਂ ਅਤੇ ਆਰਜ਼ੀ ਕਾਮਿਆਂ ਦੀ ਆਮਦ ਘਟਾਉਣ ਤੋਂ ਬਾਅਦ ਹੁਣ ਸਭ ਤੋਂ ਵੱਡੀ ਚੁਣੌਤੀ ਇਹ ਪਤਾ ਲਾਉਣਾ ਹੈ ਕਿ ਜਿਨ੍ਹਾਂ ਦੇ ਵੀਜ਼ੇ ਜਾਂ ਵਰਕ ਪਰਮਿਟ ਖ਼ਤਮ ਹੋ ਚੁੱਕੇ ਹਨ, ਉਨ੍ਹਾਂ ਵਿਚੋਂ ਕਿੰਨੇ ਕੈਨੇਡਾ ਛੱਡ ਚੁੱਕੇ ਹਨ ਅਤੇ ਕਿੰਨੇ ਅਜੇ ਵੀ ਇੱਥੇ ਹਨ।

ਇਮੀਗ੍ਰੇਸ਼ਨ ਨੀਤੀ ਬਾਰੇ ਮਾਹਿਰ ਪੈਨਲ ਦੀ ਮੁਖੀ ਪਰੀਸਾ ਮਹਿਬੂਬੀ ਨੇ ਕਿਹਾ ਹੈ ਕਿ ਸਰਕਾਰ ਨੂੰ ਆਰਜ਼ੀ ਵਸਨੀਕਾਂ ਦੀ ਗਿਣਤੀ ਹੋਰ ਘਟਾਉਣ ਦੇ ਨਾਲ-ਨਾਲ ਉਨ੍ਹਾਂ ਦੀ ਆਮਦ ਅਤੇ ਰਵਾਨਗੀ ਬਾਰੇ ਵਧੇਰੇ ਭਰੋਸੇਯੋਗ ਅੰਕੜੇ ਇਕੱਠੇ ਕਰਨ ਦੀ ਲੋੜ ਹੈ। ਸੀ.ਡੀ. ਹਾਓ ਇੰਸਟੀਚਿਊਟ ਦੀ ਇਮੀਗ੍ਰੇਸ਼ਨ ਟਾਰਗੈੱਟ ਕੌਂਸਲ ਦੀ ਚੇਅਰ ਮਹਿਬੂਬੀ ਨੇ ਕਿਹਾ ਕਿ ਆਰਜ਼ੀ ਵਸਨੀਕਾਂ ਦੇ ਮਾਮਲੇ ਵਿਚ ਕੈਨੇਡਾ “ਹਨੇਰੇ ਵਿਚ” ਹੈ। ਉਨ੍ਹਾਂ ਮੁਤਾਬਕ ਸਰਕਾਰ ਕੋਲ ਇਹ ਵੀ ਸਪੱਸ਼ਟ ਅੰਕੜੇ ਨਹੀਂ ਕਿ ਕਿੰਨੇ ਵੀਜ਼ੇ ਹਰ ਸਾਲ ਨਵਿਆਏ ਜਾਂਦੇ ਹਨ ਅਤੇ ਕਿੰਨੇ ਅਜਿਹੇ ਵਿਦਿਆਰਥੀ ਜਾਂ ਕਾਮੇ ਹਨ, ਜਿਨ੍ਹਾਂ ਦੇ ਪਰਮਿਟ ਖ਼ਤਮ ਹੋ ਚੁੱਕੇ ਹਨ ਪਰ ਉਹ ਦੇਸ਼ ਤੋਂ ਬਾਹਰ ਗਏ ਹਨ ਜਾਂ ਨਹੀਂ।

30 ਜੂਨ ਤੱਕ ਕੈਨੇਡਾ ਵਿਚ ਲਗਭਗ 6.32 ਲੱਖ ਸਟੱਡੀ ਪਰਮਿਟ ਧਾਰਕ ਅਤੇ 15 ਲੱਖ ਆਰਜ਼ੀ ਵਰਕ ਪਰਮਿਟ ਧਾਰਕ ਸਨ। ਇਸ ਦੇ ਉਲਟ ਜੂਨ 2024 ਵਿਚ ਵਿਦਿਆਰਥੀਆਂ ਦੀ ਗਿਣਤੀ 10 ਲੱਖ ਤੋਂ ਵੱਧ ਅਤੇ ਆਰਜ਼ੀ ਕਾਮਿਆਂ ਦੀ ਗਿਣਤੀ ਕਰੀਬ 12 ਲੱਖ ਸੀ। ਇਸ ਦੌਰਾਨ ਨਵੇਂ ਵਿਦੇਸ਼ੀ ਵਿਦਿਆਰਥੀਆਂ ਅਤੇ ਆਰਜ਼ੀ ਕਾਮਿਆਂ ਦੀ ਆਮਦ ਵਿਚ ਭਾਰੀ ਕਮੀ ਆਈ ਹੈ। ਇਸ ਸਾਲ ਜਨਵਰੀ ਤੋਂ ਜੂਨ ਤੱਕ ਸਿਰਫ਼ 22,410 ਨਵੇਂ ਵਿਦੇਸ਼ੀ ਵਿਦਿਆਰਥੀ ਕੈਨੇਡਾ ਪਹੁੰਚੇ, ਜਦਕਿ 2024 ਦੀ ਇਸੇ ਮਿਆਦ ਦੌਰਾਨ ਇਹ ਗਿਣਤੀ 1,24,930 ਸੀ। ਆਰਜ਼ੀ ਕਾਮਿਆਂ ਦੇ ਮਾਮਲੇ ਵਿਚ ਵੀ ਇਸ ਸਾਲ ਪਹਿਲੇ 6 ਮਹੀਨਿਆਂ ਦੌਰਾਨ 98,130 ਨਵੇਂ ਆਗਮਨ ਹੋਏ, ਜਦਕਿ 2024 ਵਿਚ ਇਹ ਗਿਣਤੀ 2,44,985 ਸੀ। ਸਰਕਾਰ ਨੇ 2027 ਦੇ ਅੰਤ ਤੱਕ ਆਰਜ਼ੀ ਵਸਨੀਕਾਂ ਦੀ ਗਿਣਤੀ ਕੁੱਲ ਆਬਾਦੀ ਦੇ ਪੰਜ ਫ਼ੀਸਦੀ ਤੋਂ ਹੇਠਾਂ ਲਿਆਉਣ ਦਾ ਟੀਚਾ ਰੱਖਿਆ ਹੈ। ਅਕਤੂਬਰ 2024 ਵਿਚ ਇਹ ਅਨੁਪਾਤ ਸੱਤ ਫ਼ੀਸਦੀ ਤੋਂ ਵੀ ਉੱਪਰ ਪਹੁੰਚ ਗਿਆ ਸੀ। ਸਟੈਟਿਸਟਿਕਸ ਕੈਨੇਡਾ ਮੁਤਾਬਕ ਪਿਛਲੀ ਬਸੰਤ ਦੇ ਅੰਕੜਿਆਂ ਅਨੁਸਾਰ ਗ਼ੈਰ-ਸਥਾਈ ਵਸਨੀਕਾਂ ਦੀ ਗਿਣਤੀ ਕਰੀਬ 25 ਲੱਖ ਸੀ, ਜੋ ਕੁੱਲ ਆਬਾਦੀ ਦਾ ਲਗਭਗ 6.2 ਫ਼ੀਸਦੀ ਬਣਦੀ ਹੈ। ਮਹਿਬੂਬੀ ਦਾ ਮੰਨਣਾ ਹੈ ਕਿ ਪੰਜ ਫ਼ੀਸਦੀ ਨੂੰ ਆਖ਼ਰੀ ਮੰਜ਼ਿਲ ਨਹੀਂ, ਸਗੋਂ ਵੱਧ ਤੋਂ ਵੱਧ ਹੱਦ ਮੰਨਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸਕ ਔਸਤ ਦੇ ਨੇੜੇ ਪਹੁੰਚਣ ਲਈ ਆਰਜ਼ੀ ਵਸਨੀਕਾਂ ਦਾ ਹਿੱਸਾ ਤਿੰਨ ਤੋਂ ਚਾਰ ਫ਼ੀਸਦੀ ਤੱਕ ਲਿਆਉਣਾ ਚਾਹੀਦਾ ਹੈ।

ਕੰਜ਼ਰਵੇਟਿਵ ਇਮੀਗ੍ਰੇਸ਼ਨ ਆਲੋਚਕ ਮਿਸ਼ੇਲ ਰੈਂਪਲ ਗਾਰਨਰ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਇਹ ਕਹਿਣ ’ਤੇ ਸਵਾਲ ਚੁੱਕਿਆ ਕਿ ਸਰਕਾਰ ਨੇ ਇਮੀਗ੍ਰੇਸ਼ਨ ਪ੍ਰਣਾਲੀ ’ਤੇ ਮੁੜ ਕਾਬੂ ਪਾ ਲਿਆ ਹੈ। ਉਨ੍ਹਾਂ ਕਿਹਾ ਕਿ ਇਮੀਗ੍ਰੇਸ਼ਨ ਦੇ ਪੱਧਰ ਕੈਨੇਡਾ ਦੀ ਨੌਕਰੀਆਂ, ਰਿਹਾਇਸ਼ ਅਤੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੀ ਸਮਰੱਥਾ ਮੁਤਾਬਕ ਤੈਅ ਹੋਣੇ ਚਾਹੀਦੇ ਹਨ।

# ਲਿਓਨਲ ਮੈਸੀ ਵੱਲੋਂ ਕੌਮਾਂਤਰੀ ਫੁਟਬਾਲ ਤੋਂ ਸੰਨਿਆਸ



**ਬਿਊਨਸ ਆਇਰਸ, (ਪੰਜਾਬ ਮੇਲ)-** ਅਰਜਨਟੀਨਾ ਦੇ ਸਟਾਰ ਫੁਟਬਾਲਰ ਲਿਓਨਲ ਮੈਸੀ ਨੇ ਕੌਮਾਂਤਰੀ ਫੁਟਬਾਲ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ। 2022 ਵਿਚ ਆਲਮੀ ਚੈਂਪੀਅਨ ਬਣਨ ਵਾਲੀ ਟੀਮ ਦੇ ਮੈਂਬਰ ਰਹੇ 39 ਸਾਲਾ ਮੈਸੀ ਨੇ ਇੰਸਟਾਗ੍ਰਾਮ ’ਤੇ ਭਾਵੁਕ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਇਹ ਫ਼ੈਸਲਾ ਬਹੁਤ ਮੁਸ਼ਕਲ ਸੀ ਪਰ ਹੁਣ ਸਮਾਂ ਆ ਗਿਆ ਹੈ। ਉਸ ਨੇ ਅਰਜਨਟੀਨਾ ਲਈ ਸਭ ਤੋਂ ਵੱਧ 125 ਗੋਲ ਕੀਤੇ ਹਨ। ਮੈਸੀ ਨੇ ਦੱਸਿਆ ਕਿ ਉਸ ਨੇ ਸੰਨਿਆਸ ਦਾ ਫ਼ੈਸਲਾ ਜੁਲਾਈ ਵਿਚ ਹੀ ਕਰ ਲਿਆ ਸੀ ਪਰ ਪਿਤਾ ਦੀ ਖਰਾਬ ਸਿਹਤ ਕਾਰਨ ਇਸ ਦਾ ਐਲਾਨ ਹੁਣ ਕੀਤਾ ਹੈ। ਉਹ ਅਮਰੀਕਾ ਵਿਚ ਇੰਟਰ ਮਿਆਮੀ ਕਲੱਬ ਲਈ ਖੇਡਣਾ ਜਾਰੀ ਰੱਖੇਗਾ।

ਅਰਜਨਟੀਨਾ ਦੇ ਮਹਾਨ ਫੁਟਬਾਲਰ ਨੇ ਆਪਣੇ ਪ੍ਰਸ਼ੰਸਕਾਂ ਦੇ ਨਾਂ ਸੁਨੇਹੇ ਵਿਚ ਕਿਹਾ, “ਪਿਛਲੇ 20 ਸਾਲਾਂ ਦੌਰਾਨ ਮਿਲੇ ਅਥਾਹ ਪਿਆਰ ਲਈ ਤੁਹਾਡਾ ਸਾਰਿਆਂ ਦਾ ਧੰਨਵਾਦ। ਮੈਂ ਮੈਦਾਨ ਦੇ ਅੰਦਰੋਂ ਤੁਹਾਡੀਆਂ ਆਵਾਜ਼ਾਂ ਨੂੰ ਬਹੁਤ ਮਿਸ ਕਰਾਂਗਾ। ਹੁਣ ਮੈਂ ਵੀ ਤੁਹਾਡੇ ਵਿਚੋਂ ਇੱਕ ਬਣ ਕੇ ਬਾਹਰੋਂ ਟੀਮ ਦਾ ਸਮਰਥਨ ਕਰਾਂਗਾ।”

ਉਨ੍ਹਾਂ ਨੇ ਸਾਲ 2006 ਵਿਚ ਅਰਜਨਟੀਨਾ ਲਈ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਉਨ੍ਹਾਂ ਦਾ ਇਹ ਸਫ਼ਰ ਉਤਰਾਅ-ਚੜ੍ਹਾਅ ਅਤੇ ਸੰਘਰਸ਼ ਨਾਲ ਭਰਿਆ ਰਿਹਾ, ਜਿਸ ਦੇ ਆਖ਼ਰੀ ਪੜਾਅ ਵਿਚ ਉਨ੍ਹਾਂ ਨੇ ਸਾਲ 2022 ਦਾ ਇਤਿਹਾਸਕ ਫੀਫਾ ਵਿਸ਼ਵ ਕੱਪ ਅਤੇ ਦੋ ਕੋਪਾ ਅਮਰੀਕਾ ਖ਼ਿਤਾਬ ਦੇਸ਼ ਦੀ ਝੋਲੀ ਪਾਏ।

ਭਾਵੇਂ ਮੈਸੀ ਨੇ ਅਰਜਨਟੀਨਾ ਦੀ ਜਰਸੀ ਪਾ ਕੇ ਦੇਸ਼ ਲਈ ਖੇਡਣ ਦਾ ਸਫਰ ਹਮੇਸ਼ਾ ਲਈ ਬੰਦ ਕਰ ਦਿੱਤਾ ਹੈ ਪਰ ਉਹ ਕਲੱਬ ਪੱਧਰ ਉੱਤੇ ਅਮਰੀਕੀ ਕਲੱਬ ਇੰਟਰ ਮਿਆਮੀ ਵੱਲੋਂ ਆਪਣੀ ਖੇਡ ਜਾਰੀ ਰੱਖਣਗੇ। ਹਾਲ ਹੀ ਵਿੱਚ ਉਨ੍ਹਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇੱਕ ਮੈਚ ਵਿਚ ਚਾਰ ਗੋਲ ਵੀ ਦਾਗੇ।

# ਕੈਨੇਡਾ ’ਚ ਧੋਖਾਧੜੀ ਦੇ ਦੋਸ਼ ਹੇਠ ਪੰਜਾਬੀ ਵਕੀਲ ਗ੍ਰਿਫ਼ਤਾਰ; ਲਾਇਸੈਂਸ ਰੱਦ

**ਵੈਨਕੂਵਰ, (ਪੰਜਾਬ ਮੇਲ)-** ਓਨਟਾਰੀਓ ਦੀ ਪੀਲ ਪੁਲਿਸ ਨੇ ਬਰੈਂਪਟਨ ਦੇ ਇੱਕ ਵਕੀਲ ਨੂੰ ਆਪਣੇ ਮੁਵੱਕਿਲਾਂ ਨਾਲ ਜਾਇਦਾਦ ਦੀ ਖ਼ਰੀਦ-ਵੇਚ ਮੌਕੇ ਧੋਖੇ ਨਾਲ 43 ਲੱਖ ਡਾਲਰ (30 ਕਰੋੜ ਰੁਪਏ) ਠੱਗਣ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਹੈ। ਲਾਅ ਸੁਸਾਇਟੀ ਵੱਲੋਂ ਉਸ ਦਾ ਵਕਾਲਤ ਲਾਇਸੈਂਸ ਪਹਿਲਾਂ ਹੀ ਰੱਦ ਕਰ ਦਿੱਤਾ ਗਿਆ ਸੀ। ਪੁਲਿਸ ਨੇ ਵਕੀਲ ਦੀ ਪਛਾਣ ਬਰੈਂਪਟਨ ਵਾਸੀ ਪਵਨਜੀਤ ਸਿੰਘ ਮਾਨ (52) ਵਜੋਂ ਜਾਰੀ ਕੀਤੀ ਹੈ, ਜਿਸ ਵੱਲੋਂ ‘ਪੀ ਜੇ ਲਾਅ ਪ੍ਰੋਫੈਸ਼ਨਲ ਕਾਰਪੋਰੇਸ਼ਨ’ ਨਾਂ ਹੇਠ ਜਾਇਦਾਦ ਖ਼ਰੀਦ-ਵੇਚ ਮਾਮਲਿਆਂ (ਟਰੱਸਟ ਅਕਾਊਂਟ) ਦਾ ਕੰਮ ਕੀਤਾ ਜਾ ਰਿਹਾ ਸੀ। ਪੁਲਿਸ ਨੂੰ ਖ਼ਦਸ਼ਾ ਹੈ ਕਿ ਕਈ ਹੋਰ ਲੋਕ ਵੀ ਉਸ ਤੋਂ ਪੀੜਤ ਹੋ ਸਕਦੇ ਹਨ, ਜਿਨ੍ਹਾਂ ਨੂੰ ਸਾਹਮਣੇ ਆਉਣ ਲਈ ਕਿਹਾ ਗਿਆ ਹੈ।

ਧੋਖਾਧੜੀ ਮਾਮਲਿਆਂ ਨਾਲ ਸਬੰਧਤ ਪੁਲਿਸ ਟੀਮ ਨੇ ਇਸ ਮਾਮਲੇ ਦੀ ਜਾਂਚ ਉਦੋਂ ਸ਼ੁਰੂ ਕੀਤੀ, ਜਦੋਂ ਲਾਅ ਸੁਸਾਇਟੀ ਨੇ ਉਸ ਦਾ ਵਕਾਲਤ ਲਾਇਸੈਂਸ ਰੱਦ ਕੀਤਾ। ਜਾਂਚ ਦੌਰਾਨ ਪਤਾ ਲੱਗਾ ਕਿ ਕਥਿਤ ਦੋਸ਼ੀ ਨੇ ਖ਼ਰੀਦ-ਵੇਚ ਟਰੱਸਟ ਦੇ ਬੈਂਕ ਖ਼ਾਤੇ ਦੀ ਦੁਰਵਰਤੋਂ ਕਰਕੇ ਉਸ ਉੱਤੇ ਭਰੋਸਾ ਕਰਨ ਵਾਲੇ ਜਾਇਦਾਦ ਖ਼ਰੀਦਦਾਰਾਂ ਅਤੇ ਵਿਕਰੇਤਾ ਨਾਲ 43 ਲੱਖ ਡਾਲਰ ਦੀ ਰਕਮ ਠੱਗ ਲਈ ਹੈ। ਪੁਲਿਸ ਨੇ ਉਸ ਦੇ ਵਿਰੁੱਧ ਧੋਖਾਧੜੀ ਨਾਲ ਸਬੰਧਤ ਚਾਰ ਦੋਸ਼ ਆਇਦ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਕੈਨੇਡਾ ਦੀਆਂ ਉਪ-ਚੋਣਾਂ ’ਚ ਤਿੰਨੇ ਸੀਟਾਂ ਕੇ ਮਾਰਕ ਕਾਰਨੀ ਸਰਕਾਰ ਨੇ ਹਾਸਲ ਕੀਤਾ ਬਹੁਮੱਤ

**■ ਲਿਬਰਲ ਪਾਰਟੀ ਕੋਲ ਹੁਣ 173 ਸੰਸਦ ਮੈਂਬਰ**



**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਪਾਰਲੀਮੈਂਟ ਦੀਆਂ ਖ਼ਾਲੀ ਹੋਈਆਂ ਤਿੰਨ ਸੀਟਾਂ ਲਈ ਹੋਈ ਉਪ-ਚੋਣ ਵਿਚ ਪ੍ਰਧਾਨ ਮੰਤਰੀ ਮਾਰਕ ਦੀ ਅਗਵਾਈ ਵਾਲੀ ਸੱਤਾਧਾਰੀ ਲਿਬਰਲ ਪਾਰਟੀ ਨੇ ਤਿੰਨੇ ਸੀਟਾਂ ’ਤੇ ਜਿੱਤ ਹਾਸਲ ਕਰਕੇ ਸੰਸਦ ਵਿਚ ਬਹੁਮੱਤ ਦਾ ਅੰਕੜਾ ਪਾਰ ਕਰ ਲਿਆ ਹੈ। ਖ਼ਾਲੀ ਹੋਈਆਂ ਤਿੰਨ ਸੀਟਾਂ ਵਿਚੋਂ ਦੋ ਪਹਿਲਾਂ ਲਿਬਰਲ ਪਾਰਟੀ ਕੋਲ ਸਨ, ਜਦੋਂਕਿ ਇੱਕ ਸੀਟ ’ਤੇ ਕੰਜ਼ਰਵੇਟਿਵ ਪਾਰਟੀ ਕਾਬਜ਼ ਸੀ। ਇੰਜ ਲਿਬਰਲ ਪਾਰਟੀ ਕੋਲ ਹੁਣ ਸੰਸਦ ਦੇ 173 ਮੈਂਬਰ ਹੋ ਗਏ ਹਨ, ਜੋ ਕਿ ਬਹੁਮੱਤ ਤੋਂ ਇੱਕ ਵੱਧ ਹੈ।

343 ਮੈਂਬਰਾਂ ਦੇ ਹਾਊਸ ਵਿਚ ਮੁੱਖ ਵਿਰੋਧੀ ਪਾਰਟੀ ਯਾਨੀ ਕੰਜ਼ਰਵੇਟਿਵ ਪਾਰਟੀ ਦੇ 141, ਬਲਾਕ ਕਿਊਬਕਵਾ ਦੇ 22, ਐੱਨ.ਡੀ.ਪੀ. ਦੇ 6 ਅਤੇ ਗ੍ਰੀਨ ਪਾਰਟੀ ਦਾ ਇੱਕ ਮੈਂਬਰ ਹੈ। ਬੀਤੇ ਤਿੰਨ ਮਹੀਨਿਆਂ ਵਿਚ ਖ਼ਾਲੀ ਹੋਈਆਂ ਤਿੰਨ ਸੀਟਾਂ ਵਿਚੋਂ ਦੋ ਲਿਬਰਲ ਦੀਆਂ ਘਟਣ ਕਾਰਨ ਸਰਕਾਰ ਨੂੰ ਵਿੱਤੀ ਬਿੱਲ ਪਾਸ ਕਰਵਾਉਣ ਲਈ ਕਿਸੇ ਹੋਰ ਪਾਰਟੀ ਵੱਲ ਝਾਕ ਰੱਖਣੀ ਪੈ ਰਹੀ ਸੀ, ਜਿਸ ਦੀ ਹੁਣ ਲੋੜ ਨਹੀਂ ਰਹੇਗੀ। ਵੈਨਕੂਵਰ, ਟੋਰਾਂਟੋ ਅਤੇ ਕਿਊਬੈਕ ਹਲਕਿਆਂ ਵਿਚ ਵੋਟਾਂ ਪੈਣ ਦਾ ਕੰਮ ਸਵੇਰੇ ਅੱਠ ਵਜੇ ਸ਼ੁਰੂ ਹੋਇਆ, ਜੋ ਸ਼ਾਮ ਤੱਕ ਹਲਕੀ ਰਫ਼ਤਾਰ ਨਾਲ ਚੱਲਦਾ ਰਿਹਾ ਅਤੇ ਸਮਾਂ ਖ਼ਤਮ ਹੋਣ ਤੋਂ ਤੁਰੰਤ ਬਾਅਦ ਗਿਣਤੀ ਸ਼ੁਰੂ ਹੋ ਗਈ ਸੀ। ਮੁੱਢਲੇ ਰੁਝਾਨਾਂ ਤੋਂ ਹੀ ਸੰਕੇਤ ਮਿਲਣ ਲੱਗੇ ਸਨ ਕਿ ਲਿਬਰਲ ਪਾਰਟੀ ਤਿੰਨੇ ਸੀਟਾਂ ’ਤੇ ਬਾਜ਼ੀ ਮਾਰ ਜਾਵੇਗੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit Saini
Ishu Hallan
Vijay
Surbhi Sharma
Ranjit Singh

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਨਿਊਯਾਰਕ ਦੇ ਟਾਈਮਜ਼ ਸਕੁਏਅਰ ’ਚ ਔਰਤ ਨੇ 2 ਲੋਕਾਂ ’ਤੇ ਕੀਤਾ ਹਮਲਾ

## ਪੁਲਿਸ ਵੱਲੋਂ ਹਮਲਾਵਰ ਢੇਰ




**ਨਿਊਯਾਰਕ, (ਪੰਜਾਬ ਮੇਲ)**- ਅਮਰੀਕਾ ਦੇ ਸਭ ਤੋਂ ਵਿਅਸਤ ਅਤੇ ਮਸ਼ਹੂਰ ਇਲਾਕਿਆਂ ਵਿਚੋਂ ਇੱਕ ਨਿਊਯਾਰਕ ਦੇ ਟਾਈਮਜ਼ ਸਕੁਏਅਰ ਵਿਚ ਇੱਕ ਦਿਲ ਕੰਬਾਊ ਵਾਰਦਾਤ ਸਾਹਮਣੇ ਆਈ, ਜਿੱਥੇ ਇੱਕ ਔਰਤ ਨੇ ਅਚਾਨਕ 2 ਲੋਕਾਂ ’ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਇਸ ਖ਼ੂਨੀ ਹਮਲੇ ਵਿਚ ਇੱਕ ਔਰਤ ਦੀ ਮੌਤ ਹੋ ਗਈ ਹੈ, ਜਦੋਂ ਕਿ ਇੱਕ ਪੁਰਸ਼ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਪੁਲਿਸ ਅਧਿਕਾਰੀਆਂ ਨਾਲ ਕਰੀਬ 4 ਮਿੰਟ ਤੱਕ ਚੱਲੀ ਤਣਾਅਪੂਰਨ ਝੜਪ ਤੋਂ ਬਾਅਦ ਪੁਲਿਸ ਨੇ ਹਮਲਾਵਰ ਔਰਤ ਨੂੰ ਗੋਲੀ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਅਧਿਕਾਰੀਆਂ ਅਨੁਸਾਰ ਇਹ ਹਮਲਾ ਬਿਲਕੁਲ ਅਚਾਨਕ ਅਤੇ ਬਿਨਾਂ ਕਿਸੇ ਸਪੱਸ਼ਟ ਵਜ੍ਹਾ ਦੇ ਕੀਤਾ ਗਿਆ ਸੀ।

ਪੁਲਿਸ ਮੁਤਾਬਕ ਇਹ ਘਟਨਾ ਸੋਮਵਾਰ ਦੁਪਹਿਰ ਕਰੀਬ 4:36 ਵਜੇ ਟਾਈਮਜ਼ ਸਕੁਏਅਰ ਦੇ ਸਭ ਤੋਂ ਭੀੜ-ਭੜੱਕੇ ਵਾਲੇ ਇਲਾਕੇ ਵਿਚ ਵਾਪਰੀ, ਜਿੱਥੇ ਉਸ ਸਮੇਂ ਹਜ਼ਾਰਾਂ ਦੀ ਗਿਣਤੀ ਵਿਚ ਸੈਲਾਨੀ, ਆਮ ਲੋਕ ਅਤੇ ਪਰਿਵਾਰ ਮੌਜੂਦ ਸਨ। ਹਮਲਾਵਰ ਔਰਤ ਨੇ ਬਹੁਤ ਤੇਜ਼ੀ ਨਾਲ, ਮਹਿਜ਼ 20 ਸੈਕਿੰਡ ਦੇ ਅੰਦਰ-ਅੰਦਰ ਦੋਹਾਂ ਪੀੜਤਾਂ ਦੇ ਪੇਟ ਵਿਚ ਚਾਕੂ ਮਾਰ ਦਿੱਤੇ।

ਨਿਊਯਾਰਕ ਪੁਲਿਸ ਵਿਭਾਗ (ਐੱਨ.ਵਾਈ.ਪੀ.ਡੀ.) ਨੇ ਦੱਸਿਆ ਕਿ ਹਮਲੇ ਦੀ ਸ਼ਿਕਾਰ ਹੋਈ 32 ਸਾਲਾ ਔਰਤ ਦੇ ਪੇਟ ਵਿਚ ਚਾਕੂ ਲੱਗਿਆ ਸੀ, ਜਿਸ ਦੀ ਹਸਪਤਾਲ ਵਿਚ ਇਲਾਜ ਦੌਰਾਨ ਮੌਤ ਹੋ ਗਈ। ਦੂਜਾ ਪੀੜਤ ਇੱਕ 68 ਸਾਲਾ ਪੁਰਸ਼ ਹੈ, ਜਿਸ ਦੇ ਪੇਟ ਵਿਚ ਵੀ ਚਾਕੂ ਵੱਜਿਆ ਸੀ। ਸ਼ੁਰੂਆਤ ਵਿਚ ਉਸ ਦੀ ਹਾਲਤ ਬੇਹੱਦ ਨਾਜ਼ੁਕ ਦੱਸੀ ਗਈ ਸੀ, ਪਰ ਹੁਣ ਉਸ ਦੀ ਹਾਲਤ ਸਥਿਰ ਹੈ।

ਹਮਲਾਵਰ ਔਰਤ ਦੀ ਪਛਾਣ 49 ਸਾਲਾ ਪਾਮੇਲਾ ਸਿਸਨੇਰੋਸ ਵਜੋਂ ਹੋਈ ਹੈ। ਸੋਸ਼ਲ ਮੀਡੀਆ ’ਤੇ ਵਾਇਰਲ ਹੋਏ ਵੀਡੀਓ ਵਿਚ ਉਹ ਗੁਲਾਬੀ ਸ਼ਰਟ ਅਤੇ ਜੀਨਸ ਪਾਈ ਹੱਥ ਵਿਚ ਚਾਕੂ ਫੜ ਕੇ ਪੁਲਿਸ ਅਧਿਕਾਰੀਆਂ ਸਾਹਮਣੇ ਖੜ੍ਹੀ ਦਿਖਾਈ ਦੇ ਰਹੀ ਹੈ। ਪੁਲਿਸ ਕਮਿਸ਼ਨਰ ਅਨੁਸਾਰ ਸਿਸਨੇਰੋਸ ਨੇ ਪੁਲਿਸ ਅਧਿਕਾਰੀਆਂ ਨੂੰ ਚਾਕੂ ਸੁੱਟਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਪੁਲਿਸ ਨੇ ਉਸ ਨੂੰ ਨਿਹੱਥਾ ਕਰਨ ਲਈ ਟੇਜ਼ਰ ਦੀ ਵਰਤੋਂ ਵੀ ਕੀਤੀ, ਪਰ ਉਹ ਬੇਅਸਰ ਰਹੀ। ਜਦੋਂ ਉਹ ਚਾਕੂ ਲਹਿਰਾਉਂਦੀ ਹੋਈ ਅੱਗੇ ਵਧਣ ਲੱਗੀ, ਤਾਂ ਪੁਲਿਸ ਨੇ ਗੋਲੀ ਚਲਾ ਦਿੱਤੀ। ਜ਼ਖਮੀ ਹਾਲਤ ਵਿਚ ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।

# ਨਿਊਜ਼ੀਲੈਂਡ ’ਚ ਖਾਲਿਸਤਾਨ ਨਾਲ ਜੋੜੇ 40 ਪਨਾਹ ਕੇਸ ਰੱਦ

**ਵੈਲਿੰਗਟਨ, (ਪੰਜਾਬ ਮੇਲ)**- ਨਿਊਜ਼ੀਲੈਂਡ ’ਚ ਖਾਲਿਸਤਾਨ ਨਾਲ ਸਬੰਧ ਜੋੜ ਕੇ ਪਨਾਹ ਮੰਗਣ ਵਾਲੇ ਭਾਰਤੀ ਮੂਲ ਦੇ ਲੋਕਾਂ ਦੇ ਕੇਸਾਂ ਬਾਰੇ ਇੱਕ ਅਹਿਮ ਜਾਣਕਾਰੀ ਸਾਹਮਣੇ ਆਈ ਹੈ। ਰਿਪੋਰਟਾਂ ਅਨੁਸਾਰ ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਐਂਡ ਪ੍ਰੋਟੈਕਸ਼ਨ ਟ੍ਰਿਬਿਊਨਲ ਵੱਲੋਂ 2025-26 ਦੌਰਾਨ ਸੁਣੇ ਗਏ ਅਤੇ ਜਨਤਕ ਤੌਰ ’ਤੇ ਪ੍ਰਕਾਸ਼ਿਤ 40 ਖਾਲਿਸਤਾਨ-ਸਬੰਧਤ ਪਨਾਹ ਦਾਅਵਿਆਂ ਵਿਚੋਂ ਕਿਸੇ ਨੂੰ ਵੀ ਮਨਜ਼ੂਰੀ ਨਹੀਂ ਮਿਲੀ। ਸਾਰੇ 40 ਮਾਮਲਿਆਂ ਵਿਚ ਅਪੀਲਾਂ ਜਾਂ ਪਨਾਹ ਦਾਅਵੇ ਰੱਦ ਕੀਤੇ ਗਏ ਦੱਸੇ ਜਾ ਰਹੇ ਹਨ।

ਇਨ੍ਹਾਂ ਮਾਮਲਿਆਂ ਵਿਚ ਬਿਨੈਕਾਰਾਂ ਵੱਲੋਂ ਵੱਖ-ਵੱਖ ਆਧਾਰਾਂ ’ਤੇ ਇਹ ਦਾਅਵਾ ਕੀਤਾ ਗਿਆ ਸੀ ਕਿ ਭਾਰਤ ਵਾਪਸ ਜਾਣ ਦੀ ਸਥਿਤੀ ਵਿਚ ਉਨ੍ਹਾਂ ਨੂੰ ਆਪਣੀਆਂ ਸਿਆਸੀ ਸਰਗਰਮੀਆਂ, ਖਾਲਿਸਤਾਨ ਨਾਲ ਕਥਿਤ ਸਬੰਧਾਂ ਜਾਂ ਸਿੱਖ ਸਿਆਸੀ ਗਤੀਵਿਧੀਆਂ ਕਾਰਨ ਖ਼ਤਰਾ ਹੋ ਸਕਦਾ ਹੈ। ਪਰ ਟ੍ਰਿਬਿਊਨਲ ਵੱਲੋਂ ਹਰ ਕੇਸ ਦੀਆਂ ਆਪਣੀਆਂ ਪ੍ਰਸਥਿਤੀਆਂ, ਪੇਸ਼ ਕੀਤੇ ਸਬੂਤਾਂ ਅਤੇ ਦਾਅਵਿਆਂ ਦੀ ਭਰੋਸੇਯੋਗਤਾ ਦੇ ਆਧਾਰ ’ਤੇ ਵਿਚਾਰ ਕੀਤਾ ਗਿਆ।

ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ 40 ਕੇਸ ਰੱਦ ਹੋਣ ਦਾ ਮਤਲਬ ਇਹ ਨਹੀਂ ਕਿ ਨਿਊਜ਼ੀਲੈਂਡ ਨੇ ਖਾਲਿਸਤਾਨ ਨਾਲ ਜੁੜੇ ਹਰ ਪਨਾਹ ਦਾਅਵੇ ਨੂੰ ਰੱਦ ਕਰਨ ਦੀ ਕੋਈ ਸਾਂਝੀ ਨੀਤੀ ਬਣਾ ਲਈ ਹੈ। ਪਨਾਹ ਦੇ ਮਾਮਲੇ ਆਮ ਤੌਰ ’ਤੇ ਵਿਅਕਤੀਗਤ ਤੱਥਾਂ ਅਤੇ ਇਸ ਗੱਲ ਦੇ ਸਬੂਤਾਂ ’ਤੇ ਨਿਰਭਰ ਕਰਦੇ ਹਨ ਕਿ ਬਿਨੈਕਾਰ ਨੂੰ ਆਪਣੇ ਦੇਸ਼ ਵਾਪਸੀ ’ਤੇ ਅਸਲ ਵਿਚ ਤਸ਼ੱਦਦ ਜਾਂ ਗੰਭੀਰ ਨੁਕਸਾਨ ਦਾ ਖ਼ਤਰਾ ਹੈ ਜਾਂ ਨਹੀਂ।

ਇਹ ਮਾਮਲਾ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਅਤੇ ਖ਼ਾਸ ਤੌਰ ’ਤੇ ਪਨਾਹ ਲਈ ਅਰਜ਼ੀਆਂ ਦੇਣ ਵਾਲਿਆਂ ਲਈ ਮਹੱਤਵਪੂਰਨ ਹੈ। ਇਮੀਗ੍ਰੇਸ਼ਨ ਮਾਹਿਰਾਂ ਮੁਤਾਬਕ ਸਿਰਫ਼ ਕਿਸੇ ਸਿਆਸੀ ਲਹਿਰ ਨਾਲ ਸਬੰਧ ਦਾ ਦਾਅਵਾ ਕਰਨਾ ਕਾਫ਼ੀ ਨਹੀਂ ਹੁੰਦਾ; ਬਿਨੈਕਾਰ ਨੂੰ ਆਪਣੇ ਨਿੱਜੀ ਖ਼ਤਰੇ ਬਾਰੇ ਭਰੋਸੇਯੋਗ ਅਤੇ ਠੋਸ ਸਬੂਤ ਪੇਸ਼ ਕਰਨੇ ਪੈਂਦੇ ਹਨ।

# ਕੈਨੇਡਾ ਜਾਣ ਦੇ ਚਾਹਵਾਨ ਲੋਕਾਂ ਲਈ ਸੌਖੇ ਵਿਕਲਪ ਘੱਟੇ

- ਸਤੰਬਰ ਤੋਂ ਬਦਲੇ ਵਿਦਿਆਰਥੀ ਨਿਯਮ
- ਵਿਦਿਆਰਥੀਆਂ ਲਈ ਰਿਹਾਇਸ਼ੀ ਖਰਚਿਆਂ ਵਜੋਂ 23,448 ਡਾਲਰ ਦੀ ਰਕਮ ਦਿਖਾਉਣਾ ਲਾਜ਼ਮੀ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਤੋਂ ਕੈਨੇਡਾ ਜਾਣ ਦੇ ਬਹੁਤ ਸਾਰੇ ਚਾਹਵਾਨ ਲੋਕਾਂ ਲਈ ਸੌਖੇ ਵਿਕਲਪ ਘੱਟ ਹੋ ਰਹੇ ਹਨ, ਖਾਸ ਕਰ ਜੋ ਦੇਸ਼ (ਕੈਨੇਡਾ) ’ਚ ਪੜ੍ਹਨਾ ਜਾਂ ਵਸਣਾ ਚਾਹੁੰਦੇ ਹਨ। ਇਸ ਸਤੰਬਰ ਤੋਂ ਕੈਨੇਡਾ ਨੇ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਅਰਜ਼ੀ ਦੇਣਾ ਵਧੇਰੇ ਮਹਿੰਗਾ ਕਰ ਦਿੱਤਾ ਹੈ ਅਤੇ ਅਸਥਾਈ ਨਿਵਾਸੀਆਂ ਦੀ ਗਿਣਤੀ ਘੱਟ ਰੱਖੀ ਹੈ।

ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਹੁਣ ਕਿਊਬਿਕ ਤੋਂ ਬਾਹਰ ਪੜ੍ਹਾਈ ਲਈ ਪਰਮਿਟ ਵਾਸਤੇ ਅਰਜ਼ੀ ਦੇਣ ਵਾਲੇ ਵਿਦਿਆਰਥੀਆਂ (ਜੋ 1 ਸਤੰਬਰ ਜਾਂ ਉਸ ਤੋਂ ਬਾਅਦ ਅਰਜ਼ੀ ਦੇ ਰਹੇ ਹਨ) ਲਈ ਰਿਹਾਇਸ਼ੀ ਖਰਚਿਆਂ ਵਜੋਂ 23,448 ਡਾਲਰ ਦੀ ਰਕਮ ਦਿਖਾਉਣਾ ਲਾਜ਼ਮੀ ਕਰ ਦਿੱਤਾ ਹੈ। ਇਹ ਰਕਮ ਪਹਿਲਾਂ ਦੇ 22,895 ਡਾਲਰ ਦੇ ਮੁਕਾਬਲੇ ਵਧਾ ਦਿੱਤੀ ਗਈ ਹੈ। ਵਿਦਿਆਰਥੀਆਂ ਨੂੰ ਇਸ ਤੋਂ ਇਲਾਵਾ ਟਿਊਸ਼ਨ ਫੀਸ ਅਤੇ ਯਾਤਰਾ ਲਈ ਵੀ ਲੋੜੀਂਦੇ ਪੈਸੇ ਹੋਣ ਦਾ ਸਬੂਤ ਦੇਣਾ ਪਵੇਗਾ। ਸਰਕਾਰ ਦੀ 2026-2028 ਦੀ ਯੋਜਨਾ ਇਸ ਸਾਲ ਨਵੇਂ ਅਸਥਾਈ ਨਿਵਾਸੀਆਂ ਨੂੰ 385,000 ਤੱਕ ਸੀਮਤ ਕਰਦੀ ਹੈ। ਇਨ੍ਹਾਂ ਵਿਚੋਂ ਸਿਰਫ਼ 155,000 ਨਵੇਂ ਅੰਤਰਰਾਸ਼ਟਰੀ ਵਿਦਿਆਰਥੀ ਹੋ ਸਕਦੇ ਹਨ। ਆਈ.ਆਰ.ਸੀ.ਸੀ. ਦਾ ਕਹਿਣਾ ਹੈ ਕਿ ਇਸ ਦਾ ਉਦੇਸ਼ 2027 ਦੇ ਅੰਤ ਤੱਕ ਕੈਨੇਡਾ ਦੀ ਆਬਾਦੀ ਦੇ 5 ਫੀਸਦੀ ਤੋਂ ਘੱਟ ਅਸਥਾਈ ਨਿਵਾਸੀਆਂ ਦੀ ਕੁੱਲ ਸੰਖਿਆ ਨੂੰ ਲਿਆਉਣਾ ਹੈ। 1 ਸਤੰਬਰ ਨੂੰ, ਆਈ.ਆਰ.ਸੀ.ਸੀ. ਨੇ ਇੱਕ ਕੈਨੇਡੀਅਨ ਐਕਸਪੀਰੀਅੰਸ ਕਲਾਸ ਐਕਸਪ੍ਰੈੱਸ ਐਂਟਰੀ ਡਰਾਅ ਆਯੋਜਿਤ ਕੀਤਾ ਅਤੇ 2,000 ਲੋਕਾਂ ਨੂੰ ਸੱਦਾ ਦਿੱਤਾ, ਜਿਨ੍ਹਾਂ ਕੋਲ ਪਹਿਲਾਂ ਹੀ ਕੈਨੇਡੀਅਨ ਕੰਮ ਦਾ ਤਜ਼ਰਬਾ ਹੈ। ਇਸ ਲਈ ਸਭ ਤੋਂ ਘੱਟ ਸਕੋਰ 521 ਪੁਆਇੰਟ ਲੋੜੀਂਦਾ ਸੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?

For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com

Mediation - ◇ Save Money ◇ Save Time ◇ Save Your relationship

• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave

# ਨੇਪਾਲ 'ਚ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 1100 ਤੋਂ ਪਾਰ; 4800 ਤੋਂ ਵੱਧ ਹੁਣ ਵੀ ਲਾਪਤਾ

## ਇੱਕੋ ਘਰ 'ਚੋਂ 24 ਲਾਸ਼ਾਂ ਬਰਾਮਦ, ਮਲਬੇ ਤੋਂ ਉੱਠ ਰਹੀ ਬਦਬੂ ਨਾਲ ਮਹਾਮਾਰੀ ਫੈਲਣ ਦਾ ਖਤਰਾ











ਕਾਠਮਾਂਡੂ, (ਪੰਜਾਬ ਮੇਲ)-ਗੁਆਂਢੀ ਦੇਸ਼ ਨੇਪਾਲ ਵਿਚ ਹਾਲ ਹੀ ਵਿਚ ਆਈ ਭਿਆਨਕ ਅਤੇ ਖ਼ਤਰਨਾਕ ਕੁਦਰਤੀ ਆਫ਼ਤ ਨੇ ਚਾਰਾਂ ਪਾਸੇ ਤਬਾਹੀ ਦਾ ਮੰਜ਼ਰ ਖੜ੍ਹਾ ਕਰ ਦਿੱਤਾ ਹੈ। ਨੇਪਾਲ ਪੁਲਿਸ ਦੀ ਤਾਜ਼ਾ ਰਿਪੋਰਟ ਮੁਤਾਬਕ, ਇਸ ਦਿਲ ਕੰਬਾਊ ਘਟਨਾ ਵਿਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 1127 ਹੋ ਗਈ ਹੈ। ਆਫ਼ਤ ਦੇ ਇੱਕ ਹਫ਼ਤੇ ਬਾਅਦ ਵੀ ਸੁਰੱਖਿਆ ਬਲ ਅਤੇ ਬਚਾਅ ਟੀਮਾਂ ਮਲਬੇ ਵਿਚ ਫਸੇ ਲੋਕਾਂ ਅਤੇ ਲਾਪਤਾ ਹੋਏ ਹਜ਼ਾਰਾਂ ਲੋਕਾਂ ਦੀ ਭਾਲ ਵਿਚ ਦਿਨ-ਰਾਤ ਜੁਟੀਆਂ ਹੋਈਆਂ ਹਨ।

ਦੱਸਣਯੋਗ ਹੈ ਕਿ ਨੇਪਾਲ ਪੁਲਿਸ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ, ਇਸ ਆਫ਼ਤ ਨੇ ਕਈ ਜ਼ਿਲ੍ਹਿਆਂ ਨੂੰ ਬੁਰੀ ਤਰ੍ਹਾਂ ਆਪਣੀ ਲਪੇਟ ਵਿਚ ਲਿਆ ਹੈ।

ਰਾਹਤ ਅਤੇ ਬਚਾਅ ਕਾਰਜ ਵਿਚ ਜੁਟੀ ਪੁਲਿਸ ਨੇ ਦੱਸਿਆ ਕਿ ਹੁਣ ਤੱਕ ਕੁੱਲ 1113 ਲਾਸ਼ਾਂ ਦਾ ਪੋਸਟਮਾਰਟਮ ਅਤੇ ਕਾਨੂੰਨੀ ਪਛਾਣ ਦੀ ਪ੍ਰਕਿਰਿਆ ਪੂਰੀ ਕੀਤੀ ਜਾ ਚੁੱਕੀ ਹੈ, ਜਿਨ੍ਹਾਂ ਵਿਚੋਂ 95 ਲਾਸ਼ਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਨੂੰ ਸੌਂਪ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਜਿਨ੍ਹਾਂ 911 ਲਾਸ਼ਾਂ ਦੀ ਪਛਾਣ ਅਜੇ ਤੱਕ ਨਹੀਂ ਹੋ ਸਕੀ ਹੈ, ਉਨ੍ਹਾਂ ਦੇ ਵੇਰਵੇ ਅਤੇ ਤਸਵੀਰਾਂ ਨੇਪਾਲ ਪੁਲਿਸ ਦੀ ਅਧਿਕਾਰਤ ਵੈੱਬਸਾਈਟ 'ਤੇ ਅਪਲੋਡ ਕਰ ਦਿੱਤੀਆਂ ਗਈਆਂ ਹਨ, ਤਾਂ ਜੋ ਪਰਿਵਾਰਕ ਮੈਂਬਰ ਆਪਣੇ ਵਿਛੜੇ ਹੋਏ ਅਪਨਿਆਂ ਨੂੰ ਲੱਭ ਸਕਣ।

ਜ਼ਿਕਰਯੋਗ ਹੈ ਕਿ ਇਸ ਭਾਰੀ ਸੰਕਟ ਨਾਲ ਨਜਿੱਠਣ ਲਈ ਨੇਪਾਲ ਸਰਕਾਰ ਅਤੇ ਸੁਰੱਖਿਆ ਏਜੰਸੀਆਂ ਪੂਰੀ ਤਾਕਤ ਨਾਲ ਕੰਮ ਕਰ ਰਹੀਆਂ ਹਨ। ਹੁਣ ਤੱਕ ਸੁਰੱਖਿਆ ਬਲਾਂ ਨੇ ਪ੍ਰਭਾਵਿਤ ਇਲਾਕਿਆਂ ਤੋਂ 6541 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਹੈ। ਦੂਜੇ ਪਾਸੇ, ਅਜੇ ਵੀ 4858 ਲੋਕ ਲਾਪਤਾ ਦੱਸੇ ਜਾ ਰਹੇ ਹਨ, ਜਿਨ੍ਹਾਂ ਦੀ ਭਾਲ ਵਿਚ ਰੈਸਕਿਊ ਅਭਿਆਨ ਲਗਾਤਾਰ ਜਾਰੀ ਹੈ।

ਇੰਨਾ ਹੀ ਨਹੀਂ, ਪ੍ਰਭਾਵਿਤ ਖੇਤਰਾਂ ਵਿਚ ਭਾਲ, ਬਚਾਅ, ਰਾਹਤ ਸਮੱਗਰੀ ਵੰਡਣ ਅਤੇ ਲਾਸ਼ਾਂ ਦੇ ਪ੍ਰਬੰਧਨ ਲਈ ਕੁੱਲ 7912 ਪੁਲਿਸ ਕਰਮਚਾਰੀਆਂ ਨੂੰ ਤਾਇਨਾਤ ਕੀਤਾ ਗਿਆ ਹੈ। ਅਜਿਹੇ ਵਿਚ ਗੌਰ ਕਰਨ ਵਾਲੀ ਗੱਲ ਇਹ ਵੀ ਹੈ ਕਿ ਪੁਲਿਸ ਟੀਮਾਂ ਨਾ ਸਿਰਫ਼ ਮਲਬੇ ਵਿਚੋਂ ਰਸਤੇ ਸਾਫ਼ ਕਰ ਰਹੀਆਂ ਹਨ, ਸਗੋਂ ਹਾਈ-ਰਿਸਕ ਇਲਾਕਿਆਂ ਵਿਚ ਰਹਿਣ ਵਾਲੇ ਪਰਿਵਾਰਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਉਣ ਦਾ ਕੰਮ ਵੀ ਕਰ ਰਹੀਆਂ ਹਨ।

ਨੁਵਾਕੋਟ ਜ਼ਿਲ੍ਹੇ ਦੇ ਭੋਤੇ ਕੋਸ਼ੀ ਹੜ੍ਹ ਪ੍ਰਭਾਵਿਤ ਖੇਤਰ ਦੇ ਤਹਿਤ ਆਉਂਦੀ ਬਿਦੂਰ ਨਗਰ ਪਾਲਿਕਾ-10 (ਵੇਤ੍ਰਵੰਤੀ) 'ਚ ਇੱਕੋ ਘਰ ਦੇ ਮਲਬੇ ਵਿਚੋਂ 24 ਲਾਸ਼ਾਂ ਕੱਢੀਆਂ ਗਈਆਂ। ਨੁਵਾਕੋਟ ਦੇ ਐੱਸ.ਪੀ. ਬਿਪਿਨ ਰੇਗਮੀ ਨੇ ਦੱਸਿਆ ਕਿ ਬਰਾਮਦ ਕੀਤੀਆਂ ਗਈਆਂ ਲਾਸ਼ਾਂ ਵਿਚ 13 ਔਰਤਾਂ, 11 ਪੁਰਸ਼ ਅਤੇ ਇੱਕ ਬੱਚਾ ਸ਼ਾਮਲ ਹੈ।

ਇਸ ਦੌਰਾਨ ਤ੍ਰਿਸ਼ੂਲੀ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਰਾਜਿੰਦਰ ਦਵਾੜੀ ਦੇ ਸਹੀ ਸਮੇਂ 'ਤੇ ਲਏ ਗਏ ਫੈਸਲੇ ਨੇ ਕਰੀਬ 900 ਵਿਦਿਆਰਥੀਆਂ ਦੀ ਜਾਨ ਬਚਾ ਲਈ। ਹੜ੍ਹ ਦੀ ਚਿਤਾਵਨੀ ਮਿਲਦਿਆਂ ਹੀ ਪ੍ਰਿੰਸੀਪਲ ਦਵਾੜੀ ਨੇ ਤੁਰੰਤ ਸਕੂਲ ਖਾਲੀ ਕਰਵਾਇਆ ਅਤੇ ਸਾਰੇ ਮੌਜੂਦ ਵਿਦਿਆਰਥੀਆਂ ਨੂੰ ਨੇੜੇ ਦੀ ਇੱਕ ਸੁਰੱਖਿਅਤ ਪਹਾੜੀ 'ਤੇ ਪਹੁੰਚਾ ਦਿੱਤਾ।

ਕੁਝ ਹੀ ਦੇਰ ਬਾਅਦ ਪਾਣੀ, ਚਿੱਕੜ ਅਤੇ ਚੱਟਾਨਾਂ ਦਾ ਤੇਜ਼ ਵਹਾਅ ਸਕੂਲ ਦੀ ਪੂਰੀ ਇਮਾਰਤ ਨੂੰ ਰੋੜ ਕੇ ਲੈ ਗਿਆ। ਹਾਦਸੇ ਵੇਲੇ ਸਕੂਲ ਦੇ 1,643 ਵਿਦਿਆਰਥੀਆਂ ਵਿਚੋਂ ਕਰੀਬ 900 ਕੈਂਪਸ ਵਿਚ ਮੌਜੂਦ ਸਨ। ਬਦਕਿਸਮਤੀ ਨਾਲ, ਸਕੂਲ ਦੇ ਦੋ ਕਰਮਚਾਰੀ ਸਮੇਂ ਸਿਰ ਬਾਹਰ ਨਹੀਂ ਨਿਕਲ ਸਕੇ ਅਤੇ ਉਹ ਹੁਣ ਵੀ ਲਾਪਤਾ ਹਨ।

ਇਸ ਤੋਂ ਇਲਾਵਾ ਤ੍ਰਿਸ਼ੂਲੀ 3ਏ ਹਾਈਡ੍ਰੋਪਾਵਰ ਪ੍ਰੋਜੈਕਟ ਵਿਚ ਕੰਮ ਕਰਨ ਵਾਲੇ 40 ਤੋਂ 42 ਇੰਜੀਨੀਅਰ ਫਸੇ ਹੋਏ ਹਨ। ਆਫ਼ਤ ਦੇ ਸਮੇਂ ਇਹ ਸਾਰੇ ਕੰਮ 'ਤੇ ਤਾਇਨਾਤ ਸਨ। ਤ੍ਰਾਸਦੀ ਦੇ ਛੇਵੇਂ ਦਿਨ ਵੀ ਇੱਥੇ ਬਚਾਅ ਕਾਰਜ ਸ਼ੁਰੂ ਨਹੀਂ ਕੀਤਾ ਜਾ ਸਕਿਆ ਹੈ।

ਤ੍ਰਿਸ਼ੂਲੀ 3ਬੀ ਹਾਈਡ੍ਰੋਪਾਵਰ ਪ੍ਰੋਜੈਕਟ ਵਿਚ ਹਾਲਾਤ ਹੋਰ ਵੀ ਗੰਭੀਰ ਹਨ। ਪ੍ਰੋਜੈਕਟ ਵਿਚ ਕੰਮ ਕਰ ਰਹੇ ਇੰਜੀਨੀਅਰ, ਹੋਰ ਅਧਿਕਾਰੀ ਅਤੇ ਕਾਮਿਆਂ ਸਮੇਤ ਕੁੱਲ 118 ਲੋਕ ਫਸੇ ਹੋਏ ਹਨ। ਇਨ੍ਹਾਂ ਲੋਕਾਂ ਨਾਲ ਕਿਸੇ ਤਰ੍ਹਾਂ ਦਾ ਕੋਈ ਸੰਪਰਕ ਨਹੀਂ ਹੋ ਪਾ ਰਿਹਾ ਹੈ।

ਸਫਾ 1 ਦਾ ਬਾਕੀ

## ਬੱਚੇ ਦੇ ਅਮਰੀਕੀ ਪਾਸਪੋਰਟ ਲਈ ਮਾਪਿਆਂ ਨੂੰ ਦੇਣਾ ਪੈ...

ਨਵਾਂ 6 ਅਗਸਤ ਵਾਲਾ ਹੁਕਮ ਪਹਿਲੇ ਹੁਕਮ ਨਾਲੋਂ ਸੀਮਤ ਹੈ, ਪਰ ਇਸ ਨੂੰ ਵੀ ਇਮੀਗ੍ਰੈਂਟ ਅਧਿਕਾਰ ਸਮੂਹਾਂ ਵੱਲੋਂ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਰਹੀ ਹੈ।

ਹਾਲਾਂਕਿ ਇਹ ਨੀਤੀ ਅਜੇ ਅੰਤਿਮ ਨਹੀਂ ਹੈ। ਸਟੇਟ ਡਿਪਾਰਟਮੈਂਟ ਨੇ ਸਾਰਵਜਨਿਕ ਤੌਰ 'ਤੇ ਪੂਰੀ ਲਾਗੂ ਕਰਨ ਵਾਲੀ ਹਦਾਇਤ ਜਾਰੀ ਨਹੀਂ ਕੀਤੀ। ਇਸ ਲਈ ਇਸ ਵੇਲੇ ਪਾਸਪੋਰਟ ਅਰਜ਼ੀ ਦੇ ਨਿਯਮ ਤੁਰੰਤ ਬਦਲੇ ਹੋਏ ਨਹੀਂ ਮੰਨੇ ਜਾਣੇ ਚਾਹੀਦੇ। ਬੱਚਿਆਂ ਦੇ ਪਾਸਪੋਰਟ ਲਈ ਅਰਜ਼ੀ ਦੇਣ ਵਾਲੇ ਪਰਿਵਾਰਾਂ ਲਈ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਸਟੇਟ ਡਿਪਾਰਟਮੈਂਟ ਦੀ ਅੰਤਿਮ ਹਦਾਇਤ, ਅਦਾਲਤੀ ਫੈਸਲੇ ਅਤੇ ਲਾਗੂ ਹੋਣ ਦੀ ਤਾਰੀਖ ਨੂੰ ਧਿਆਨ ਨਾਲ ਵੇਖਣ, ਕਿਉਂਕਿ ਹਾਲੇ ਮਾਮਲਾ ਕਾਨੂੰਨੀ ਜਾਂਚ ਹੇਠ ਹੈ।

ਸਫਾ 1 ਦਾ ਬਾਕੀ

## ਡਾ. ਐੱਸ.ਪੀ. ਸਿੰਘ ਓਬਰਾਏ ਅਮਰੀਕਾ-ਕੈਨੇਡਾ...

ਇਸ ਸਿੱਖਿਆ ਪ੍ਰੋਜੈਕਟ ਉੱਤੇ ਕਰੀਬ 200 ਕਰੋੜ ਰੁਪਏ ਖਰਚ ਕੀਤੇ ਜਾਣ ਦੀ ਯੋਜਨਾ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਇੱਥੇ ਯੋਗ ਵਿਦਿਆਰਥੀਆਂ ਨੂੰ ਬਿਨਾਂ ਫੀਸ ਸਿੱਖਿਆ ਦੇ ਨਾਲ ਰਹਿਣ-ਸਹਿਣ ਦੀਆਂ ਸਹੂਲਤਾਂ ਵੀ ਮੁਫ਼ਤ ਮੁਹੱਈਆ ਕਰਵਾਉਣ ਦਾ ਉਦੇਸ਼ ਰੱਖਿਆ ਗਿਆ ਹੈ। ਡਾ. ਓਬਰਾਏ ਪਹਿਲਾਂ ਹੀ ਸਿਹਤ, ਸਿੱਖਿਆ, ਲੋੜਵੰਦ ਪਰਿਵਾਰਾਂ ਦੀ ਸਹਾਇਤਾ ਅਤੇ ਮਨੁੱਖਤਾ ਦੀ ਸੇਵਾ ਦੇ ਅਨੇਕਾਂ ਖੇਤਰਾਂ ਵਿਚ ਮਹੱਤਵਪੂਰਨ ਯੋਗਦਾਨ ਪਾ ਚੁੱਕੇ ਹਨ। ਹੁਣ ਸਿੱਖਿਆ ਦੇ ਖੇਤਰ ਵਿਚ ਇਸ ਵੱਡੇ ਉਪਰਾਲੇ ਕਾਰਨ ਦੇਸ਼-ਵਿਦੇਸ਼ ਦੀਆਂ ਪੰਜਾਬੀ ਕਮਿਊਨਿਟੀਆਂ ਵੱਲੋਂ ਉਨ੍ਹਾਂ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।

ਸਫਾ 1 ਦਾ ਬਾਕੀ

## ਸਾਨ ਫਰਾਂਸਿਸਕੋ ਏਅਰਪੋਰਟ 'ਤੇ ਗ੍ਰੀਨ ਕਾਰਡ ਧਾਰਕਾਂ ਦੀ...

ਕੁਝ ਲੋਕਾਂ ਨੂੰ ਬਿਸਤਰੇ, ਵਕੀਲ ਨਾਲ ਸਿੱਧੀ ਪਹੁੰਚ ਜਾਂ ਨਿਯਮਤ ਡਾਕਟਰੀ ਸਹੂਲਤ ਤੋਂ ਬਿਨਾਂ ਕਈ ਦਿਨ ਇੱਥੇ ਰਹਿਣਾ ਪਿਆ। 25 ਵਿਚੋਂ 18 ਲੋਕਾਂ ਨੂੰ ਬਾਅਦ ਵਿਚ ਆਈਸ ਦੀ ਹਿਰਾਸਤ ਵਿਚ ਭੇਜਿਆ ਗਿਆ। ਕੁਝ ਯਾਤਰੀਆਂ ਨੂੰ ਫਰਿਜ਼ਨੋ ਵਰਗੇ ਹੋਰ ਕੈਲੀਫੋਰਨੀਆ ਹਵਾਈ ਅੱਡਿਆਂ ਤੋਂ ਵੀ ਐੱਸ.ਐੱਫ.ਓ. ਲਿਆਂਦਾ ਗਿਆ ਸੀ। ਇਮੀਗ੍ਰੇਸ਼ਨ ਵਕੀਲਾਂ ਮੁਤਾਬਕ ਕਈ ਮਾਮਲੇ ਪੁਰਾਣੀਆਂ ਗ੍ਰਿਫ਼ਤਾਰੀਆਂ ਜਾਂ ਅਪਰਾਧਿਕ ਰਿਕਾਰਡ ਨਾਲ ਜੁੜੇ ਸਨ। ਪਹਿਲਾਂ ਅਜਿਹੇ ਕਈ ਗ੍ਰੀਨ ਕਾਰਡ ਧਾਰਕਾਂ ਨੂੰ "ਸਥਗਿਤ ਨਿਰੀਖਣ" ਤਹਿਤ ਬਾਅਦ ਵਿਚ ਦਸਤਾਵੇਜ਼ ਪੇਸ਼ ਕਰਨ ਲਈ ਬੁਲਾ ਕੇ ਏਅਰਪੋਰਟ ਤੋਂ ਜਾਣ ਦਿੱਤਾ ਜਾਂਦਾ ਸੀ, ਪਰ ਹੁਣ ਕੁਝ ਮਾਮਲਿਆਂ 'ਚ ਅਧਿਕਾਰੀ ਪ੍ਰਮਾਣਿਤ ਅਦਾਲਤੀ ਰਿਕਾਰਡ ਮਿਲਣ ਤੱਕ ਯਾਤਰੀ ਨੂੰ ਹਿਰਾਸਤ ਵਿਚ ਰੱਖ ਰਹੇ ਹਨ।

ਸਫਾ 1 ਦਾ ਬਾਕੀ

## ਸਤੰਬਰ ਵੀਜ਼ਾ ਬੁਲੇਟਿਨ: ਈਬੀ-2 ਅਤੇ ਈਬੀ-5 ਸ਼੍ਰੇਣੀਆਂ..

ਸਭ ਤੋਂ ਵੱਡੀ ਚਿੰਤਾ ਹੁਣ ਈਬੀ-1 ਨੂੰ ਲੈ ਕੇ ਹੈ। ਵਿਦੇਸ਼ ਵਿਭਾਗ ਨੇ ਸਪੱਸ਼ਟ ਚੇਤਾਵਨੀ ਦਿੱਤੀ ਹੈ ਕਿ ਭਾਰਤੀ ਅਰਜ਼ੀਕਾਰਾਂ ਵੱਲੋਂ ਬਹੁਤ ਜ਼ਿਆਦਾ ਮੰਗ ਅਤੇ ਤੇਜ਼ੀ ਨਾਲ ਵੀਜ਼ਾ ਨੰਬਰ ਵਰਤੇ ਜਾਣ ਕਾਰਨ ਈਬੀ-1 ਸ਼੍ਰੇਣੀ ਵੀ ਵਿੱਤੀ ਸਾਲ ਖ਼ਤਮ ਹੋਣ ਤੋਂ ਪਹਿਲਾਂ "ਅਣਉਪਲਬਧ" ਹੋ ਸਕਦੀ ਹੈ। ਇਸ ਦਾ ਮਤਲਬ ਹੈ ਕਿ 15 ਅਕਤੂਬਰ 2022 ਤੋਂ ਪਹਿਲਾਂ ਦੀ ਪ੍ਰਾਥਮਿਕਤਾ ਮਿਤੀ ਵਾਲੇ ਯੋਗ ਅਰਜ਼ੀਦਾਰਾਂ ਲਈ ਵੀ ਜੇ ਕੋਟਾ ਪੂਰਾ ਹੋ ਗਿਆ, ਤਾਂ ਸਤੰਬਰ ਦੇ ਬਾਕੀ ਦਿਨਾਂ ਵਿਚ ਅੰਤਿਮ ਪ੍ਰਵਾਨਗੀ ਰੁਕ ਸਕਦੀ ਹੈ। ਅਮਰੀਕਾ ਦਾ ਮੌਜੂਦਾ ਵਿੱਤੀ ਸਾਲ 30 ਸਤੰਬਰ 2026 ਨੂੰ ਖ਼ਤਮ ਹੋਵੇਗਾ। ਇਸ ਲਈ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਭਾਰਤੀ ਅਰਜ਼ੀਦਾਰਾਂ ਲਈ ਅਕਤੂਬਰ 2026 ਦਾ ਵੀਜ਼ਾ ਬੁਲੇਟਿਨ ਹੁਣ ਬਹੁਤ ਮਹੱਤਵਪੂਰਨ ਹੋਵੇਗਾ।

ਸਫਾ 1 ਦਾ ਬਾਕੀ

## ਅਮਰੀਕਾ 'ਚ ਜਨਮ ਆਧਾਰਿਤ ਨਾਗਰਿਕਤਾ ਦਾ ਮਾਮਲਾ

ਇਸ ਲਈ 5 ਸਤੰਬਰ ਨੂੰ ਹੁਕਮ ਆਪਣੇ ਆਪ ਪੂਰੀ ਤਰ੍ਹਾਂ ਲਾਗੂ ਹੋ ਜਾਣ ਦੀ ਤਾਰੀਖ ਨਹੀਂ ਸਮਝਣਾ ਚਾਹੀਦਾ।

ਇਸ ਮਾਮਲੇ ਦਾ ਕੇਂਦਰ ਅਮਰੀਕੀ ਸੰਵਿਧਾਨ ਦੀ 14ਵੀਂ ਸੋਧ ਹੈ, ਜਿਸ ਅਧੀਨ ਅਮਰੀਕਾ ਵਿਚ ਜਨਮੇ ਬੱਚਿਆਂ ਦੀ ਨਾਗਰਿਕਤਾ ਨੂੰ ਲੰਮੇ ਸਮੇਂ ਤੋਂ ਸੰਵਿਧਾਨਕ ਸੁਰੱਖਿਆ ਮਿਲਦੀ ਆ ਰਹੀ ਹੈ। ਹੁਣ ਅਦਾਲਤ ਨੂੰ ਇਹ ਤੈਅ ਕਰਨਾ ਹੋਵੇਗਾ ਕਿ ਟਰੰਪ ਪ੍ਰਸ਼ਾਸਨ ਦਾ ਨਵਾਂ ਸੀਮਤ ਹੁਕਮ ਸੰਵਿਧਾਨ ਦੇ ਦਾਇਰੇ ਵਿਚ ਰਹਿੰਦਾ ਹੈ ਜਾਂ ਨਹੀਂ। ਇਸ ਲਈ 5 ਸਤੰਬਰ ਤੋਂ ਬਾਅਦ ਆਉਣ ਵਾਲੀਆਂ ਸਰਕਾਰੀ ਹਦਾਇਤਾਂ ਅਤੇ ਅਗਲੀ ਅਦਾਲਤੀ ਸੁਣਵਾਈ ਇਸ ਮਾਮਲੇ ਵਿਚ ਬਹੁਤ ਮਹੱਤਵਪੂਰਨ ਹੋਣਗੀਆਂ।








ਗੁਰਜਤਿੰਦਰ ਸਿੰਘ ਰੰਧਾਵਾ
ਮੁੱਖ ਸੰਪਾਦਕ, ਪੰਜਾਬ ਮੇਲ ਯੂ.ਐੱਸ.ਏ.
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA

# ਵੰਡੀ ਹੋਈ ਅਕਾਲੀ ਸਿਆਸਤ ਅਤੇ 2027 ਦੀ ਚੋਣ: ਕੀ ਸਿੱਖ ਵੋਟਾਂ ਦੀ ਵੰਡ ਸੱਤਾ ਦਾ ਰਾਹ ਰੋਕੇਗੀ?

ਪੰਜਾਬ ਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਭ ਤੋਂ ਵੱਡਾ ਸਿਆਸੀ ਸਵਾਲ ਇਹ ਹੈ ਕਿ ਕਈ ਧੜਿਆਂ ਵਿਚ ਵੰਡੀ ਹੋਈ ਅਕਾਲੀ ਅਤੇ ਪੰਥਕ ਸਿਆਸਤ ਕੀ ਦੁਬਾਰਾ ਸੱਤਾ ਦੇ ਨੇੜੇ ਪਹੁੰਚ ਸਕੇਗੀ? ਇਸ ਦਾ ਸਿੱਧਾ ਜਵਾਬ ਇਹ ਹੈ ਕਿ ਜੇ ਸ਼੍ਰੋਮਣੀ ਅਕਾਲੀ ਦਲ ਬਾਦਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਖ-ਵੱਖ ਉਮੀਦਵਾਰ ਖੜ੍ਹੇ ਕਰਦੇ ਹਨ, ਤਾਂ ਪੰਥਕ ਵੋਟਾਂ ਦੀ ਵੰਡ ਲਗਭਗ ਨਿਸ਼ਚਿਤ ਹੈ। ਅਜਿਹੀ ਸਥਿਤੀ ਵਿਚ ਸਭ ਤੋਂ ਵੱਧ ਫਾਇਦਾ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੂੰ ਹੋ ਸਕਦਾ ਹੈ। ਕੁਝ ਸ਼ਹਿਰੀ ਅਤੇ ਹਿੰਦੂ ਬਹੁਗਿਣਤੀ ਵਾਲੀਆਂ ਸੀਟਾਂ ਉੱਤੇ ਭਾਰਤੀ ਜਨਤਾ ਪਾਰਟੀ ਵੀ ਇਸ ਵੰਡ ਦਾ ਲਾਭ ਲੈ ਸਕਦੀ ਹੈ। ਕਿਸੇ ਇੱਕ ਅਕਾਲੀ ਧੜੇ ਵੱਲੋਂ ਆਪਣੇ ਬਲਬੂਤੇ 59 ਸੀਟਾਂ ਦਾ ਬਹੁਮਤ ਪ੍ਰਾਪਤ ਕਰਨਾ ਮੌਜੂਦਾ ਹਾਲਾਤ ਵਿਚ ਬਹੁਤ ਔਖਾ ਦਿਖਾਈ ਦਿੰਦਾ ਹੈ।

ਅਕਾਲੀ ਸਿਆਸਤ ਦੀ ਮੌਜੂਦਾ ਟੁੱਟ ਸਿਰਫ਼ ਵੱਖ-ਵੱਖ ਪਾਰਟੀਆਂ ਬਣ ਜਾਣ ਦਾ ਮਾਮਲਾ ਨਹੀਂ। ਇਹ ਅਕਾਲੀ ਦਲ ਦੀ ਅਗਵਾਈ, ਪੰਥਕ ਭਰੋਸੇਯੋਗਤਾ, ਬੇਅਦਬੀ ਮਾਮਲਿਆਂ, ਡੇਰਾ ਮੁਖੀ ਨੂੰ ਮੁਆਫ਼ੀ, ਪਰਿਵਾਰਵਾਦ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਕਾਬਜ਼ੀ ਅਤੇ 2007 ਤੋਂ 2017 ਦੇ ਅਕਾਲੀ-ਭਾਜਪਾ ਰਾਜ ਦੌਰਾਨ ਲੱਗੇ ਦੋਸ਼ਾਂ ਨਾਲ ਵੀ ਜੁੜਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਆਪਣੇ ਆਪ ਨੂੰ ਇਤਿਹਾਸਕ ਅਤੇ ਸੰਗਠਨਾਤਮਕ ਤੌਰ ਉੱਤੇ ਮੁੱਖ ਅਕਾਲੀ ਦਲ ਦੱਸਦਾ ਹੈ, ਜਦਕਿ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲਾ ਪੁਨਰ ਸੁਰਜੀਤ ਧੜਾ ਦਾਅਵਾ ਕਰਦਾ ਹੈ ਕਿ ਉਹ ਅਕਾਲ ਤਖ਼ਤ ਦੇ ਆਦੇਸ਼ਾਂ ਅਨੁਸਾਰ ਅਕਾਲੀ ਦਲ ਦੀ ਮੂਲ ਵਿਚਾਰਧਾਰਾ ਅਤੇ ਪੰਥਕ ਮਰਿਆਦਾ ਨੂੰ ਮੁੜ ਸਥਾਪਤ ਕਰਨ ਲਈ ਬਣਿਆ ਹੈ। ਅੰਮ੍ਰਿਤਪਾਲ ਸਿੰਘ ਨਾਲ ਸਬੰਧਿਤ ਅਕਾਲੀ ਦਲ ਵਾਰਿਸ ਪੰਜਾਬ ਦੇ ਆਪਣੇ ਆਪ ਨੂੰ ਨੌਜਵਾਨਾਂ ਅਤੇ ਰਵਾਇਤੀ ਪਾਰਟੀਆਂ ਤੋਂ ਨਿਰਾਸ਼ ਪੰਥਕ ਵੋਟਰਾਂ ਦੀ ਨਵੀਂ ਆਵਾਜ਼ ਵਜੋਂ ਪੇਸ਼ ਕਰ ਰਿਹਾ ਹੈ। ਇਸ ਤੋਂ ਇਲਾਵਾ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਦਾ ਵੀ ਇੱਕ ਪੁਰਾਣਾ ਅਤੇ ਵਿਚਾਰਧਾਰਕ ਵੋਟ ਆਧਾਰ ਮੌਜੂਦ ਹੈ।

ਅਕਾਲੀ ਦਲ ਦੀ ਕਮਜ਼ੋਰੀ ਨੂੰ ਚੋਣ ਅੰਕੜਿਆਂ ਤੋਂ ਵੀ ਸਮਝਿਆ ਜਾ ਸਕਦਾ ਹੈ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਲਗਭਗ 42 ਫ਼ੀਸਦੀ ਵੋਟਾਂ ਨਾਲ 92 ਸੀਟਾਂ ਜਿੱਤੀਆਂ ਸਨ। ਕਾਂਗਰਸ ਨੂੰ ਲਗਭਗ 23 ਫ਼ੀਸਦੀ ਵੋਟਾਂ ਅਤੇ 18 ਸੀਟਾਂ ਮਿਲੀਆਂ, ਜਦਕਿ ਸ਼੍ਰੋਮਣੀ ਅਕਾਲੀ ਦਲ ਨੂੰ ਕਰੀਬ 18.38 ਫ਼ੀਸਦੀ ਵੋਟਾਂ ਮਿਲਣ ਦੇ ਬਾਵਜੂਦ ਸਿਰਫ਼ ਤਿੰਨ ਸੀਟਾਂ ਪ੍ਰਾਪਤ ਹੋਈਆਂ। ਭਾਜਪਾ ਦੋ ਸੀਟਾਂ ਤੱਕ ਸੀਮਤ ਰਹੀ। ਇਹ ਅੰਕੜੇ ਦੱਸਦੇ ਹਨ ਕਿ ਪੰਜਾਬ ਦੀ ਚੋਣ ਪ੍ਰਣਾਲੀ ਵਿਚ ਸਿਰਫ਼ ਕੁੱਲ ਵੋਟ ਪ੍ਰਤੀਸ਼ਤ ਮਹੱਤਵਪੂਰਨ ਨਹੀਂ ਹੁੰਦਾ; ਵੋਟਾਂ ਦਾ ਹਲਕਾਵਾਰ ਕੇਂਦਰੀਕਰਨ ਅਤੇ ਵਿਰੋਧੀ ਵੋਟਾਂ ਦੀ ਵੰਡ ਵੀ ਨਤੀਜਾ ਤੈਅ ਕਰਦੀ ਹੈ। ਪੰਜਾਬ ਦੀ ਸੋਲ੍ਹਵੀਂ ਵਿਧਾਨ ਸਭਾ ਦੇ ਅੰਕੜੇ ? ਇਸ ਗਿਰਾਵਟ ਨੂੰ ਸਪੱਸ਼ਟ ਕਰਦੇ ਹਨ।

ਸਾਲ 2024 ਦੀਆਂ ਲੋਕ ਸਭਾ ਚੋਣਾਂ ਨੇ ਅਕਾਲੀ ਦਲ ਲਈ ਖ਼ਤਰੇ ਦੀ ਘੰਟੀ ਹੋਰ ਉੱਚੀ ਕਰ ਦਿੱਤੀ। ਸ਼੍ਰੋਮਣੀ ਅਕਾਲੀ ਦਲ ਦਾ ਵੋਟ ਪ੍ਰਤੀਸ਼ਤ ਘੱਟ ਕੇ ਲਗਭਗ 13.42 ਫ਼ੀਸਦੀ ਰਹਿ ਗਿਆ ਅਤੇ ਪਾਰਟੀ ਕੇਵਲ ਬਠਿੰਡਾ ਸੀਟ ਜਿੱਤ ਸਕੀ। ਇਸ ਦੇ ਉਲਟ ਭਾਜਪਾ ਨੇ ਕੋਈ ਸੀਟ ਨਾ ਜਿੱਤਣ ਦੇ ਬਾਵਜੂਦ ਲਗਭਗ 18.56 ਫ਼ੀਸਦੀ ਵੋਟ ਪ੍ਰਾਪਤ ਕੀਤੀਆਂ। ਕਾਂਗਰਸ ਅਤੇ ਆਮ ਆਦਮੀ ਪਾਰਟੀ ਦੋਵਾਂ ਨੂੰ ਲਗਭਗ 26-26 ਫ਼ੀਸਦੀ ਵੋਟਾਂ ਮਿਲੀਆਂ। ਭਾਜਪਾ ਅਤੇ ਅਕਾਲੀ ਦਲ ਦੀਆਂ ਵੋਟਾਂ ਨੂੰ ਸਿੱਧੇ ਤੌਰ ਉੱਤੇ ਜੋੜਿਆ ਜਾਵੇ, ਤਾਂ ਇਹ ਲਗਭਗ 32 ਫ਼ੀਸਦੀ ਬਣਦੀਆਂ ਹਨ, ਪਰ ਚੋਣ ਗਠਜੋੜ ਵਿਚ ਵੋਟਾਂ ਦਾ ਪੂਰਾ ਤਬਾਦਲਾ ਕਦੇ ਵੀ ਯਕੀਨੀ ਨਹੀਂ ਹੁੰਦਾ। ਕਿਸਾਨ ਅੰਦੋਲਨ, ਧਾਰਮਿਕ ਮੁੱਦਿਆਂ ਅਤੇ ਕੇਂਦਰ ਨਾਲ ਸਬੰਧਾਂ ਕਾਰਨ ਅਕਾਲੀ ਦਲ ਦਾ ਹਰ ਵੋਟਰ ਭਾਜਪਾ ਨੂੰ ਅਤੇ ਭਾਜਪਾ ਦਾ ਹਰ ਵੋਟਰ ਅਕਾਲੀ ਉਮੀਦਵਾਰ ਨੂੰ ਵੋਟ ਪਾਵੇ, ਇਹ ਮੰਨ ਲੈਣਾ ਠੀਕ ਨਹੀਂ ਹੋਵੇਗਾ। 2024 ਦੇ ਵੋਟ ਅੰਕੜਿਆਂ ਦੇ ਵਿਸ਼ਲੇਸ਼ਣ ਨੇ ਦੋਵਾਂ ਪਾਰਟੀਆਂ ਦੀਆਂ ਤਾਕਤਾਂ ਅਤੇ ਸੀਮਾਵਾਂ ਦੋਵੇਂ ਸਾਹਮਣੇ ਰੱਖੀਆਂ ਸਨ।




ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਅਤੇ ਫ਼ਰੀਦਕੋਟ ਤੋਂ ਸਰਬਜੀਤ ਸਿੰਘ ਖਾਲਸਾ ਦੀ ਜਿੱਤ ਨੇ ਇਹ ਸਾਬਤ ਕੀਤਾ ਕਿ ਰਵਾਇਤੀ ਪਾਰਟੀਆਂ ਤੋਂ ਨਿਰਾਸ਼ ਵੋਟਰ ਕਿਸੇ ਪੰਥਕ ਜਾਂ ਆਜ਼ਾਦ ਉਮੀਦਵਾਰ ਦੇ ਹੱਕ ਵਿਚ ਵੱਡੀ ਗਿਣਤੀ ਵਿਚ ਇਕੱਠੇ ਹੋ ਸਕਦੇ ਹਨ। ਪਰ ਲੋਕ ਸਭਾ ਦੇ ਇੱਕ ਵੱਡੇ ਹਲਕੇ ਵਿਚ ਭਾਵਨਾਤਮਕ ਲਹਿਰ ਨਾਲ ਜਿੱਤਣਾ ਅਤੇ 117 ਵਿਧਾਨ ਸਭਾ ਹਲਕਿਆਂ ਵਿਚ ਪਾਰਟੀ ਸੰਗਠਨ, ਉਮੀਦਵਾਰ, ਚੋਣ ਪ੍ਰਬੰਧ ਅਤੇ ਸਥਾਨਕ ਸਮੀਕਰਨ ਤਿਆਰ ਕਰਨਾ ਦੋ ਵੱਖਰੀਆਂ ਗੱਲਾਂ ਹਨ। ਵਾਰਿਸ ਪੰਜਾਬ ਦੇ ਕੋਲ ਕੁਝ ਖੇਤਰਾਂ ਵਿਚ ਨੌਜਵਾਨਾਂ ਅਤੇ ਪੰਥਕ ਵੋਟਰਾਂ ਦਾ ਪ੍ਰਭਾਵ ਹੋ ਸਕਦਾ ਹੈ, ਪਰ ਸੂਬੇ ਭਰ ਵਿਚ ਸਰਕਾਰ ਬਣਾਉਣ ਲਈ ਉਸ ਨੂੰ ਦਲਿਤਾਂ, ਹਿੰਦੂਆਂ, ਵਪਾਰੀਆਂ, ਔਰਤਾਂ, ਮੁਲਾਜ਼ਮਾਂ ਅਤੇ ਸ਼ਹਿਰੀ ਮੱਧ ਵਰਗ ਸਮੇਤ ਬਹੁਤ ਵੱਡਾ ਸਮਾਜਿਕ ਗਠਜੋੜ ਬਣਾਉਣਾ ਪਵੇਗਾ।

ਤਰਨ ਤਾਰਨ ਦੀ 2025 ਦੀ ਉਪ ਚੋਣ ਅਕਾਲੀ ਵੋਟ ਦੀ ਵੰਡ ਦੀ ਸਭ ਤੋਂ ਸਪੱਸ਼ਟ ਮਿਸਾਲ ਹੈ। ਇਸ ਚੋਣ ਵਿਚ ਆਮ ਆਦਮੀ ਪਾਰਟੀ ਦੇ ਹਰਮੀਤ ਸਿੰਘ ਸੰਧੂ ਨੂੰ 42,649 ਵੋਟਾਂ ਮਿਲੀਆਂ। ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਉਮੀਦਵਾਰ ਸੁਖਵਿੰਦਰ ਕੌਰ ਨੂੰ 30,558 ਵੋਟਾਂ ਮਿਲੀਆਂ, ਜਦਕਿ ਵਾਰਿਸ ਪੰਜਾਬ ਦੇ, ਪੁਨਰ ਸੁਰਜੀਤ ਅਤੇ ਹੋਰ ਪੰਥਕ ਧਿਰਾਂ ਦੀ ਹਮਾਇਤ ਵਾਲੇ ਮਨਦੀਪ ਸਿੰਘ ਖਾਲਸਾ ਨੂੰ 19,620 ਵੋਟਾਂ ਪ੍ਰਾਪਤ ਹੋਈਆਂ। ਜੇ ਦੋਵੇਂ ਅਕਾਲੀ-ਪੰਥਕ ਉਮੀਦਵਾਰਾਂ ਦੀਆਂ ਵੋਟਾਂ ਸਿਰਫ਼ ਗਣਿਤਕ ਤੌਰ ਉੱਤੇ ਜੋੜੀਆਂ ਜਾਣ, ਤਾਂ ਇਹ ਜੇਤੂ ਉਮੀਦਵਾਰ ਨਾਲੋਂ ਵੱਧ ਬਣਦੀਆਂ ਹਨ। ਹਾਲਾਂਕਿ ਸਾਰੀਆਂ ਵੋਟਾਂ ਦੇ ਤਬਾਦਲੇ ਦੀ ਗਾਰੰਟੀ ਨਹੀਂ ਹੋ ਸਕਦੀ, ਪਰ ਇਹ ਨਤੀਜਾ ਦੱਸਦਾ ਹੈ ਕਿ ਇੱਕੋ ਜਿਹੇ ਵੋਟ ਆਧਾਰ ਵਾਲੇ ਦੋ ਉਮੀਦਵਾਰ ਮੈਦਾਨ ਵਿਚ ਹੋਣ ਨਾਲ ਵਿਰੋਧੀ ਪਾਰਟੀ ਦਾ ਰਸਤਾ ਸੌਖਾ ਹੋ ਜਾਂਦਾ ਹੈ। ਤਰਨ ਤਾਰਨ ਉਪ ਚੋਣ ਦੇ ਵਿਸਥਾਰਤ ਨਤੀਜੇ ਆਉਣ ਵਾਲੀ ਚੋਣ ਲਈ ਮਹੱਤਵਪੂਰਨ ਸੰਕੇਤ ਹਨ।

ਇਸ ਸਾਰੇ ਵਿਸ਼ਲੇਸ਼ਣ ਵਿਚ "ਸਿੱਖ ਵੋਟ" ਨੂੰ ਇੱਕੋ ਰੰਗ ਦੀ ਵੋਟ ਸਮਝਣਾ ਵੀ ਗਲਤ ਹੋਵੇਗਾ। ਪੰਜਾਬ ਦਾ ਸਿੱਖ ਵੋਟਰ ਕਿਸਾਨ, ਮਜ਼ਦੂਰ, ਦਲਿਤ, ਵਪਾਰੀ, ਮੁਲਾਜ਼ਮ, ਨੌਜਵਾਨ, ਸ਼ਹਿਰੀ ਅਤੇ ਪੇਂਡੂ ਵਰਗਾਂ ਵਿਚ ਵੰਡਿਆ ਹੋਇਆ ਹੈ। ਮਾਲਵਾ, ਮਾਝਾ ਅਤੇ ਦੋਆਬਾ ਦੇ ਸਿਆਸੀ ਮੁੱਦੇ ਵੀ ਵੱਖਰੇ ਹਨ। ਬਹੁਤ ਸਾਰੇ ਸਿੱਖ ਵੋਟਰ ਆਮ ਆਦਮੀ ਪਾਰਟੀ ਅਤੇ ਕਾਂਗਰਸ ਨਾਲ ਜੁੜੇ ਹੋਏ ਹਨ। ਇਸ ਲਈ ਸਾਰੇ ਅਕਾਲੀ ਧੜਿਆਂ ਦੇ ਇਕੱਠੇ ਹੋਣ ਨਾਲ ਵੀ ਪੰਜਾਬ ਦੀ ਸਮੁੱਚੀ ਸਿੱਖ ਵੋਟ ਆਪਣੇ ਆਪ ਉਨ੍ਹਾਂ ਦੇ ਹੱਕ ਵਿਚ ਨਹੀਂ ਆ ਜਾਵੇਗੀ। ਉਨ੍ਹਾਂ ਨੂੰ ਲੋਕਾਂ ਅੱਗੇ ਇਹ ਸਾਬਤ ਕਰਨਾ ਪਵੇਗਾ ਕਿ ਇਕਜੁੱਟਤਾ ਸਿਰਫ਼ ਸੀਟਾਂ ਅਤੇ ਅਹੁਦਿਆਂ ਲਈ ਨਹੀਂ, ਸਗੋਂ ਪੰਜਾਬ ਦੇ ਮੁੱਦਿਆਂ ਲਈ ਕੀਤੀ ਗਈ ਹੈ।

ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਦੀ ਸਭ ਤੋਂ ਵੱਡੀ ਤਾਕਤ ਇਸ ਦਾ ਪੁਰਾਣਾ ਪਾਰਟੀ ਢਾਂਚਾ, ਪਿੰਡ ਪੱਧਰ ਦਾ ਕਾਡਰ, ਸ਼੍ਰੋਮਣੀ ਕਮੇਟੀ ਨਾਲ ਜੁੜਿਆ ਪ੍ਰਭਾਵ, ਤਜ਼ਰਬੇਕਾਰ ਆਗੂ ਅਤੇ ਚੋਣ ਲੜਨ ਦੀ ਸੰਗਠਨਾਤਮਕ ਸਮਰੱਥਾ ਹੈ। ਇਸ ਦੀ ਸਭ ਤੋਂ ਵੱਡੀ ਕਮਜ਼ੋਰੀ ਪਿਛਲੇ ਰਾਜ ਨਾਲ ਜੁੜਿਆ ਨਕਾਰਾਤਮਕ ਪ੍ਰਭਾਵ ਅਤੇ ਲੋਕਾਂ ਵਿਚ ਭਰੋਸੇ ਦੀ ਘਾਟ ਹੈ। ਪਾਰਟੀ ਨੂੰ ਇਹ ਸਮਝਣਾ ਪਵੇਗਾ ਕਿ ਸਿਰਫ਼ ਪੁਰਾਣੇ ਵਰਕਰਾਂ ਨੂੰ ਇਕੱਠਾ ਕਰਨ ਜਾਂ ਵੱਡੀਆਂ ਰੈਲੀਆਂ ਕਰਨ ਨਾਲ ਗੁਆਚਿਆ ਭਰੋਸਾ ਵਾਪਸ ਨਹੀਂ ਆਵੇਗਾ। ਬੇਅਦਬੀ ਮਾਮਲਿਆਂ, ਨਸ਼ਿਆਂ, ਪਰਿਵਾਰਵਾਦ, ਸੱਤਾ ਦੇ ਕੇਂਦਰੀਕਰਨ ਅਤੇ ਪਾਰਟੀ ਅੰਦਰ ਲੋਕਤੰਤਰ ਬਾਰੇ ਸਪੱਸ਼ਟ ਜਵਾਬ ਦੇਣੇ ਪੈਣਗੇ।

ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵਿਚ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਵਰਗੇ ਤਜ਼ਰਬੇਕਾਰ ਚਿਹਰੇ ਰਹੇ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਆਗੂਆਂ ਨੇ ਕਈ ਦਹਾਕਿਆਂ ਤੱਕ ਬਾਦਲ ਅਕਾਲੀ ਦਲ ਲਈ ਕੰਮ ਕੀਤਾ ਹੈ। ਇਸ ਕਰਕੇ ਚੋਣਾਂ ਤੋਂ ਪਹਿਲਾਂ ਉਨ੍ਹਾਂ ਵਿਚੋਂ ਕੁਝ ਦੇ ਵਾਪਸ ਜਾਣ ਜਾਂ ਚੋਣ ਸਮਝੌਤਾ ਕਰਨ ਦੀ ਚਰਚਾ ਸੁਭਾਵਿਕ ਹੈ। ਪਰ ਇਹ ਕਹਿਣਾ ਕਿ ਇਨ੍ਹਾਂ ਆਗੂਆਂ ਨੂੰ ਆਪਣੀ "ਗਲਤੀ ਦਾ ਅਹਿਸਾਸ" ਹੋ ਗਿਆ ਹੈ ਜਾਂ ਅੰਦਰਖਾਤੇ ਵਾਪਸੀ ਦਾ ਫ਼ੈਸਲਾ ਹੋ ਚੁੱਕਾ ਹੈ, ਅਜੇ ਤੱਥਾਂ ਨਾਲ ਸਾਬਤ ਨਹੀਂ। 26 ਅਗਸਤ ਦੀ ਇੱਕ ਰਿਪੋਰਟ ਮੁਤਾਬਕ ਪੁਨਰ ਸੁਰਜੀਤ ਧੜਾ ਭਾਜਪਾ, ਬਾਦਲ ਅਕਾਲੀ ਦਲ ਅਤੇ ਵਾਰਿਸ ਪੰਜਾਬ ਦੇ ਨਾਲ ਵੱਖ-ਵੱਖ ਸੰਭਾਵਨਾਵਾਂ ਉੱਤੇ ਵਿਚਾਰ ਕਰ ਰਿਹਾ ਹੈ, ਪਰ ਕਿਸੇ ਪੱਕੇ ਸਮਝੌਤੇ ਦਾ ਐਲਾਨ ਨਹੀਂ ਹੋਇਆ। ਪੁਨਰ ਸੁਰਜੀਤ ਧੜੇ ਦੀਆਂ ਚੋਣ ਸੰਭਾਵਨਾਵਾਂ ਬਾਰੇ ਰਿਪੋਰਟ ਤੋਂ ਇਹ ਜ਼ਰੂਰ ਸਪੱਸ਼ਟ ਹੁੰਦਾ ਹੈ ਕਿ ਇਸ ਧੜੇ ਅੰਦਰ ਭਵਿੱਖੀ ਰਣਨੀਤੀ ਬਾਰੇ ਮੰਥਨ ਚੱਲ ਰਿਹਾ ਹੈ।

ਪੁਨਰ ਸੁਰਜੀਤ ਅਤੇ ਵਾਰਿਸ ਪੰਜਾਬ ਦੇ ਵਿਚਕਾਰ ਅਪ੍ਰੈਲ 2026 ਵਿਚ ਪੰਥਕ ਏਕਤਾ ਲਈ ਤਾਲਮੇਲ ਕਮੇਟੀ ਬਣਾਈ ਗਈ ਸੀ, ਪਰ ਕੁਝ ਹਫ਼ਤਿਆਂ ਵਿਚ ਹੀ ਵਿਚਾਰਧਾਰਕ ਅਤੇ ਅਗਵਾਈ ਨਾਲ ਜੁੜੇ ਮਤਭੇਦਾਂ ਕਾਰਨ ਇਹ ਤਾਲਮੇਲ ਟੁੱਟ ਗਿਆ। ਇਸ ਤੋਂ ਬਾਅਦ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਪੁਨਰ ਸੁਰਜੀਤ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਵਾਰਿਸ ਪੰਜਾਬ ਦੇ ਨਾਲ ਚਲੇ ਗਏ। ਦੋਵਾਂ ਧੜਿਆਂ ਦੇ ਗਠਜੋੜ ਟੁੱਟਣ ਦੀ ਰਿਪੋਰਟ ਦੱਸਦੀ ਹੈ ਕਿ ਸਿਰਫ਼ "ਪੰਥਕ ਏਕਤਾ" ਦਾ ਨਾਅਰਾ ਧੜਿਆਂ ਨੂੰ ਜੋੜਨ ਲਈ ਕਾਫ਼ੀ ਨਹੀਂ। ਅਗਵਾਈ ਕਿਸ ਦੇ ਹੱਥ ਹੋਵੇਗੀ, ਉਮੀਦਵਾਰ ਕੌਣ ਹੋਣਗੇ, ਭਾਜਪਾ ਨਾਲ ਸਬੰਧ ਕਿਹੋ ਜਿਹੇ ਹੋਣਗੇ ਅਤੇ ਪਿਛਲੇ ਅਕਾਲੀ ਰਾਜ ਬਾਰੇ ਰੁਖ਼ ਕੀ ਹੋਵੇਗਾ—ਇਹ ਸਵਾਲ ਅਜੇ ਵੀ ਵੱਡੀਆਂ ਰੁਕਾਵਟਾਂ ਹਨ।

ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਭਾਜਪਾ ਨਾਲ ਕਿਸੇ ਸਮਝੌਤੇ ਦੀ ਸੰਭਾਵਨਾ ਨੂੰ ਸਪੱਸ਼ਟ ਤੌਰ ਉੱਤੇ ਰੱਦ ਕੀਤਾ ਗਿਆ ਹੈ। ਇਸ ਲਈ ਬਾਦਲ ਅਕਾਲੀ ਦਲ, ਭਾਜਪਾ, ਪੁਨਰ ਸੁਰਜੀਤ ਅਤੇ ਵਾਰਿਸ ਪੰਜਾਬ ਦੇ ਨੂੰ ਇੱਕੋ ਗਠਜੋੜ ਵਿਚ ਲਿਆਉਣਾ ਮੌਜੂਦਾ ਹਾਲਾਤ ਵਿਚ ਲਗਭਗ ਅਸੰਭਵ ਦਿਖਾਈ ਦਿੰਦਾ ਹੈ। ਵਾਰਿਸ ਪੰਜਾਬ ਦੇ ਦੀ ਸਿਆਸਤ ਦਾ ਵੱਡਾ ਹਿੱਸਾ ਰਵਾਇਤੀ ਅਕਾਲੀ ਦਲ ਅਤੇ ਕੇਂਦਰੀ ਪਾਰਟੀਆਂ ਦੇ ਵਿਰੋਧ ਉੱਤੇ ਖੜ੍ਹਾ ਹੈ। ਜੇ ਉਹ ਬਾਦਲ ਅਕਾਲੀ ਦਲ ਜਾਂ ਭਾਜਪਾ ਨਾਲ ਸਮਝੌਤਾ ਕਰਦਾ ਹੈ, ਤਾਂ ਉਸ ਨੂੰ ਆਪਣੇ ਮੌਜੂਦਾ ਸਮਰਥਕਾਂ ਅੱਗੇ ਵਿਚਾਰਧਾਰਕ ਜਵਾਬ ਦੇਣਾ ਪਵੇਗਾ। ਇਸ ਲਈ ਪੂਰਨ ਪੰਥਕ ਏਕਤਾ ਨਾਲੋਂ ਕੁਝ ਹਲਕਿਆਂ ਵਿਚ ਆਪਸੀ ਉਮੀਦਵਾਰ ਨਾ ਖੜ੍ਹੇ ਕਰਨ ਜਾਂ ਸੀਮਤ ਚੋਣ ਤਾਲਮੇਲ ਦੀ ਸੰਭਾਵਨਾ ਵੱਧ ਹੋ ਸਕਦੀ ਹੈ।

ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਅਕਾਲੀ ਦਲ ਅੰਮ੍ਰਿਤਸਰ ਦਾ ਆਪਣਾ ਇੱਕ ਪੱਕਾ ਵੋਟ ਆਧਾਰ ਹੈ, ਪਰ ਇਹ ਵੋਟ ਸੂਬੇ ਭਰ ਵਿਚ ਇੱਕਸਾਰ ਨਹੀਂ। ਪਾਰਟੀ ਕਿਸੇ ਖਾਸ ਹਾਲਾਤ, ਪੰਥਕ ਲਹਿਰ ਜਾਂ ਲੋਕਾਂ ਵਿਚ ਵਧੇ ਗੁੱਸੇ ਦੌਰਾਨ ਇੱਕ-ਦੋ ਹਲਕਿਆਂ ਵਿਚ ਵੱਡਾ ਪ੍ਰਭਾਵ ਪਾ ਸਕਦੀ ਹੈ, ਪਰ ਵਿਧਾਨ ਸਭਾ ਦੀਆਂ 117 ਸੀਟਾਂ ਉੱਤੇ ਮਜ਼ਬੂਤ ਢਾਂਚਾ ਤਿਆਰ ਕਰਨਾ ਵੱਖਰੀ ਚੁਣੌਤੀ ਹੈ। ਜੇ ਮਾਨ ਦਲ, ਵਾਰਿਸ ਪੰਜਾਬ ਦੇ ਅਤੇ ਪੁਨਰ ਸੁਰਜੀਤ ਇੱਕੋ ਹਲਕਿਆਂ ਵਿਚ ਉਮੀਦਵਾਰ ਖੜ੍ਹੇ ਕਰਦੇ ਹਨ, ਤਾਂ ਇਹ ਸਾਰੇ ਧੜੇ ਇੱਕ-ਦੂਜੇ ਦੀਆਂ ਵੋਟਾਂ ਕੱਟ ਸਕਦੇ ਹਨ।

ਪੰਥਕ ਹਲਕਿਆਂ ਵਿਚ ਲੰਮੇ ਸਮੇਂ ਤੋਂ ਇਹ ਧਾਰਨਾ ਰਹੀ ਹੈ ਕਿ ਦਿੱਲੀ ਜਾਂ ਹੋਰ ਵੱਡੀਆਂ ਸਿਆਸੀ ਤਾਕਤਾਂ ਸਿੱਖਾਂ ਅਤੇ ਅਕਾਲੀ ਧਿਰਾਂ ਨੂੰ ਇਕੱਠਾ ਨਹੀਂ ਦੇਖਣਾ ਚਾਹੁੰਦੀਆਂ। ਭਾਰਤੀ ਸਿਆਸਤ ਦੇ ਇਤਿਹਾਸ ਵਿਚ ਪਾਰਟੀਆਂ ਵੱਲੋਂ ਵਿਰੋਧੀ ਧਿਰਾਂ ਵਿਚ ਫੁੱਟ ਪਾਉਣ, ਆਗੂ ਤੋੜਨ ਅਤੇ ਛੋਟੇ ਧੜਿਆਂ ਨੂੰ ਉਤਸ਼ਾਹਿਤ ਕਰਨ ਦੀਆਂ ਮਿਸਾਲਾਂ ਜ਼ਰੂਰ ਮਿਲਦੀਆਂ ਹਨ। ਫਿਰ ਵੀ ਮੌਜੂਦਾ ਅਕਾਲੀ ਟੁੱਟ ਨੂੰ ਕੇਵਲ ਕਿਸੇ ਬਾਹਰੀ ਸਾਜ਼ਿਸ਼ ਦਾ ਨਤੀਜਾ ਦੱਸਣਾ ਪੂਰਾ ਸੱਚ ਨਹੀਂ ਹੋਵੇਗਾ। ਅਕਾਲੀ ਆਗੂਆਂ ਦੀਆਂ ਨਿੱਜੀ ਮਹੱਤਵਾਕਾਂਸ਼ਾਵਾਂ, ਟਿਕਟਾਂ ਦੀ ਵੰਡ, ਅਗਵਾਈ ਦੀ ਲੜਾਈ, ਪਰਿਵਾਰਵਾਦ, ਵਿਚਾਰਧਾਰਕ ਮਤਭੇਦ ਅਤੇ ਲੋਕਾਂ ਦਾ ਟੁੱਟਿਆ ਭਰੋਸਾ ਵੀ ਵੱਡੇ ਕਾਰਨ ਹਨ। ਬਾਹਰੀ ਦਖ਼ਲ ਬਾਰੇ ਕੋਈ ਦਾਅਵਾ ਕੀਤਾ ਜਾਂਦਾ ਹੈ, ਤਾਂ ਉਸ ਲਈ ਠੋਸ ਸਬੂਤ ਵੀ ਸਾਹਮਣੇ ਰੱਖਣੇ ਚਾਹੀਦੇ ਹਨ। ਆਪਣੀਆਂ ਕਮਜ਼ੋਰੀਆਂ ਦੀ ਜ਼ਿੰਮੇਵਾਰੀ ਲਏ ਬਿਨਾਂ ਹਰ ਨਾਕਾਮੀ ਲਈ ਬਾਹਰੀ ਤਾਕਤਾਂ ਨੂੰ ਦੋਸ਼ ਦੇਣ ਨਾਲ ਭਰੋਸਾ ਹੋਰ ਘੱਟ ਸਕਦਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੁਖਬੀਰ ਸਿੰਘ ਬਾਦਲ ਦੀ ਅਗਸਤ ਵਿਚ ਹੋਈ ਮੁਲਾਕਾਤ ਨੇ ਅਕਾਲੀ-ਭਾਜਪਾ ਗਠਜੋੜ ਦੀ ਚਰਚਾ ਨੂੰ ਜ਼ਰੂਰ ਤੇਜ਼ ਕੀਤਾ ਹੈ। ਦੋਵਾਂ ਧਿਰਾਂ ਵੱਲੋਂ ਮੁਲਾਕਾਤ ਦਾ ਵਿਸਥਾਰਤ ਕਾਰਜਕ੍ਰਮ ਜਨਤਕ ਨਹੀਂ ਕੀਤਾ ਗਿਆ। ਅਕਾਲੀ ਆਗੂਆਂ ਨੇ ਸੰਕੇਤ ਦਿੱਤੇ ਕਿ ਪੰਜਾਬ, ਸਿੱਖ ਮਸਲਿਆਂ, ਕਾਨੂੰਨ-ਵਿਵਸਥਾ ਅਤੇ ਸ਼੍ਰੋਮਣੀ ਕਮੇਟੀ ਨਾਲ ਸਬੰਧਿਤ ਵਿਸ਼ੇ ਉਠਾਏ ਗਏ ਹੋ ਸਕਦੇ ਹਨ। ਇਸ ਮੁਲਾਕਾਤ ਨੂੰ ਗੱਲਬਾਤ ਦਾ ਦਰਵਾਜ਼ਾ ਖੁੱਲ੍ਹਣ ਵਜੋਂ ਦੇਖਿਆ ਜਾ ਸਕਦਾ ਹੈ, ਪਰ ਇਸ ਨੂੰ ਪੱਕੇ ਗਠਜੋੜ ਦਾ ਸਬੂਤ ਨਹੀਂ ਮੰਨਿਆ ਜਾ ਸਕਦਾ। ਮੋਦੀ-ਸੁਖਬੀਰ ਮੁਲਾਕਾਤ ਬਾਰੇ ਰਿਪੋਰਟ ਮੁਤਾਬਕ ਦੋਵਾਂ ਪਾਰਟੀਆਂ ਨੇ ਅਧਿਕਾਰਤ ਤੌਰ ਉੱਤੇ ਗਠਜੋੜ ਦੀ ਪੁਸ਼ਟੀ ਨਹੀਂ ਕੀਤੀ।

ਇਸ ਤੋਂ ਵੀ ਵੱਧ ਮਹੱਤਵਪੂਰਨ ਗੱਲ ਇਹ ਹੈ ਕਿ 24 ਅਗਸਤ ਨੂੰ ਭਾਜਪਾ ਦੇ ਕੌਮੀ ਜਥੇਬੰਦਕ ਜਨਰਲ ਸਕੱਤਰ ਬੀ.ਐੱਲ. ਸੰਤੋਸ਼ ਨੇ ਐਲਾਨ ਕੀਤਾ ਕਿ ਪਾਰਟੀ 2027 ਵਿਚ ਪੰਜਾਬ ਦੀਆਂ ਸਾਰੀਆਂ 117 ਸੀਟਾਂ ਆਪਣੇ ਬਲਬੂਤੇ ਲੜੇਗੀ। ਪੰਜਾਬ ਭਾਜਪਾ ਦੇ ਆਗੂ ਵੀ ਇਸੇ ਰੁਖ਼ ਨੂੰ ਦੁਹਰਾ ਰਹੇ ਹਨ। ਸਿਆਸਤ ਵਿਚ ਅਜਿਹੇ ਬਿਆਨ ਕਈ ਵਾਰ ਗਠਜੋੜ ਦੀ ਗੱਲਬਾਤ ਤੋਂ ਪਹਿਲਾਂ ਆਪਣਾ ਸਿਆਸੀ ਮੁੱਲ ਅਤੇ ਸੀਟਾਂ ਦੀ ਮੰਗ ਵਧਾਉਣ ਲਈ ਵੀ ਦਿੱਤੇ ਜਾਂਦੇ ਹਨ, ਪਰ ਬਿਨਾਂ ਕਿਸੇ ਉਲਟ ਅਧਿਕਾਰਤ ਫ਼ੈਸਲੇ ਦੇ ਭਾਜਪਾ ਦੇ ਮੌਜੂਦਾ ਬਿਆਨ ਨੂੰ ਹੀ ਪਾਰਟੀ ਦਾ ਅਸਲ ਜਨਤਕ ਰੁਖ਼ ਮੰਨਣਾ ਪਵੇਗਾ। ਭਾਜਪਾ ਦੇ 117 ਸੀਟਾਂ ਇਕੱਲੇ ਲੜਨ ਦੇ ਐਲਾਨ ਤੋਂ ਬਾਅਦ ਗਠਜੋੜ ਦੀਆਂ ਸੰਭਾਵਨਾਵਾਂ ਫਿਲਹਾਲ ਅਟਕਲਾਂ ਦੇ ਪੱਧਰ ਉੱਤੇ ਹਨ।

ਜੇ ਅਕਾਲੀ ਦਲ ਅਤੇ ਭਾਜਪਾ ਆਖ਼ਰਕਾਰ ਇਕੱਠੇ ਹੁੰਦੇ ਹਨ, ਤਾਂ ਸੀਟਾਂ ਦੀ ਵੰਡ ਪੁਰਾਣੇ 94-23 ਦੇ ਫ਼ਾਰਮੂਲੇ ਅਨੁਸਾਰ ਹੋਣ ਦੀ ਸੰਭਾਵਨਾ ਘੱਟ ਹੈ। 2024 ਵਿਚ ਭਾਜਪਾ ਦਾ ਵੋਟ ਪ੍ਰਤੀਸ਼ਤ ਅਕਾਲੀ ਦਲ ਨਾਲੋਂ ਵੱਧ ਰਿਹਾ ਅਤੇ ਪਾਰਟੀ ਕਈ ਸ਼ਹਿਰੀ ਵਿਧਾਨ ਸਭਾ ਖੰਡਾਂ ਵਿਚ ਅੱਗੇ ਰਹੀ। ਇਸ ਲਈ ਭਾਜਪਾ ਪਹਿਲਾਂ ਨਾਲੋਂ ਕਾਫ਼ੀ ਵੱਧ ਸੀਟਾਂ ਦੀ ਮੰਗ ਕਰ ਸਕਦੀ ਹੈ। ਅਕਾਲੀ ਦਲ ਪੇਂਡੂ, ਕਿਸਾਨੀ ਅਤੇ ਪੰਥਕ ਹਲਕਿਆਂ ਵਿਚ ਆਪਣੀ ਪੁਰਾਣੀ ਪਹੁੰਚ ਦਾ ਹਵਾਲਾ ਦੇਵੇਗਾ। ਇਹੀ ਕਾਰਨ ਹੈ ਕਿ ਸਥਾਨਕ ਆਗੂਆਂ ਦੀ ਤਿੱਖੀ ਬਿਆਨਬਾਜ਼ੀ ਦੇ ਬਾਵਜੂਦ ਆਖ਼ਰੀ ਫ਼ੈਸਲਾ ਦੋਵਾਂ ਪਾਰਟੀਆਂ ਦੀ ਉੱਚ ਅਗਵਾਈ ਅਤੇ ਹਲਕਾਵਾਰ ਜਿੱਤਣ ਦੀ ਸਮਰੱਥਾ ਦੇ ਮੁਲਾਂਕਣ ਉੱਤੇ ਨਿਰਭਰ ਕਰੇਗਾ।

ਅਕਾਲੀ-ਭਾਜਪਾ ਗਠਜੋੜ ਨਾਲ ਅਕਾਲੀ ਦਲ ਨੂੰ ਸ਼ਹਿਰੀ ਹਿੰਦੂ ਵੋਟ, ਵਪਾਰੀ ਵਰਗ ਅਤੇ ਕੇਂਦਰੀ ਪੱਧਰ ਦੀ ਸਿਆਸੀ ਤਾਕਤ ਦਾ ਸਹਾਰਾ ਮਿਲ ਸਕਦਾ ਹੈ। ਭਾਜਪਾ ਨੂੰ ਪੇਂਡੂ ਪੰਜਾਬ, ਸਿੱਖ ਵੋਟਰਾਂ ਅਤੇ ਗੁਰਦੁਆਰਾ-ਕੇਂਦਰਿਤ ਸਮਾਜਿਕ ਢਾਂਚੇ ਤੱਕ ਪਹੁੰਚ ਮਿਲ ਸਕਦੀ ਹੈ। ਪਰ ਇਸ ਗਠਜੋੜ ਨਾਲ ਅਕਾਲੀ ਦਲ ਦੀਆਂ ਕੁਝ ਪੰਥਕ ਵੋਟਾਂ ਵਾਰਿਸ ਪੰਜਾਬ ਦੇ, ਮਾਨ ਦਲ ਜਾਂ ਪੁਨਰ ਸੁਰਜੀਤ ਵੱਲ ਵੀ ਜਾ ਸਕਦੀਆਂ ਹਨ। ਕਿਸਾਨ ਅੰਦੋਲਨ ਤੋਂ ਬਾਅਦ ਕੇਂਦਰ ਪ੍ਰਤੀ ਨਾਰਾਜ਼ਗੀ ਰੱਖਣ ਵਾਲੇ ਵੋਟਰਾਂ ਨੂੰ ਮਨਾਉਣਾ ਵੀ ਸੌਖਾ ਨਹੀਂ ਹੋਵੇਗਾ। ਇਸ ਲਈ ਗਠਜੋੜ ਲਾਭਦਾਇਕ ਹੋ ਸਕਦਾ ਹੈ, ਪਰ ਇਹ ਸੱਤਾ ਦੀ ਸਿੱਧੀ ਗਾਰੰਟੀ ਨਹੀਂ।

ਜੇ ਸਾਰੀਆਂ ਅਕਾਲੀ ਅਤੇ ਪੰਥਕ ਪਾਰਟੀਆਂ ਵੱਖ-ਵੱਖ ਲੜਦੀਆਂ ਹਨ, ਤਾਂ ਕਈ ਹਲਕਿਆਂ ਵਿਚ ਜੇਤੂ ਨੂੰ 30 ਤੋਂ 35 ਫ਼ੀਸਦੀ ਵੋਟਾਂ ਨਾਲ ਵੀ ਜਿੱਤ ਮਿਲ ਸਕਦੀ ਹੈ। ਅਜਿਹੇ ਬਹੁਕੋਣੀ ਮੁਕਾਬਲੇ ਵਿਚ ਸੰਗਠਿਤ ਵੋਟ ਵਾਲੀ ਆਮ ਆਦਮੀ ਪਾਰਟੀ ਜਾਂ ਕਾਂਗਰਸ ਨੂੰ ਫਾਇਦਾ ਹੋਵੇਗਾ। ਜੇ ਪੁਨਰ ਸੁਰਜੀਤ ਦੇ ਕੁਝ ਆਗੂ ਬਾਦਲ ਅਕਾਲੀ ਦਲ ਵਿਚ ਵਾਪਸ ਆਉਂਦੇ ਹਨ, ਤਾਂ ਇਸ ਨਾਲ ਪਾਰਟੀ ਨੂੰ ਚਿਹਰੇ ਅਤੇ ਪੁਰਾਣਾ ਕਾਡਰ ਮਿਲ ਸਕਦਾ ਹੈ, ਪਰ ਇਹ ਵਾਪਸੀ ਸਨਮਾਨਜਨਕ ਸਮਝੌਤੇ, ਅਹੁਦਿਆਂ ਅਤੇ ਉਮੀਦਵਾਰੀ ਦੀ ਸਹਿਮਤੀ ਤੋਂ ਬਿਨਾਂ ਸੰਭਵ ਨਹੀਂ ਹੋਵੇਗੀ। ਜੇ ਇਹ ਵਾਪਸੀ ਸਿਰਫ਼ ਚੋਣ ਮਜਬੂਰੀ ਵਜੋਂ ਦਿਖਾਈ ਦਿੱਤੀ, ਤਾਂ ਵੋਟਰ ਇਸ ਨੂੰ ਮੌਕਾਪ੍ਰਸਤੀ ਵੀ ਮੰਨ ਸਕਦਾ ਹੈ।

2027 ਵਿਚ ਅਕਾਲੀ ਸਿਆਸਤ ਦੀ ਵਾਪਸੀ ਦਾ ਰਸਤਾ ਸਿਰਫ਼ "ਪੰਥ ਖ਼ਤਰੇ ਵਿਚ ਹੈ" ਜਾਂ "ਸਿੱਖ ਵੋਟ ਇਕੱਠੀ ਕਰੋ" ਵਰਗੇ ਨਾਅਰਿਆਂ ਰਾਹੀਂ ਨਹੀਂ ਨਿਕਲੇਗਾ। ਪਾਰਟੀਆਂ ਨੂੰ ਬੇਅਦਬੀ ਮਾਮਲਿਆਂ ਵਿਚ ਇਨਸਾਫ਼, ਨਸ਼ਿਆਂ ਦੀ ਰੋਕਥਾਮ, ਕਿਸਾਨੀ ਕਰਜ਼ਾ, ਪੰਜਾਬ ਦੇ ਪਾਣੀਆਂ, ਚੰਡੀਗੜ੍ਹ, ਰੁਜ਼ਗਾਰ, ਪਰਵਾਸ, ਉਦਯੋਗ, ਸਿੱਖਿਆ, ਸਿਹਤ, ਕਾਨੂੰਨ-ਵਿਵਸਥਾ ਅਤੇ ਕੇਂਦਰ-ਰਾਜ ਸਬੰਧਾਂ ਬਾਰੇ ਭਰੋਸੇਯੋਗ ਕਾਰਜਕ੍ਰਮ ਦੇਣਾ ਪਵੇਗਾ। ਉਮੀਦਵਾਰਾਂ ਦੀ ਸਾਫ਼ ਛਵੀ, ਪਾਰਟੀ ਅੰਦਰ ਲੋਕਤੰਤਰ, ਨੌਜਵਾਨਾਂ ਅਤੇ ਔਰਤਾਂ ਦੀ ਅਗਵਾਈ ਵਿਚ ਹਿੱਸੇਦਾਰੀ ਅਤੇ ਪੁਰਾਣੀਆਂ ਗਲਤੀਆਂ ਦੀ ਖੁੱਲ੍ਹੀ ਸਵੀਕਾਰਤਾ ਵੀ ਲਾਜ਼ਮੀ ਹੋਵੇਗੀ।

ਅੰਤ ਵਿਚ ਮੌਜੂਦਾ ਹਾਲਾਤ ਦਾ ਨਿਰਪੱਖ ਮੁਲਾਂਕਣ ਇਹ ਹੈ ਕਿ ਵੰਡੀ ਹੋਈ ਅਕਾਲੀ ਸਿਆਸਤ ਆਪਣੇ ਬਲਬੂਤੇ ਸੱਤਾ ਵਿਚ ਵਾਪਸੀ ਦੀ ਸਥਿਤੀ ਵਿਚ ਨਹੀਂ ਦਿਖਦੀ। ਬਾਦਲ ਅਕਾਲੀ ਦਲ ਅਜੇ ਵੀ ਬਾਕੀ ਅਕਾਲੀ ਧੜਿਆਂ ਨਾਲੋਂ ਵੱਡਾ ਸੰਗਠਨ ਰੱਖਦਾ ਹੈ, ਪਰ ਉਸ ਦੀ ਪੁਰਾਣੀ ਤਾਕਤ ਕਾਫ਼ੀ ਘੱਟ ਚੁੱਕੀ ਹੈ। ਵਾਰਿਸ ਪੰਜਾਬ ਦੇ ਕੁਝ ਪੰਥਕ ਹਲਕਿਆਂ ਵਿਚ ਵੱਡਾ ਪ੍ਰਭਾਵ ਪਾ ਸਕਦਾ ਹੈ, ਪਰ ਸੂਬਾ ਪੱਧਰੀ ਸਰਕਾਰ ਲਈ ਉਸ ਦਾ ਢਾਂਚਾ ਅਜੇ ਪਰਖਿਆ ਜਾਣਾ ਬਾਕੀ ਹੈ। ਪੁਨਰ ਸੁਰਜੀਤ ਕੋਲ ਤਜ਼ਰਬੇਕਾਰ ਆਗੂ ਹਨ, ਪਰ ਵੱਖਰਾ ਵੱਡਾ ਵੋਟ ਆਧਾਰ ਅਜੇ ਸਾਬਤ ਨਹੀਂ ਹੋਇਆ। ਮਾਨ ਦਲ ਵੀ ਕੁਝ ਹਲਕਿਆਂ ਵਿਚ ਨਤੀਜਾ ਪ੍ਰਭਾਵਿਤ ਕਰ ਸਕਦਾ ਹੈ, ਪਰ ਇਕੱਲੇ ਸੱਤਾ ਤੱਕ ਪਹੁੰਚਣ ਦੀ ਸਮਰੱਥਾ ਨਹੀਂ ਦਿਖਦੀ।

ਇਸ ਲਈ 2027 ਦਾ ਅਸਲ ਸਵਾਲ ਇਹ ਨਹੀਂ ਕਿ "ਕਿਹੜਾ ਅਕਾਲੀ ਦਲ ਅਸਲੀ ਹੈ", ਸਗੋਂ ਇਹ ਹੋਵੇਗਾ ਕਿ ਕਿਹੜੀ ਧਿਰ ਲੋਕਾਂ ਦਾ ਭਰੋਸਾ ਮੁੜ ਜਿੱਤਦੀ ਹੈ, ਆਪਣੀ ਵੋਟ ਨੂੰ ਵਿਧਾਨ ਸਭਾ ਸੀਟਾਂ ਵਿਚ ਬਦਲਦੀ ਹੈ ਅਤੇ ਸਿੱਖ ਵੋਟਰਾਂ ਦੇ ਨਾਲ ਪੰਜਾਬ ਦੇ ਦੂਜੇ ਸਾਰੇ ਵਰਗਾਂ ਨੂੰ ਵੀ ਆਪਣੇ ਨਾਲ ਜੋੜਦੀ ਹੈ। ਜੇ ਪੰਥਕ ਧਿਰਾਂ ਵੰਡੀਆਂ ਰਹੀਆਂ, ਤਾਂ ਉਨ੍ਹਾਂ ਦੀਆਂ ਵੋਟਾਂ ਉਨ੍ਹਾਂ ਦੇ ਵਿਰੋਧੀਆਂ ਲਈ ਸੱਤਾ ਦਾ ਰਸਤਾ ਤਿਆਰ ਕਰ ਸਕਦੀਆਂ ਹਨ। ਜੇ ਸੀਮਤ ਇਕਜੁੱਟਤਾ, ਸਪੱਸ਼ਟ ਸਾਂਝਾ ਕਾਰਜਕ੍ਰਮ ਅਤੇ ਭਰੋਸੇਯੋਗ ਅਗਵਾਈ ਸਾਹਮਣੇ ਆਉਂਦੀ ਹੈ, ਤਾਂ ਅਕਾਲੀ ਸਿਆਸਤ ਮੁੜ ਇੱਕ ਪ੍ਰਭਾਵਸ਼ਾਲੀ ਤਾਕਤ ਬਣ ਸਕਦੀ ਹੈ—ਪਰ ਮੌਜੂਦਾ ਸਥਿਤੀ ਵਿਚ ਸੱਤਾ ਦੀ ਵਾਪਸੀ ਸੰਭਾਵਨਾ ਹੈ, ਯਕੀਨ ਨਹੀਂ।

# ਇੱਕ ਦੇਸ਼, ਇੱਕ ਚੋਣ: ਕੀ ਇਹ ਲੋਕਤੰਤਰ ਦੀਆਂ ਬਿਮਾਰੀਆਂ ਦਾ ਇਲਾਜ ਹੈ ਜਾਂ ਇੱਕ-ਪਾਰਟੀ ਰਾਜ ਵੱਲ ਕਦਮ?

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਸਿਆਸੀ ਦਲਾਂ ਵੱਲੋਂ ਬੇਹਿਸਾਬ ਚੋਣ ਖ਼ਰਚ, ਵੋਟਰਾਂ ਨੂੰ ਲੁਭਾਉਣ ਲਈ ਨਕਦੀ ਤੇ ਮੁਫ਼ਤ ਰੇਵੜੀਆਂ ਦੀ ਵੰਡ, ਰਾਜਨੀਤੀ ਦਾ ਅਪਰਾਧੀਕਰਨ ਅਤੇ ਚੋਣਾਂ ਦੌਰਾਨ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ-ਇਹ ਭਾਰਤੀ ਲੋਕਤੰਤਰ ਵਿਚ ਅਜਿਹੀਆਂ ਗੰਭੀਰ ਬਿਮਾਰੀਆਂ ਬਣ ਚੁੱਕੀਆਂ ਹਨ, ਜਿਨ੍ਹਾਂ ਨੂੰ ਦੂਰ ਕਰਨਾ ਦਿਨ-ਪ੍ਰਤੀ-ਦਿਨ ਅਸੰਭਵ ਹੁੰਦਾ ਜਾ ਰਿਹਾ ਹੈ। ਅਜਿਹੇ ਵਿਚ ਇਹ ਵੱਡਾ ਸਵਾਲ ਉੱਠਦਾ ਹੈ ਕਿ 'ਇੱਕ ਦੇਸ਼, ਇੱਕ ਚੋਣ' ਜੇਕਰ ਸਿਰਫ਼ ਇੱਕ ਚੋਣ ਕੈਲੰਡਰ ਬਦਲਣ ਦੀ ਕਵਾਇਦ ਹੈ, ਤਾਂ ਕੀ ਇਹ ਬਿਮਾਰੀਆਂ ਆਪੇ-ਆਪ ਦੂਰ ਹੋ ਜਾਣਗੀਆਂ, ਜੋ ਲੋਕਤੰਤਰ ਨੂੰ ਘੁਣ ਵਾਂਗਰ ਖਾ ਰਹੀਆਂ ਹਨ।

ਦਰਅਸਲ, ਇਸ ਪੂਰੇ ਘਟਨਾਕ੍ਰਮ ਦੇ ਪਿੱਛੇ ਮੌਜੂਦਾ ਸੱਤਾਧਾਰੀ ਧਿਰ ਦੀ ਸਿਆਸੀ ਮਨਸ਼ਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਪਿਛਲੇ 12-13 ਸਾਲਾਂ ਤੋਂ ਦੇਸ਼ 'ਤੇ ਰਾਜ ਕਰ ਰਹੀ ਸੱਤਾਧਾਰੀ ਧਿਰ ਹਰ ਹੱਥਕੰਡਾ ਵਰਤ ਕੇ ਭਵਿੱਖ ਦੇ ਹਰ ਛੋਟੇ-ਵੱਡੇ ਚੋਣਵੇਂ ਦੌਰ 'ਤੇ ਆਪਣੀ ਪਕੜ ਬਣਾਈ ਰੱਖਣਾ ਚਾਹੁੰਦੀ ਹੈ। ਉਸ ਦਾ ਨਿਸ਼ਾਨਾ ਖੇਤਰੀ ਪਾਰਟੀਆਂ ਦੀ ਆਵਾਜ਼ ਨੂੰ ਦਬਾਉਣਾ, ਵਿਰੋਧੀ ਧਿਰਾਂ ਦਾ ਅਸਰ ਖਤਮ ਕਰਨਾ ਅਤੇ ਦੇਸ਼ ਵਿਚ ਇੱਕ ਪਾਰਟੀ ਦਾ ਰਾਜ ਸਥਾਪਿਤ ਕਰਨਾ ਹੈ। ਉਸ ਵੱਲੋਂ ਏਕਾਤਮਕ ਰਾਸ਼ਟਰਵਾਦ ਦੀ ਵਿਚਾਰਧਾਰਾ ਨੂੰ ਅੱਗੇ ਵਧਾ ਕੇ ਭਾਰਤੀ ਸੰਵਿਧਾਨ ਦੇ ਮੂਲ ਢਾਂਚੇ ਅਤੇ ਸੰਘੀ ਵਿਵਸਥਾ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਕਵਾਇਦ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਨਹੀਂ, ਸਗੋਂ ਹੌਲੀ-ਹੌਲੀ ਇੱਕ-ਪੁਰਖੀ ਜਾਂ ਇੱਕ-ਪਾਰਟੀ ਡਿਕਟੇਟਰਸ਼ਿਪ ਵੱਲ ਵਧਣ ਦਾ ਸਬੱਬ ਬਣ ਰਹੀ ਹੈ।

ਸਰਕਾਰ ਇਸ ਖਾਸ ਏਜੰਡੇ ਅਤੇ ਸੀਮਾਬੰਦੀ ਵਰਗੇ ਦੂਰਗਾਮੀ ਪ੍ਰਭਾਵ ਵਾਲੇ ਕਾਨੂੰਨਾਂ ਨੂੰ ਆਪਣੇ ਹਿਸਾਬ ਨਾਲ ਲਾਗੂ ਕਰਨਾ ਚਾਹੁੰਦੀ ਹੈ, ਪਰ ਸੰਸਦ ਵਿਚ 2/3 ਦੋ-ਤਿਹਾਈ ਬਹੁਮਤ ਨਾ ਹੋਣ ਕਰਕੇ ਉਸ ਨੂੰ ਅੜਚਣਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹੀ ਕਾਰਨ ਹੈ ਕਿ ਹੋਰਨਾਂ ਪਾਰਟੀਆਂ ਨਾਲ ਜੋੜ-ਤੋੜ ਕਰਕੇ ਜਾਂ ਹੋਰ ਰਾਜਨੀਤਿਕ ਜੋੜ-ਤੋੜ ਲਗਾ ਕੇ ਇਸ ਬਿਲ ਨੂੰ ਪਾਸ ਕਰਵਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ, ਜੋ ਕਿ ਕਿਸੇ ਵੀ ਹਾਲਤ ਵਿਚ ਲੋਕ-ਹਿੱਤ ਵਿਚ ਨਹੀਂ ਹੈ।



ਸਰਕਾਰ ਇਸ ਖਾਸ ਏਜੰਡੇ ਅਤੇ ਸੀਮਾਬੰਦੀ ਵਰਗੇ ਦੂਰਗਾਮੀ ਪ੍ਰਭਾਵ ਵਾਲੇ ਕਾਨੂੰਨਾਂ ਨੂੰ ਆਪਣੇ ਹਿਸਾਬ ਨਾਲ ਲਾਗੂ ਕਰਨਾ ਚਾਹੁੰਦੀ ਹੈ, ਪਰ ਸੰਸਦ ਵਿਚ 2/3 ਦੋ-ਤਿਹਾਈ ਬਹੁਮਤ ਨਾ ਹੋਣ ਕਰਕੇ ਉਸ ਨੂੰ ਅੜਚਣਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹੀ ਕਾਰਨ ਹੈ ਕਿ ਹੋਰਨਾਂ ਪਾਰਟੀਆਂ ਨਾਲ ਜੋੜ-ਤੋੜ ਕਰਕੇ ਜਾਂ ਹੋਰ ਰਾਜਨੀਤਿਕ ਜੋੜ-ਤੋੜ ਲਗਾ ਕੇ ਇਸ ਬਿਲ ਨੂੰ ਪਾਸ ਕਰਵਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ, ਜੋ ਕਿ ਕਿਸੇ ਵੀ ਹਾਲਤ ਵਿਚ ਲੋਕ-ਹਿੱਤ ਵਿਚ ਨਹੀਂ ਹੈ।

ਜੇਕਰ ਸਰਕਾਰ ਲੋਕਤੰਤਰ ਦੀਆਂ ਅਸਲੀ ਬਿਮਾਰੀਆਂ ਨੂੰ ਦੂਰ ਕਰਨ ਲਈ ਸੰਜੀਦਾ ਹੁੰਦੀ, ਤਾਂ ਚੋਣ ਸੁਧਾਰਾਂ ਦੀ ਸ਼ੁਰੂਆਤ ਅਪਰਾਧੀਆਂ ਨੂੰ ਰਾਜਨੀਤੀ ਤੋਂ ਬਾਹਰ ਕਰਨ ਨਾਲ ਹੁੰਦੀ। ਮੌਜੂਦਾ ਪ੍ਰਧਾਨ ਮੰਤਰੀ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਸੰਸਦ ਵਿਚ ਵੱਡਾ ਦਾਅਵਾ ਕੀਤਾ ਸੀ ਕਿ ਅਪਰਾਧਿਕ ਮਾਮਲਿਆਂ ਵਿਚ ਲਿਪਤ ਸੰਸਦ ਮੈਂਬਰਾਂ ਦੇ ਕੇਸਾਂ ਦਾ ਤੇਜ਼ੀ ਨਾਲ ਨਿਪਟਾਰਾ ਕਰਕੇ ਉਨ੍ਹਾਂ ਨੂੰ ਸੰਸਦ ਵਿਚੋਂ ਬਾਹਰ ਕੀਤਾ ਜਾਵੇਗਾ। ਪਰ ਨਤੀਜਾ ਬਿਲਕੁਲ ਉਲਟ ਰਿਹਾ ਹੈ।

'ਐਸੋਸੀਏਸ਼ਨ ਫ਼ਾਰ ਡੈਮੋਕ੍ਰੇਟਿਕ ਰਿਫਾਰਮਜ਼' ਅਤੇ 'ਨੈਸ਼ਨਲ ਇਲੈਕਸ਼ਨ ਵਾਚ' ਦੀਆਂ ਹਾਲੀਆ ਰਿਪੋਰਟਾਂ ਅਨੁਸਾਰ, ਸੰਸਦ (ਲੋਕ ਸਭਾ) ਦੇ ਲਗਭਗ 45 ਫੀਸਦੀ ਚੁਣੇ ਹੋਏ ਮੈਂਬਰਾਂ 'ਤੇ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ ਵਿਚੋਂ ਕਈਆਂ ਉੱਤੇ ਗੰਭੀਰ ਧਾਰਾਵਾਂ ਹਨ। ਸਰਕਾਰ ਨੇ ਇਨ੍ਹਾਂ ਅਪਰਾਧਿਕ ਮਾਮਲਿਆਂ ਵਿਚ ਫਸੇ ਨੇਤਾਵਾਂ ਨੂੰ ਚੋਣ ਲੜਨ ਤੋਂ ਰੋਕਣ ਲਈ ਕੋਈ ਠੋਸ ਕਾਨੂੰਨ ਬਣਾਉਣ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ।

ਇਸ ਤੋਂ ਇਲਾਵਾ, ਲੋਕ ਸਭਾ ਵਿਚ ਇੱਕ ਦੇਸ਼-ਇੱਕ ਚੋਣ ਸਬੰਧੀ ਪੇਸ਼ ਕੀਤੇ ਗਏ 'ਸੰਵਿਧਾਨ (129ਵੀਂ ਸੋਧ) ਬਿਲ, 2024' ਦੀ ਸਮੀਖਿਆ ਕਰ ਰਹੀ 39-ਮੈਂਬਰੀ ਸੰਯੁਕਤ ਪਾਰਲੀਮੈਂਟ ਕਮੇਟੀ ਦੀਆਂ ਬੈਠਕਾਂ ਵਿਚ ਵੀ ਕਾਫੀ ਹੰਗਾਮਾ ਅਤੇ ਗੰਭੀਰ ਚਰਚਾ ਹੋ ਚੁੱਕੀ ਹੈ। ਕਈ ਮੀਟਿੰਗਾਂ ਦੌਰਾਨ ਸੰਵਿਧਾਨਕ ਮਾਹਰਾਂ ਨੇ ਇਸ ਬਿਲ ਦੇ ਖਤਰਿਆਂ ਤੋਂ ਜਾਣੂ ਕਰਵਾਇਆ ਹੈ। ਜੇ.ਪੀ.ਸੀ. ਸਾਹਮਣੇ ਪੇਸ਼ ਹੁੰਦਿਆਂ ਸੀਨੀਅਰ ਕਾਂਗਰਸ ਨੇਤਾ ਪੀ. ਚਿਦੰਬਰਮ ਨੇ ਠੋਸ ਦਲੀਲਾਂ ਨਾਲ ਇਸ ਪ੍ਰਸਤਾਵ ਨੂੰ "ਅਸੰਵਿਧਾਨਕ" ਅਤੇ "ਸੰਵਿਧਾਨਕ ਕੁਰੂਪਤਾ" ਕਰਾਰ ਦਿੱਤਾ ਹੈ। ਉਨ੍ਹਾਂ ਸਵਾਲ ਕੀਤਾ ਕਿ ਜੇਕਰ 5 ਸਾਲ ਦੇ ਨਿਸ਼ਚਿਤ ਕਾਰਜਕਾਲ ਤੋਂ ਪਹਿਲਾਂ ਹੀ ਅਵਿਸ਼ਵਾਸ ਮਤੇ ਨਾਲ ਕੋਈ ਰਾਜ ਸਰਕਾਰ ਡਿੱਗ ਜਾਂਦੀ ਹੈ, ਤਾਂ ਬਾਕੀ ਰਹਿੰਦੇ ਸਮੇਂ ਲਈ ਕੀ ਕੀਤਾ ਜਾਵੇਗਾ? ਕੀ ਰਾਜਾਂ ਦੇ ਚੁਣੇ ਹੋਏ ਨੁਮਾਇੰਦਿਆਂ ਦਾ ਕਾਰਜਕਾਲ ਜ਼ਬਰਦਸਤੀ ਛੋਟਾ ਕਰ ਦਿੱਤਾ ਜਾਵੇਗਾ?

'ਵਿਧੀ ਸੈਂਟਰ ਫ਼ਾਰ ਲੀਗਲ ਪਾਲਿਸੀ' ਵਰਗੀਆਂ ਆਜ਼ਾਦ ਅਤੇ ਵੱਕਾਰੀ ਕਾਨੂੰਨੀ ਸੰਸਥਾਵਾਂ ਨੇ ਵੀ ਇਸ ਬਿਲ ਦੀਆਂ ਡੂੰਘੀਆਂ ਕਾਨੂੰਨੀ ਖਾਮੀਆਂ ਨੂੰ ਉਜਾਗਰ ਕੀਤਾ ਹੈ। ਸੰਸਥਾ ਅਨੁਸਾਰ, ਰਾਜ ਵਿਧਾਨ ਸਭਾਵਾਂ ਦੇ ਕਾਰਜਕਾਲ ਨੂੰ ਕੇਂਦਰ ਦੇ ਹੁਕਮਾਂ ਨਾਲ ਛੋਟਾ ਜਾਂ ਵੱਡਾ ਕਰਨਾ ਭਾਰਤੀ ਸੰਵਿਧਾਨ ਦੇ 'ਮੂਲ ਢਾਂਚੇ' ਅਤੇ ਸੰਘੀ ਢਾਂਚੇ ਉੱਤੇ ਸਿੱਧਾ ਹਮਲਾ ਹੈ। ਜੇਕਰ ਵਿਚਕਾਰ ਹੀ ਕੋਈ ਰਾਜ ਸਰਕਾਰ ਡਿੱਗ ਜਾਂਦੀ ਹੈ, ਤਾਂ ਬਾਕੀ ਬਚੇ ਸਮੇਂ ਲਈ ਚੁਣੇ ਹੋਏ ਨੁਮਾਇੰਦਿਆਂ ਦੇ ਅਧਿਕਾਰਾਂ ਨੂੰ ਸੀਮਤ ਕਰਨਾ ਜਾਂ ਉੱਥੇ ਜ਼ਬਰਦਸਤੀ ਰਾਸ਼ਟਰਪਤੀ ਸ਼ਾਸਨ ਠੋਸਣਾ ਲੋਕਤੰਤਰੀ ਜਨਾਦੇਸ਼ ਦਾ ਅਪਮਾਨ ਹੋਵੇਗਾ। ਇਸ ਤੋਂ ਇਲਾਵਾ, ਸੰਵਿਧਾਨ ਦੀਆਂ ਕਈ ਮੂਲ ਧਾਰਾਵਾਂ (ਜਿਵੇਂ ਧਾਰਾ 83, 85, 172 ਅਤੇ 174) ਵਿਚ ਰੱਦੋ-ਬਦਲ ਕਰਨ ਲਈ ਘੱਟੋ-ਘੱਟ ਅੱਧੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੀ ਮਨਜ਼ੂਰੀ ਲਾਜ਼ਮੀ ਹੈ, ਪਰ ਸਰਕਾਰ ਰਾਜਾਂ ਦੇ ਅਧਿਕਾਰਾਂ ਨੂੰ ਨਜ਼ਰਅੰਦਾਜ਼ ਕਰਕੇ ਸੁਪਰੀਮ ਕੋਰਟ ਦੇ ਸੰਵਿਧਾਨਕ ਫ਼ੈਸਲਿਆਂ ਦੀ ਉਲੰਘਣਾ ਕਰ ਰਹੀ ਹੈ।

ਦੂਜੇ ਪਾਸੇ, ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਕਮੇਟੀ ਨੇ ਦੋ-ਚਰਣੀ ਚੋਣਾਂ ਦੀ ਸਿਫਾਰਸ਼ ਕੀਤੀ ਗਈ ਹੈ- ਪਹਿਲਾਂ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਅਤੇ 100 ਦਿਨਾਂ ਦੇ ਅੰਦਰ ਨਗਰ ਨਿਗਮਾਂ ਤੇ ਪੰਚਾਇਤਾਂ ਦੀਆਂ ਚੋਣਾਂ। ਕਮੇਟੀ ਦਾ ਦਾਅਵਾ ਹੈ ਕਿ ਇਸ ਨਾਲ ਦੇਸ਼ ਭਰ ਵਿਚ ਇੱਕੋ ਹੀ ਵੋਟਰ ਸੂਚੀ ਹੋਵੇਗੀ ਅਤੇ ਖਜ਼ਾਨੇ ਦੇ ਪੈਸੇ ਦੀ ਬਚਤ ਹੋਵੇਗੀ। ਕਮੇਟੀ ਨੇ 20,000 ਤੋਂ ਵੱਧ ਸੁਝਾਅ ਪ੍ਰਾਪਤ ਹੋਣ ਦਾ ਦਾਅਵਾ ਵੀ ਕੀਤਾ, ਪਰ ਆਲੋਚਕਾਂ ਅਨੁਸਾਰ ਇਹ ਸਮੁੱਚੀ ਪ੍ਰਕਿਰਿਆ ਵਿਆਪਕ ਜਨ-ਭਾਗੀਦਾਰੀ ਤੋਂ ਬਿਨਾਂ ਮਹਿਜ਼ ਇੱਕਤਰਫ਼ਾ ਰਹੀ।

ਪੈਸੇ ਦੀ ਬਚਤ ਦੇ ਦਾਅਵਿਆਂ ਦੇ ਉਲਟ, ਪ੍ਰਸ਼ਾਸਨਿਕ ਅਤੇ ਅਮਲੀ ਤੌਰ 'ਤੇ ਵੀ ਇਹ ਪ੍ਰਸਤਾਵ ਕਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰਦਾ ਹੈ।

ਦੇਸ਼ ਭਰ ਵਿਚ ਇੱਕੋ ਸਮੇਂ ਚੋਣਾਂ ਕਰਵਾਉਣ ਲਈ ਕਰੋੜਾਂ ਦੀ ਗਿਣਤੀ ਵਿਚ ਨਵੀਆਂ ਈ.ਵੀ.ਐੱਮ. ਅਤੇ ਵੀ.ਵੀ.ਪੀ.ਏ.ਟੀ. ਮਸ਼ੀਨਾਂ ਦੀ ਲੋੜ ਪਵੇਗੀ। ਇਨ੍ਹਾਂ ਮਸ਼ੀਨਾਂ ਦੀ ਖਰੀਦਦਾਰੀ ਅਤੇ ਹਰ 15-20 ਸਾਲਾਂ ਬਾਅਦ ਇਨ੍ਹਾਂ ਨੂੰ ਬਦਲਣ ਉੱਤੇ ਸਰਕਾਰੀ ਖਜ਼ਾਨੇ 'ਤੇ ਅਰਬਾਂ ਰੁਪਏ ਦਾ ਵਾਧੂ ਬੋਝ ਪਵੇਗਾ, ਜੋ ਬਚਤ ਦੇ ਦਾਅਵੇ ਨੂੰ ਨਕਾਰਦਾ ਹੈ।

ਇੱਕੋ ਸਮੇਂ ਪੂਰੇ ਦੇਸ਼ ਵਿਚ ਚੋਣਾਂ ਕਰਵਾਉਣ ਲਈ ਕੇਂਦਰੀ ਵੈਧਾਨਿਕ ਅਤੇ ਸੁਰੱਖਿਆ ਬਲਾਂ ਦੀ ਬਹੁਤ ਵੱਡੀ ਗਿਣਤੀ ਵਿਚ ਤੈਨਾਤੀ ਕਰਨੀ ਪਵੇਗੀ। ਇਸ ਨਾਲ ਦੇਸ਼ ਦੀਆਂ ਸਰਹੱਦਾਂ ਅਤੇ ਅੰਦਰੂਨੀ ਸੁਰੱਖਿਆ ਨਾਲ ਸਮਝੌਤਾ ਹੋਣ ਦਾ ਖਤਰਾ ਬਣਿਆ ਰਹੇਗਾ।

ਵੱਖ-ਵੱਖ ਸਮਿਆਂ 'ਤੇ ਹੁੰਦੀਆਂ ਚੋਣਾਂ ਸਰਕਾਰ ਨੂੰ ਆਮ ਜਨਤਾ ਅਤੇ ਸਥਾਨਕ ਮੁੱਦਿਆਂ ਪ੍ਰਤੀ ਲਗਾਤਾਰ ਜਵਾਬਦੇਹ ਰੱਖਦੀਆਂ ਹਨ। ਜੇਕਰ ਚੋਣਾਂ 5 ਸਾਲਾਂ ਵਿਚ ਸਿਰਫ਼ ਇੱਕ ਵਾਰ ਹੀ ਹੋਣਗੀਆਂ, ਤਾਂ ਚੁਣੀਆਂ ਹੋਈਆਂ ਸਰਕਾਰਾਂ ਪੰਜ ਸਾਲਾਂ ਲਈ ਜਨਤਕ ਸਮੱਸਿਆਵਾਂ ਅਤੇ ਮਹਿੰਗਾਈ ਵਰਗੇ ਮੁੱਦਿਆਂ ਤੋਂ ਬੇਫ਼ਿਕਰ ਹੋ ਕੇ ਮਨਮਰਜ਼ੀ ਕਰਨ ਲੱਗ ਪੈਣਗੀਆਂ।

ਇਤਿਹਾਸਕ ਤੌਰ 'ਤੇ 1951-52 ਤੋਂ 1967 ਤੱਕ ਦੇਸ਼ ਵਿਚ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਸਮੇਂ ਹੁੰਦੀਆਂ ਸਨ, ਪਰ 1960 ਦੇ ਦਹਾਕੇ ਦੇ ਅਖੀਰ ਵਿਚ ਕਈ ਰਾਜਾਂ ਵਿਚ ਸਰਕਾਰਾਂ ਦੇ ਭੰਗ ਹੋਣ ਨਾਲ ਇਹ ਸਿਲਸਿਲਾ ਟੁੱਟ ਗਿਆ ਸੀ। ਅੱਜ ਭਾਰਤ ਦੀ ਰਾਜਨੀਤਿਕ ਸਥਿਤੀ ਬਹੁਤ ਵੱਖਰੀ ਹੈ। ਰਾਸ਼ਟਰੀ ਚੋਣਾਂ ਦੇ ਮੁੱਦੇ (ਵਿਦੇਸ਼ ਨੀਤੀ, ਰਾਸ਼ਟਰੀ ਸੁਰੱਖਿਆ) ਅਤੇ ਰਾਜਾਂ ਦੀਆਂ ਚੋਣਾਂ ਦੇ ਮੁੱਦੇ (ਸਥਾਨਕ ਵਿਕਾਸ, ਰੋਜ਼ਗਾਰ) ਬਿਲਕੁਲ ਵੱਖਰੇ ਹੁੰਦੇ ਹਨ। ਇੱਕੋ ਸਮੇਂ ਚੋਣਾਂ ਕਰਵਾਉਣ ਨਾਲ ਰਾਸ਼ਟਰੀ ਮੁੱਦਿਆਂ ਦੀ ਲਹਿਰ ਹੇਠ ਖੇਤਰੀ ਪਾਰਟੀਆਂ ਅਤੇ ਸਥਾਨਕ ਸਮੱਸਿਆਵਾਂ ਦੱਬ ਕੇ ਰਹਿ ਜਾਣਗੀਆਂ।

ਇਸ ਤੋਂ ਵੀ ਵੱਡਾ ਦੁਖਾਂਤ ਇਹ ਹੈ ਕਿ ਹਿੰਦੁਸਤਾਨ ਦੀ ਸਰਕਾਰ ਨੇ ਸਿੱਖਿਆ ਸੁਧਾਰਾਂ ਦੀਆਂ ਗੱਲਾਂ ਕਰਨ ਲਈ 'ਜੈਨ-ਜ਼ੈਡ' ਦੇ ਬਿੱਲੇ 'ਤੇ ਕਾਨੂੰਨ ਤਾਂ ਬਣਾ ਦਿੱਤੇ, ਪਰ ਸਿੱਖਿਆ ਦੇ ਵਿਚ ਸਹੀ ਢੰਗ ਨਾਲ ਜਿਹੜੀ ਤਬਦੀਲੀ ਲਿਆਉਣੀ ਸੀ, ਉਹਦੀ ਕੋਈ ਗੱਲ ਨਹੀਂ ਕੀਤੀ। ਇਹ ਸੱਤਾਧਾਰੀ ਧਿਰ ਜਲ, ਜੰਗਲ ਅਤੇ ਜ਼ਮੀਨ ਦੇ ਮੁੱਦਿਆਂ ਨੂੰ ਛੱਡੀ ਬੈਠੀ ਹੈ। ਯੇਲ ਯੂਨੀਵਰਸਿਟੀ ਦੇ 'ਵਾਤਾਵਰਨ ਪ੍ਰਦਰਸ਼ਨ ਸੂਚਕਾਂਕ' (ਈ.ਪੀ.ਆਈ.) ਅਨੁਸਾਰ 180 ਦੇਸ਼ਾਂ ਦੀ ਸੂਚੀ ਵਿਚ ਭਾਰਤ ਹੇਠਲੇ 176ਵੇਂ ਦਰਜੇ ਉੱਤੇ ਹੈ। 'ਵੰਦੇ ਮਾਤਰਮ' ਵਿਚ ਜਿਨ੍ਹਾਂ ਨਦੀਆਂ, ਹਵਾਵਾਂ ਅਤੇ ਹਰਿਆਵਲ ਦਾ ਗੁਣਗਾਣ ਕੀਤਾ ਜਾਂਦਾ ਹੈ, ਅੱਜ ਸਾਡੇ ਸ਼ਹਿਰ, ਪਿੰਡ ਅਤੇ ਨਦੀਆਂ ਜ਼ਹਿਰੀਲੀਆਂ ਹੋ ਚੁੱਕੀਆਂ ਹਨ। ਉਸ ਪ੍ਰਤੀ ਸਰਕਾਰ ਕਦੇ ਵੀ ਸੰਜੀਦਾ ਨਹੀਂ।

ਮੌਜੂਦਾ ਸਰਕਾਰ ਐਕਸਪ੍ਰੈੱਸ-ਵੇਅ ਦੀ ਤੇਜ਼ ਰਫ਼ਤਾਰ ਦੇ ਨਾਲ-ਨਾਲ ਕਤਾਰ ਵਿਚ ਖੜ੍ਹੇ ਆਖਰੀ ਇਨਸਾਨ ਦਾ ਹੱਥ ਫੜਨਾ ਭੁੱਲ ਚੁੱਕੀ ਹੈ। ਦੇਸ਼ ਦੀ ਉਡਾਣ ਲਈ ਕਾਰਖਾਨਿਆਂ ਦੀ ਜਿੰਨੀ ਜ਼ਰੂਰਤ ਹੈ, ਉਤਨੀ ਹੀ ਜ਼ਰੂਰਤ ਅੰਨਦਾਤਿਆਂ ਦੇ ਚਿਹਰਿਆਂ ਉੱਤੇ ਸਕੂਨ ਦੇਖਣ ਦੀ ਵੀ ਹੈ। ਚਮਕਦੇ ਬੁਨਿਆਦੀ ਢਾਂਚੇ ਅਤੇ ਲਹਿਲਹਾਉਂਦੇ ਖੇਤਾਂ ਦੇ ਵਿਚਕਾਰ ਦਾ ਮਾਨਵੀ ਸੰਤੁਲਨ ਹੀ ਇੱਕ ਨਿਆਂਪੂਰਵਕ ਅਤੇ ਤਾਕਤਵਰ ਭਾਰਤ ਦੀ ਨੀਂਹ ਮਜ਼ਬੂਤ ਕਰ ਸਕਦਾ ਹੈ। ਪਰ ਸਰਕਾਰ ਇਨ੍ਹਾਂ ਮਸਲਿਆਂ ਪ੍ਰਤੀ ਚੁੱਪ ਹੈ।

ਨਿਰਸੰਦੇਹ, ਲੋਕਤੰਤਰ ਦੀ ਅਸਲੀ ਮਜ਼ਬੂਤੀ ਚੋਣਾਂ ਦੀ ਤਾਰੀਖ਼ ਜਾਂ ਕੈਲੰਡਰ ਬਦਲਣ ਨਾਲ ਨਹੀਂ, ਸਗੋਂ ਰਾਜਨੀਤੀ ਵਿਚੋਂ ਧਨ-ਬਲ ਤੇ ਅਪਰਾਧ ਨੂੰ ਬਾਹਰ ਕੱਢਣ, ਸੰਘੀ ਢਾਂਚੇ ਨੂੰ ਬਚਾਉਣ, ਖੇਤਰੀ ਆਵਾਜ਼ਾਂ ਦਾ ਸਤਿਕਾਰ ਕਰਨ ਅਤੇ ਆਮ ਨਾਗਰਿਕ ਨੂੰ ਇਨਸਾਫ਼ ਦੇਣ ਨਾਲ ਹੀ ਸੰਭਵ ਹੈ। ਪਰ ਜਦੋਂ ਲੋਕ ਹਿੱਤਾਂ ਦੇ ਉਲਟ ਕਾਨੂੰਨ ਬਣਨਗੇ, ਉਦੋਂ ਲੋਕਤੰਤਰ ਵੀ ਕਮਜ਼ੋਰ ਹੋਏਗਾ ਅਤੇ ਆਮ ਆਦਮੀ ਨਿਆਂ ਤੋਂ ਸੱਖਣਾ ਹੋਏਗਾ।

# ਟੈਰਿਫਾਂ ਦਾ ਬਿੱਲ ਆਖ਼ਰ ਕੌਣ ਭਰਦਾ ਹੈ? ਅਮਰੀਕੀ ਪਰਿਵਾਰਾਂ ਦੀ ਜੇਬ ਤੋਂ 3 ਨਵੰਬਰ ਦੀਆਂ ਮੱਧਕਾਲੀ ਚੋਣਾਂ ਤੱਕ ਪਹੁੰਚਦਾ ਆਰਥਿਕ ਝਟਕਾ





ਗੁਰਜਤਿੰਦਰ ਸਿੰਘ ਰੰਧਾਵਾ
ਮੁੱਖ ਸੰਪਾਦਕ, ਪੰਜਾਬ ਮੇਲ ਯੂ.ਐੱਸ.ਏ.
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA

ਰਾਸ਼ਟਰਪਤੀ ਡੋਨਾਲਡ ਟਰੰਪ ਟੈਰਿਫਾਂ ਨੂੰ ਅਮਰੀਕੀ ਉਦਯੋਗ ਦੀ ਰੱਖਿਆ, ਵਿਦੇਸ਼ੀ ਦੇਸ਼ਾਂ ਤੋਂ ਬਿਹਤਰ ਵਪਾਰਕ ਸ਼ਰਤਾਂ ਲੈਣ ਅਤੇ ਫੈਡਰਲ ਖ਼ਜ਼ਾਨੇ ਲਈ ਆਮਦਨ ਪੈਦਾ ਕਰਨ ਦਾ ਹਥਿਆਰ ਦੱਸਦੇ ਹਨ। ਪਰ ਆਮ ਅਮਰੀਕੀ ਲਈ ਸਭ ਤੋਂ ਮਹੱਤਵਪੂਰਨ ਸਵਾਲ ਇਹ ਹੈ ਕਿ ਸਰਹੱਦ ਉੱਤੇ ਲਾਇਆ ਗਿਆ ਇਹ ਟੈਕਸ ਆਖ਼ਰ ਭਰਦਾ ਕੌਣ ਹੈ। ਕਾਨੂੰਨੀ ਤੌਰ ਉੱਤੇ ਟੈਰਿਫ ਵਿਦੇਸ਼ੀ ਸਰਕਾਰ ਨਹੀਂ ਭਰਦੀ; ਅਮਰੀਕਾ ਵਿੱਚ ਸਮਾਨ ਲਿਆਉਣ ਵਾਲਾ ਆਯਾਤਕਾਰ ਕਸਟਮ ਵਿਭਾਗ ਨੂੰ ਇਹ ਰਕਮ ਅਦਾ ਕਰਦਾ ਹੈ। ਫਿਰ ਉਹ ਕੰਪਨੀ ਇਸ ਖ਼ਰਚੇ ਦਾ ਕੁਝ ਹਿੱਸਾ ਆਪਣੇ ਮੁਨਾਫ਼ੇ ਵਿਚੋਂ ਸਹਿੰਦੀ ਹੈ, ਵਿਦੇਸ਼ੀ ਸਪਲਾਇਰ ਤੋਂ ਘੱਟ ਕੀਮਤ ਮੰਗਦੀ ਹੈ ਜਾਂ ਜ਼ਿਆਦਾਤਰ ਹਿੱਸਾ ਥੋਕ ਵਿਕਰੇਤਾ, ਦੁਕਾਨਦਾਰ ਅਤੇ ਅੰਤ ਵਿਚ ਗਾਹਕ ਉੱਤੇ ਪਾ ਦਿੰਦੀ ਹੈ। ਇਸੇ ਲਈ ਟੈਰਿਫ ਸਿਰਫ਼ ਵਪਾਰ ਨੀਤੀ ਨਹੀਂ, ਸਗੋਂ ਰੋਜ਼ਾਨਾ ਜੀਵਨ ਨਾਲ ਜੁੜਿਆ ਅਪਰੋਖ ਟੈਕਸ ਬਣ ਜਾਂਦਾ ਹੈ।

ਯੇਲ ਯੂਨੀਵਰਸਿਟੀ ਦੀ ਬਜਟ ਲੈਬ ਦੇ ਅੰਦਾਜ਼ੇ ਅਨੁਸਾਰ ਅਮਰੀਕਾ ਦੀ ਮੌਜੂਦਾ ਔਸਤ ਕਾਨੂੰਨੀ ਟੈਰਿਫ ਦਰ ਲਗਭਗ 11 ਫ਼ੀਸਦੀ ਹੈ ਅਤੇ ਤਹਿ ਵਾਧਿਆਂ ਨਾਲ ਸਾਲ ਦੇ ਅੰਤ ਤੱਕ 11.8 ਫ਼ੀਸਦੀ ਹੋ ਸਕਦੀ ਹੈ। ਮੌਜੂਦਾ ਨੀਤੀ ਨਾਲ ਖਪਤਕਾਰ ਕੀਮਤਾਂ ਦਾ ਪੱਧਰ ਲਗਭਗ 0.7 ਫ਼ੀਸਦੀ ਉੱਪਰ ਜਾਣ ਅਤੇ ਔਸਤ ਪਰਿਵਾਰ ਉੱਤੇ ਸਾਲਾਨਾ ਕਰੀਬ 1,100 ਡਾਲਰ ਦਾ ਭਾਰ ਪੈਣ ਦਾ ਅੰਦਾਜ਼ਾ ਹੈ। ਦਸ ਸਾਲਾਂ ਵਿਚ ਸਰਕਾਰ ਨੂੰ ਲਗਭਗ 1.9 ਟ੍ਰਿਲੀਅਨ ਡਾਲਰ ਮਾਲੀਆ ਮਿਲ ਸਕਦਾ ਹੈ, ਪਰ ਇਹ ਗਿਣਤੀ ਆਰਥਿਕ ਵਿਕਾਸ ਦਾ ਨੁਕਸਾਨ ਘਟਾ ਕੇ ਕੀਤੀ ਗਈ ਹੈ। ਐਲਾਨੀ ਅਤੇ ਅਸਲ ਪ੍ਰਭਾਵੀ ਦਰ ਇੱਕੋ ਨਹੀਂ ਹੁੰਦੀਆਂ, ਕਿਉਂਕਿ ਕੰਪਨੀਆਂ ਸਪਲਾਇਰ ਬਦਲਦੀਆਂ ਜਾਂ ਘੱਟ ਟੈਰਿਫ ਵਾਲੇ ਦੇਸ਼ਾਂ ਵੱਲ ਜਾਂਦੀਆਂ ਹਨ। ਫਿਰ ਵੀ ਨਵੀਂ ਸਪਲਾਈ ਲੜੀ, ਵੱਧ ਢੁਆਈ ਅਤੇ ਘੱਟ ਚੋਣ ਦੀ ਕੀਮਤ ਗਾਹਕ ਹੀ ਭਰਦਾ ਹੈ।

ਬਾਹਰੋਂ ਆਉਣ ਵਾਲੇ ਕੱਪੜੇ, ਜੁੱਤੇ, ਖਿਡੌਣੇ, ਮੋਬਾਈਲ ਫੋਨ, ਕੰਪਿਊਟਰ, ਟੈਲੀਵਿਜ਼ਨ, ਘਰੇਲੂ ਉਪਕਰਣ, ਫਰਨੀਚਰ, ਦਵਾਈਆਂ ਦੇ ਕੁਝ ਕੱਚੇ ਪਦਾਰਥ, ਮਸ਼ੀਨੀ ਸੰਦ ਅਤੇ ਤਿਆਰ ਖ਼ੁਰਾਕ ਸਭ ਤੋਂ ਪਹਿਲਾਂ ਪ੍ਰਭਾਵਿਤ ਹੋ ਸਕਦੇ ਹਨ। ਪਰ ਨੁਕਸਾਨ ਸਿਰਫ਼ ਉਸ ਵਸਤੂ ਤੱਕ ਸੀਮਤ ਨਹੀਂ ਰਹਿੰਦਾ, ਜਿਸ ਉੱਤੇ ਸਿੱਧਾ ਟੈਰਿਫ ਲੱਗਿਆ ਹੋਵੇ। ਅਮਰੀਕਾ ਵਿਚ ਬਣੇ ਫਰਿੱਜ, ਗੱਡੀ, ਖੇਤੀ ਮਸ਼ੀਨ ਜਾਂ ਘਰ ਵਿਚ ਵੀ ਵਿਦੇਸ਼ੀ ਚਿਪ, ਮੋਟਰ, ਸਟੀਲ, ਐਲੂਮੀਨੀਅਮ, ਤਾਰ, ਬੈਟਰੀ ਜਾਂ ਹੋਰ ਪੁਰਜ਼ਾ ਵਰਤਿਆ ਹੋ ਸਕਦਾ ਹੈ। ਜਦੋਂ ਪੁਰਜ਼ਾ ਮਹਿੰਗਾ ਹੁੰਦਾ ਹੈ, ਤਾਂ "ਮੇਡ ਇਨ ਅਮੈਰਿਕਾ" ਵਸਤੂ ਦੀ ਲਾਗਤ ਵੀ ਵਧਦੀ ਹੈ। ਵੱਡੀਆਂ ਕੰਪਨੀਆਂ ਕੁਝ ਸਮੇਂ ਲਈ ਮੁਨਾਫ਼ਾ ਘਟਾ ਸਕਦੀਆਂ ਹਨ, ਪਰ ਛੋਟੇ ਕਾਰੋਬਾਰਾਂ ਕੋਲ ਇਹ ਸਮਰੱਥਾ ਘੱਟ ਹੁੰਦੀ ਹੈ। ਉਹ ਕੀਮਤ ਵਧਾਉਂਦੇ, ਕਰਮਚਾਰੀ ਘਟਾਉਂਦੇ, ਨਵੀਂ ਭਰਤੀ ਰੋਕਦੇ ਜਾਂ ਕੁਝ ਵਸਤੂਆਂ ਵੇਚਣੀਆਂ ਹੀ ਬੰਦ ਕਰ ਦਿੰਦੇ ਹਨ।

ਟੈਰਿਫ ਦਾ ਅਸਰ ਦੁਕਾਨ ਉੱਤੇ ਇੱਕੋ ਦਿਨ ਨਹੀਂ ਦਿਖਾਈ ਦਿੰਦਾ। ਪੁਰਾਣਾ ਮਾਲ, ਪਹਿਲਾਂ ਦੇ ਠੇਕੇ ਅਤੇ ਗਾਹਕ ਗੁਆਉਣ ਦਾ ਡਰ ਵਾਧੇ ਨੂੰ ਕੁਝ ਸਮਾਂ ਰੋਕਦੇ ਹਨ। ਫੈਡਰਲ ਰਿਜ਼ਰਵ ਦੇ ਅਧਿਐਨਾਂ ਅਨੁਸਾਰ 2025 ਦਾ ਕੀਮਤੀ ਦਬਾਅ ਧੀਰੇ-ਧੀਰੇ ਵਧਿਆ। ਚੀਨ ਤੋਂ ਆਉਣ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਦਸੰਬਰ ਤੱਕ ਸਾਲਾਨਾ 8.5 ਫ਼ੀਸਦੀ ਵਧੀਆਂ ਅਤੇ ਖਪਤਕਾਰਾਂ ਤੱਕ ਲਾਗਤ ਪਹੁੰਚਣ ਦੀ ਦਰ ਘੱਟੋ-ਘੱਟ 30 ਫ਼ੀਸਦੀ ਰਹੀ। ਇੱਕ ਹੋਰ ਅਧਿਐਨ ਵਿਚ ਵੱਧ ਪ੍ਰਭਾਵਿਤ ਸ਼੍ਰੇਣੀਆਂ ਦੀਆਂ ਕੀਮਤਾਂ 1 ਤੋਂ 2 ਫ਼ੀਸਦੀ ਵਧੀਆਂ, ਜਦਕਿ ਖ਼ਰੀਦ ਲਗਭਗ 4 ਫ਼ੀਸਦੀ ਘਟੀ। ਪਰਿਵਾਰਾਂ ਨੇ ਗੈਰ-ਜ਼ਰੂਰੀ ਖ਼ਰਚ ਘਟਾਇਆ ਅਤੇ ਸਸਤੇ ਬ੍ਰਾਂਡ ਚੁਣੇ।

ਇਸੇ ਕਾਰਨ ਟੈਰਿਫ ਨੂੰ ਪਿੱਛੇ ਵੱਲ ਮਾਰ ਕਰਨ ਵਾਲਾ, ਅਰਥਾਤ ਰਿਗਰੈਸਿਵ ਟੈਕਸ ਕਿਹਾ ਜਾਂਦਾ ਹੈ। ਅਮੀਰ ਪਰਿਵਾਰ ਡਾਲਰਾਂ ਵਿਚ ਵੱਧ ਖ਼ਰਚ ਕਰ ਸਕਦਾ ਹੈ, ਪਰ ਖਾਣੇ, ਕੱਪੜਿਆਂ, ਜੁੱਤਿਆਂ, ਸਕੂਲੀ ਸਮਾਨ ਅਤੇ ਘਰੇਲੂ ਜ਼ਰੂਰਤਾਂ ਉੱਤੇ ਘੱਟ ਆਮਦਨ ਵਾਲਾ ਪਰਿਵਾਰ ਆਪਣੀ ਕਮਾਈ ਦਾ ਵੱਡਾ ਹਿੱਸਾ ਲਗਾਉਂਦਾ ਹੈ। ਉਸ ਲਈ 20 ਜਾਂ 50 ਡਾਲਰ ਦਾ ਮਹੀਨਾਵਾਰ ਵਾਧਾ ਵੀ ਬਜਟ ਹਿਲਾ ਸਕਦਾ ਹੈ। ਟੈਰਿਫ ਨਾਲ ਇਨਕਮ ਟੈਕਸ ਦੀ ਦਰ ਆਪਣੇ ਆਪ ਨਹੀਂ ਵਧਦੀ, ਪਰ ਕਸਟਮ ਉੱਤੇ ਦਿੱਤੀ ਰਕਮ ਫੈਡਰਲ ਟੈਕਸ ਹੀ ਹੈ। ਸਰਕਾਰ ਇਸ ਆਮਦਨ ਨਾਲ ਘਾਟਾ ਘਟਾ ਸਕਦੀ ਜਾਂ ਹੋਰ ਟੈਕਸ ਕਟੌਤੀਆਂ ਦੀ ਲਾਗਤ ਪੂਰੀ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ, ਪਰ ਖ਼ਜ਼ਾਨੇ ਵਿਚ ਆਇਆ ਹਰ ਡਾਲਰ ਦੇਸ਼ ਲਈ ਨਵੀਂ ਮੁਫ਼ਤ ਦੌਲਤ ਨਹੀਂ। ਉਹ ਡਾਲਰ ਆਯਾਤਕਾਰ, ਕਾਰੋਬਾਰ ਜਾਂ ਗਾਹਕ ਦੀ ਜੇਬ ਵਿਚੋਂ ਨਿਕਲਿਆ ਹੁੰਦਾ ਹੈ ਅਤੇ ਘੱਟ ਵਿਕਰੀ, ਘੱਟ ਨਿਵੇਸ਼ ਤੇ ਜਵਾਬੀ ਟੈਰਿਫਾਂ ਕਾਰਨ ਕੁੱਲ ਆਰਥਿਕ ਲਾਭ ਹੋਰ ਘੱਟ ਸਕਦਾ ਹੈ।

ਮਹਿੰਗਾਈ ਦੇ ਮਾਮਲੇ ਵਿਚ ਟੈਰਿਫ ਇੱਕ ਵਾਰ ਦੀ ਕੀਮਤ ਛਾਲ ਵੀ ਬਣ ਸਕਦਾ ਹੈ ਅਤੇ ਵਾਰ-ਵਾਰ ਦਰਾਂ ਬਦਲਣ ਨਾਲ ਲੰਮਾ ਦਬਾਅ ਵੀ। ਜੁਲਾਈ 2026 ਵਿਚ ਫੈਡ ਦਾ ਮਨਪਸੰਦ ਪੀ.ਸੀ.ਈ. ਮਹਿੰਗਾਈ ਸੂਚਕ ਸਾਲਾਨਾ 3.7 ਫ਼ੀਸਦੀ ਅਤੇ ਖਾਣੇ-ਊਰਜਾ ਤੋਂ ਬਿਨਾਂ ਕੋਰ ਪੀ.ਸੀ.ਈ. 3.3 ਫ਼ੀਸਦੀ ਰਿਹਾ, ਦੋਵੇਂ 2 ਫ਼ੀਸਦੀ ਦੇ ਟੀਚੇ ਤੋਂ ਕਾਫ਼ੀ ਉੱਪਰ। ਸਾਰੀ ਮਹਿੰਗਾਈ ਦਾ ਦੋਸ਼ ਟੈਰਿਫਾਂ ਨੂੰ ਦੇਣਾ ਗਲਤ ਹੋਵੇਗਾ, ਕਿਉਂਕਿ ਇਰਾਨ ਜੰਗ, ਤੇਲ ਸਪਲਾਈ ਵਿਚ ਰੁਕਾਵਟ ਅਤੇ ਪੈਟਰੋਲ ਦੀਆਂ ਉੱਚੀਆਂ ਕੀਮਤਾਂ ਵੀ ਵੱਡੇ ਕਾਰਨ ਹਨ। ਪਰ ਫੈਡ ਖੋਜ ਅਨੁਸਾਰ ਨਵੰਬਰ 2025 ਤੱਕ ਲਾਗੂ ਟੈਰਿਫਾਂ ਨੇ ਫਰਵਰੀ 2026 ਤੱਕ ਮੁੱਖ ਵਸਤੂਆਂ ਦੇ ਪੀ.ਸੀ.ਈ. ਭਾਅ ਲਗਭਗ 3.1 ਫ਼ੀਸਦੀ ਅਤੇ ਸਮੁੱਚੇ ਕੋਰ ਪੀ.ਸੀ.ਈ. ਨੂੰ ਕਰੀਬ 0.8 ਫ਼ੀਸਦੀ ਉੱਪਰ ਧੱਕਿਆ। ਇਸ ਲਈ ਟੈਰਿਫਾਂ ਨੇ ਪਹਿਲਾਂ ਹੀ ਮੁਸ਼ਕਲ ਮਹਿੰਗਾਈ ਵਿਰੁੱਧ ਲੜਾਈ ਹੋਰ ਔਖੀ ਕੀਤੀ, ਭਾਵੇਂ ਹਾਲੀਆ ਮਹੀਨਿਆਂ ਵਿਚ ਕੁਝ ਪੁਰਾਣੇ ਟੈਰਿਫਾਂ ਦਾ ਪ੍ਰਭਾਵ ਸਥਿਰ ਹੋਇਆ ਹੈ।

ਮਹਿੰਗਾਈ ਉੱਚੀ ਰਹੇ, ਤਾਂ ਫੈਡਰਲ ਰਿਜ਼ਰਵ ਵਿਆਜ ਦਰ ਜਲਦੀ ਘਟਾਉਣ ਤੋਂ ਹਿਚਕਦਾ ਹੈ ਅਤੇ ਲੋੜ ਪੈਣ ਉੱਤੇ ਵਧਾ ਵੀ ਸਕਦਾ ਹੈ। ਫੈਡ ਦੀ ਨੀਤੀ ਦਰ ਇਸ ਸਮੇਂ 3.50 ਤੋਂ 3.75 ਫ਼ੀਸਦੀ ਦੇ ਦਾਇਰੇ ਵਿਚ ਹੈ ਅਤੇ ਜੁਲਾਈ ਦੇ ਮਹਿੰਗਾਈ ਅੰਕੜਿਆਂ ਤੋਂ ਬਾਅਦ ਬਾਜ਼ਾਰ ਨੇ ਸਤੰਬਰ ਵਿਚ ਦਰ ਵਾਧੇ ਦੀ ਸੰਭਾਵਨਾ ਲਗਭਗ 40 ਫ਼ੀਸਦੀ ਮੰਨੀ। ਟੈਰਿਫ ਫੈਡ ਨੂੰ ਮਜਬੂਰ ਨਹੀਂ ਕਰਦਾ, ਪਰ ਜੇ ਉਸ ਨਾਲ ਮਹਿੰਗਾਈ ਅਤੇ ਲੋਕਾਂ ਦੀ ਭਵਿੱਖੀ ਮਹਿੰਗਾਈ ਬਾਰੇ ਉਮੀਦ ਵਧੇ, ਤਾਂ ਦਰਾਂ ਲੰਮਾ ਸਮਾਂ ਉੱਚੀਆਂ ਰਹਿ ਸਕਦੀਆਂ ਹਨ। ਇਸ ਦਾ ਅਸਰ ਕ੍ਰੈਡਿਟ ਕਾਰਡ, ਗੱਡੀ ਕਰਜ਼ੇ, ਕਾਰੋਬਾਰੀ ਲੋਨ, ਨਿਰਮਾਣ ਫਾਇਨੈਂਸ ਅਤੇ ਘਰ ਦੀ ਇਕਵਿਟੀ ਲਾਈਨ ਉੱਤੇ ਪੈਂਦਾ ਹੈ। ਗਾਹਕ ਘੱਟ ਖ਼ਰੀਦਦਾ ਹੈ, ਕਾਰੋਬਾਰ ਵਿਸਥਾਰ ਟਾਲਦਾ ਹੈ ਅਤੇ ਰੁਜ਼ਗਾਰ ਦੀ ਰਫ਼ਤਾਰ ਹੌਲੀ ਹੋ ਸਕਦੀ ਹੈ। ਇਸ ਤਰ੍ਹਾਂ ਇੱਕ ਟੈਰਿਫ ਪਹਿਲਾਂ ਵਸਤੂ ਮਹਿੰਗੀ ਕਰਦਾ ਅਤੇ ਫਿਰ ਉੱਚੀ ਉਧਾਰ ਲਾਗਤ ਰਾਹੀਂ ਦੂਜਾ ਝਟਕਾ ਦੇ ਸਕਦਾ ਹੈ।

ਹਾਊਸਿੰਗ ਉੱਤੇ ਪ੍ਰਭਾਵ ਗੁੰਝਲਦਾਰ ਹੈ। ਲੱਕੜ, ਸਟੀਲ, ਐਲੂਮੀਨੀਅਮ, ਤਾਂਬਾ, ਖਿੜਕੀਆਂ, ਕੈਬਿਨਟ, ਏਅਰ ਕੰਡੀਸ਼ਨਿੰਗ ਯੰਤਰ ਅਤੇ ਘਰੇਲੂ ਉਪਕਰਣ ਮਹਿੰਗੇ ਹੋਣ ਨਾਲ ਨਵਾਂ ਘਰ ਬਣਾਉਣ ਦੀ ਲਾਗਤ ਵਧਦੀ ਹੈ। ਨੈਸ਼ਨਲ ਐਸੋਸੀਏਸ਼ਨ ਆਫ਼ ਹੋਮ ਬਿਲਡਰਜ਼ ਅਨੁਸਾਰ 2024 ਵਿਚ ਨਵੇਂ ਰਿਹਾਇਸ਼ੀ ਨਿਰਮਾਣ ਲਈ ਵਰਤੇ 204 ਅਰਬ ਡਾਲਰ ਦੇ ਸਮਾਨ ਵਿਚੋਂ ਲਗਭਗ 14 ਅਰਬ ਡਾਲਰ, ਅਰਥਾਤ 7 ਫ਼ੀਸਦੀ ਵਿਦੇਸ਼ੋਂ ਆਇਆ ਸੀ। ਬਿਲਡਰ ਮਹਿੰਗਾ ਘਰ ਵੇਚਦਾ, ਸੁਵਿਧਾਵਾਂ ਘਟਾਉਂਦਾ ਜਾਂ ਪ੍ਰਾਜੈਕਟ ਰੋਕਦਾ ਹੈ। ਘੱਟ ਸਪਲਾਈ ਕੀਮਤਾਂ ਅਤੇ ਕਿਰਾਏ ਉੱਤੇ ਉੱਪਰਲਾ ਦਬਾਅ ਪਾਉਂਦੀ ਹੈ। ਦੂਜੇ ਪਾਸੇ ਉੱਚੀ ਮਾਰਗੇਜ ਦਰ ਖ਼ਰੀਦਦਾਰ ਦੀ ਸਮਰੱਥਾ ਅਤੇ ਮੰਗ ਘਟਾ ਸਕਦੀ ਹੈ। ਇਸ ਲਈ ਨਤੀਜਾ ਹਰ ਸ਼ਹਿਰ ਵਿਚ ਇੱਕੋ ਨਹੀਂ—ਘਰ ਬਣਾਉਣਾ ਮਹਿੰਗਾ, ਮਾਸਿਕ ਕਿਸ਼ਤ ਉੱਚੀ ਅਤੇ ਲੈਣ-ਦੇਣ ਘੱਟ ਹੋ ਸਕਦਾ ਹੈ।

ਟਰਾਂਸਪੋਰਟ ਵਿਚ ਅਸਰ ਗੱਡੀ ਖ਼ਰੀਦਣ ਤੋਂ ਕਿਤੇ ਵੱਧ ਹੈ। ਉੱਤਰੀ ਅਮਰੀਕਾ ਦੀ ਆਟੋ ਸਪਲਾਈ ਲੜੀ ਇੰਨੀ ਜੁੜੀ ਹੈ ਕਿ ਇੱਕ ਪੁਰਜ਼ਾ ਕਈ ਵਾਰ ਸਰਹੱਦ ਪਾਰ ਕਰਦਾ ਹੈ। ਕੈਨੇਡੀਅਨ ਵਾਹਨਾਂ ਅਤੇ ਪੁਰਜ਼ਿਆਂ ਦੀ ਮੌਜੂਦਾ 25 ਫ਼ੀਸਦੀ ਦਰ ਨੂੰ 1 ਜਨਵਰੀ 2027 ਤੋਂ 50 ਫ਼ੀਸਦੀ ਕਰਨ ਦੀ ਧਮਕੀ ਨੇ ਚਿੰਤਾ ਵਧਾਈ ਹੈ। ਕੈਨੇਡਾ ਵਿਚ ਬਣੀਆਂ ਗੱਡੀਆਂ 2025 ਦੀ ਅਮਰੀਕੀ ਵਿਕਰੀ ਦਾ ਲਗਭਗ 6 ਫ਼ੀਸਦੀ ਸਨ, ਪਰ ਪੁਰਜ਼ਿਆਂ ਦਾ ਪ੍ਰਭਾਵ ਹੋਰ ਵਿਆਪਕ ਹੈ। ਇਸ ਨਾਲ ਗੱਡੀ, ਮੁਰੰਮਤ ਅਤੇ ਬੀਮੇ ਦੀ ਲਾਗਤ ਵਧ ਸਕਦੀ ਹੈ। ਟਰੱਕ, ਟਾਇਰ ਅਤੇ ਫਲੀਟ ਮਹਿੰਗੇ ਹੋਣ ਨਾਲ ਢੁਆਈ ਦਰ ਵਧਦੀ ਅਤੇ ਉਸ ਦਾ ਹਿੱਸਾ ਕਰਿਆਨੇ ਤੋਂ ਨਿਰਮਾਣ ਸਮੱਗਰੀ ਤੱਕ ਜੁੜ ਜਾਂਦਾ ਹੈ।

ਖੇਤੀਬਾੜੀ ਵੀ ਦੋਹਰੀ ਮਾਰ ਸਹਿੰਦੀ ਹੈ। ਕੈਨੇਡਾ ਤੋਂ ਆਉਣ ਵਾਲੀ ਪੋਟਾਸ਼ ਖਾਦ, ਮਸ਼ੀਨੀ ਪੁਰਜ਼ੇ ਅਤੇ ਊਰਜਾ ਮਹਿੰਗੇ ਹੋਣ ਨਾਲ ਕਿਸਾਨ ਦੀ ਲਾਗਤ ਵਧਦੀ ਹੈ। ਫਿਰ ਕੈਨੇਡਾ, ਚੀਨ ਜਾਂ ਹੋਰ ਦੇਸ਼ ਜਵਾਬੀ ਟੈਰਿਫ ਲਗਾਉਣ ਤਾਂ ਅਮਰੀਕੀ ਸੋਇਆਬੀਨ, ਮੱਕੀ, ਮਾਸ, ਦੁੱਧ ਉਤਪਾਦ, ਫਲ ਅਤੇ ਤਿਆਰ ਖ਼ੁਰਾਕ ਲਈ ਬਾਹਰੀ ਬਾਜ਼ਾਰ ਘੱਟ ਸਕਦਾ ਹੈ। ਕਿਸਾਨ ਨੂੰ ਘੱਟ ਭਾਅ ਮਿਲਦਾ ਹੈ, ਪਰ ਸ਼ਹਿਰੀ ਗਾਹਕ ਨੂੰ ਲਾਜ਼ਮੀ ਨਹੀਂ ਕਿ ਸਸਤਾ ਖਾਣਾ ਮਿਲੇ, ਕਿਉਂਕਿ ਈਂਧਨ, ਖਾਦ, ਪੈਕਿੰਗ, ਪ੍ਰੋਸੈਸਿੰਗ ਅਤੇ ਟਰਾਂਸਪੋਰਟ ਦੀ ਲਾਗਤ ਵਧੀ ਰਹਿੰਦੀ ਹੈ। 8 ਸਤੰਬਰ ਤੋਂ ਕੈਨੇਡਾ ਵੱਲੋਂ ਅਮਰੀਕੀ ਸਮਾਨ ਉੱਤੇ 15, 25 ਅਤੇ 50 ਫ਼ੀਸਦੀ ਦੇ ਜਵਾਬੀ ਟੈਰਿਫ ਲਗਾਉਣ ਦੀ ਯੋਜਨਾ ਨੇ ਖ਼ਾਸ ਕਰਕੇ ਸਰਹੱਦੀ ਅਤੇ ਨਿਰਯਾਤ-ਨਿਰਭਰ ਰਾਜਾਂ ਵਿਚ ਰਾਜਨੀਤਿਕ ਚਿੰਤਾ ਵਧਾਈ ਹੈ।

ਟੈਰਿਫ ਸਮਰਥਕਾਂ ਦੀ ਦਲੀਲ ਵੀ ਹੈ। ਅਮਰੀਕੀ ਸਟੀਲ, ਐਲੂਮੀਨੀਅਮ, ਸੈਮੀਕੰਡਕਟਰ ਅਤੇ ਰਣਨੀਤਕ ਉਦਯੋਗਾਂ ਨੂੰ ਬਚਾਅ ਮਿਲ ਸਕਦਾ ਅਤੇ ਕੰਪਨੀਆਂ ਦੇਸੀ ਉਤਪਾਦਨ ਲਈ ਪ੍ਰੇਰਿਤ ਹੋ ਸਕਦੀਆਂ ਹਨ। ਇਹ ਵਪਾਰ ਗੱਲਬਾਤ ਵਿਚ ਦਬਾਅ ਦਾ ਸਾਧਨ ਵੀ ਹੈ। ਪਰ ਫੈਕਟਰੀ ਅਤੇ ਸਪਲਾਈ ਲੜੀ ਬਣਨ ਨੂੰ ਸਾਲ ਲੱਗਦੇ ਹਨ, ਜਦਕਿ ਟੈਕਸ ਤੁਰੰਤ ਲੱਗਦਾ ਹੈ। ਸਟੀਲ ਕੰਪਨੀ ਨੂੰ ਰੱਖਿਆ ਮਿਲ ਸਕਦੀ ਹੈ, ਪਰ ਸਟੀਲ ਵਰਤਣ ਵਾਲੇ ਉਦਯੋਗ ਦੀ ਲਾਗਤ ਵਧਦੀ ਹੈ। ਇਸ ਲਈ ਕੁਝ ਖੇਤਰ ਨੌਕਰੀਆਂ ਜੋੜਦੇ ਅਤੇ ਹੋਰ ਨੌਕਰੀਆਂ, ਨਿਰਯਾਤ ਜਾਂ ਮੁਨਾਫ਼ਾ ਗੁਆਉਂਦੇ ਹਨ। ਅਨਿਸ਼ਚਿਤਤਾ ਵੀ ਵੱਡਾ ਨੁਕਸਾਨ ਹੈ। ਦਰਾਂ ਵਾਰ-ਵਾਰ ਬਦਲਣ ਦੇ ਡਰ ਨਾਲ ਕਾਰੋਬਾਰ ਬਜਟ, ਕੀਮਤ ਅਤੇ ਫੈਕਟਰੀ ਸਥਾਨ ਬਾਰੇ ਫ਼ੈਸਲਾ ਟਾਲਦੇ ਹਨ। ਕੁਝ ਕੰਪਨੀਆਂ ਵੱਧ ਮਾਲ ਮੰਗਵਾ ਕੇ ਨਕਦੀ ਫਸਾਉਂਦੀਆਂ ਅਤੇ ਹੋਰ ਨਿਵੇਸ਼ ਰੋਕਦੀਆਂ ਹਨ। ਵਿਦੇਸ਼ੀ ਖ਼ਰੀਦਦਾਰ ਦੂਜੇ ਦੇਸ਼ ਨਾਲ ਲੰਮਾ ਕਰਾਰ ਕਰ ਲਵੇ, ਤਾਂ ਟੈਰਿਫ ਹਟਣ ਮਗਰੋਂ ਵੀ ਬਾਜ਼ਾਰ ਵਾਪਸ ਲੈਣਾ ਔਖਾ ਹੋ ਸਕਦਾ ਹੈ।

ਇਹ ਆਰਥਿਕ ਹਾਲਾਤ ਹੁਣ 3 ਨਵੰਬਰ 2026 ਦੀਆਂ ਮੱਧਕਾਲੀ ਚੋਣਾਂ ਨਾਲ ਸਿੱਧੇ ਜੁੜ ਗਏ ਹਨ। ਉਸ ਦਿਨ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਦੀਆਂ ਸਾਰੀਆਂ 435 ਸੀਟਾਂ ਲਈ ਵੋਟ ਪਵੇਗੀ ਅਤੇ ਬਹੁਮਤ ਲਈ 218 ਸੀਟਾਂ ਚਾਹੀਦੀਆਂ ਹਨ। ਸੈਨੇਟ ਦੀਆਂ 35 ਸੀਟਾਂ—ਕਲਾਸ ਦੋ ਦੀਆਂ 33 ਨਿਯਮਤ ਅਤੇ ਦੋ ਵਿਸ਼ੇਸ਼ ਚੋਣਾਂ—ਦਾਅ ਉੱਤੇ ਹਨ। ਰਿਪਬਲਿਕਨਾਂ ਕੋਲ ਸੈਨੇਟ ਵਿਚ 53-47 ਦੀ ਬੜ੍ਹਤ ਹੈ; ਇਸ ਲਈ ਡੈਮੋਕ੍ਰੇਟਾਂ ਨੂੰ ਆਪਣੀਆਂ ਸਾਰੀਆਂ ਸੀਟਾਂ ਬਚਾ ਕੇ ਘੱਟੋ-ਘੱਟ ਚਾਰ ਰਿਪਬਲਿਕਨ ਸੀਟਾਂ ਜਿੱਤਣੀਆਂ ਪੈਣਗੀਆਂ, ਕਿਉਂਕਿ 50-50 ਦੀ ਸਥਿਤੀ ਵਿਚ ਉਪ ਰਾਸ਼ਟਰਪਤੀ ਜੇਡੀ ਵੈਂਸ ਫ਼ੈਸਲਾਕੁਨ ਵੋਟ ਦੇ ਸਕਦੇ ਹਨ। ਅਲਾਸਕਾ, ਉੱਤਰੀ ਕੈਰੋਲੀਨਾ, ਓਹਾਇਓ, ਮੇਨ, ਆਇਓਵਾ ਅਤੇ ਟੈਕਸਾਸ ਵਰਗੇ ਮੁਕਾਬਲਿਆਂ ਉੱਤੇ ਕੌਮੀ ਨਜ਼ਰ ਹੈ, ਜਦਕਿ ਡੈਮੋਕ੍ਰੇਟਾਂ ਨੂੰ ਮਿਸ਼ੀਗਨ ਅਤੇ ਜਾਰਜੀਆ ਵਰਗੀਆਂ ਆਪਣੀਆਂ ਸੀਟਾਂ ਵੀ ਬਚਾਉਣੀਆਂ ਹਨ।

ਹਾਊਸ ਵਿਚ ਰਿਪਬਲਿਕਨਾਂ ਦੀ ਬੜ੍ਹਤ ਬਹੁਤ ਘੱਟ ਹੈ, ਪਰ ਨਵੀਂ ਹੱਦਬੰਦੀ ਉਨ੍ਹਾਂ ਨੂੰ ਵਾਧੂ ਸੁਰੱਖਿਆ ਦਿੰਦੀ ਹੈ। ਕੁੱਕ ਪਾਲਿਟੀਕਲ ਰਿਪੋਰਟ ਦੀ 13 ਅਗਸਤ ਰੇਟਿੰਗ ਵਿਚ 205 ਸੀਟਾਂ ਡੈਮੋਕ੍ਰੇਟਾਂ ਵੱਲ, 211 ਰਿਪਬਲਿਕਨਾਂ ਵੱਲ ਅਤੇ 19 ਬਰਾਬਰ ਟੱਕਰ ਵਾਲੀਆਂ ਸਨ; ਇਨ੍ਹਾਂ ਵਿਚੋਂ 15 ਰਿਪਬਲਿਕਨਾਂ ਕੋਲ ਹਨ। ਮਹਿੰਗਾਈ ਵਿਰੋਧੀ ਲਹਿਰ ਨਾਲ ਹਾਊਸ ਖ਼ਤਰੇ ਵਿਚ ਆ ਸਕਦਾ ਹੈ, ਪਰ ਹੱਦਾਂ, ਉਮੀਦਵਾਰ ਅਤੇ ਵੋਟਰ ਹਾਜ਼ਰੀ ਕਾਰਨ ਇਹ ਪੱਕੀ ਜਿੱਤ ਨਹੀਂ। ਡੈਮੋਕ੍ਰੇਟ ਹਾਊਸ ਜਿੱਤਣ, ਤਾਂ ਟਰੰਪ ਦਾ ਕਾਨੂੰਨੀ ਏਜੰਡਾ ਰੁਕ ਅਤੇ ਜਾਂਚਾਂ ਵਧ ਸਕਦੀਆਂ ਹਨ; ਸੈਨੇਟ ਗੁਆਉਣ ਉੱਤੇ ਨਿਯੁਕਤੀਆਂ ਦੀ ਪੁਸ਼ਟੀ ਵੀ ਮੁਸ਼ਕਲ ਹੋਵੇਗੀ।

ਲੋਕ ਰਾਇ ਵਿਚ ਰਿਪਬਲਿਕਨਾਂ ਲਈ ਸਾਫ਼ ਚੇਤਾਵਨੀ ਹੈ, ਪਰ ਪੂਰਾ ਫ਼ੈਸਲਾ ਹਾਲੇ ਨਹੀਂ ਹੋਇਆ। 25 ਅਗਸਤ ਦੇ ਰਾਇਟਰਜ਼-ਇਪਸੋਸ ਸਰਵੇਖਣ ਵਿੱਚ ਜੀਵਨ-ਯਾਪਨ ਦੀ ਲਾਗਤ ਸੰਭਾਲਣ ਲਈ 36 ਫ਼ੀਸਦੀ ਰਜਿਸਟਰਡ ਵੋਟਰਾਂ ਨੇ ਡੈਮੋਕ੍ਰੇਟਾਂ ਅਤੇ 28 ਫ਼ੀਸਦੀ ਨੇ ਰਿਪਬਲਿਕਨਾਂ ਨੂੰ ਚੁਣਿਆ। ਅੱਠ ਅੰਕਾਂ ਦੀ ਇਹ ਬੜ੍ਹਤ ਅਕਤੂਬਰ 2025 ਤੋਂ ਇਸ ਸਵਾਲ ਉੱਤੇ ਡੈਮੋਕ੍ਰੇਟਾਂ ਦੀ ਸਭ ਤੋਂ ਵੱਡੀ ਸੀ। ਫਿਰ ਵੀ 37 ਫ਼ੀਸਦੀ ਨੇ ਕਿਹਾ ਕਿ ਉਹ ਨਿਸ਼ਚਿਤ ਨਹੀਂ ਜਾਂ ਦੋਵੇਂ ਪਾਰਟੀਆਂ ਵਿਚੋਂ ਕਿਸੇ ਨੂੰ ਚੰਗਾ ਨਹੀਂ ਮੰਨਦੇ। ਇਸ ਲਈ ਇਹ ਡੈਮੋਕ੍ਰੇਟਾਂ ਲਈ ਮੌਕਾ ਹੈ, ਜਿੱਤ ਦੀ ਗਾਰੰਟੀ ਨਹੀਂ। ਰਿਪਬਲਿਕਨ ਅਜੇ ਵੀ ਇਮੀਗ੍ਰੇਸ਼ਨ ਅਤੇ ਅਪਰਾਧ ਵਰਗੇ ਮੁੱਦਿਆਂ ਉੱਤੇ ਬੜ੍ਹਤ ਰੱਖਦੇ ਹਨ। ਪਰ ਖਾਣਾ, ਪੈਟਰੋਲ, ਕਿਰਾਇਆ, ਬੀਮਾ ਅਤੇ ਕਿਸ਼ਤ ਉਹ ਖ਼ਰਚ ਹਨ, ਜੋ ਵੋਟਰ ਹਰ ਹਫ਼ਤੇ ਮਹਿਸੂਸ ਕਰਦਾ ਹੈ; ਜੇ ਟੈਰਿਫਾਂ ਦਾ ਨਵਾਂ ਦੌਰ ਕੀਮਤਾਂ ਹੋਰ ਵਧਾਉਂਦਾ ਹੈ, ਤਾਂ ਇਹ ਰਿਪਬਲਿਕਨ ਉਮੀਦਵਾਰਾਂ ਲਈ ਸਭ ਤੋਂ ਔਖਾ ਸਵਾਲ ਬਣ ਸਕਦਾ ਹੈ।

ਟਰੰਪ ਦੀ 33 ਫ਼ੀਸਦੀ ਮਨਜ਼ੂਰੀ ਨੂੰ ਠੀਕ ਸੰਦਰਭ ਵਿਚ ਸਮਝਣਾ ਵੀ ਜ਼ਰੂਰੀ ਹੈ। ਇਹ ਸਿਰਫ਼ ਰਿਪਬਲਿਕਨ ਵੋਟਰਾਂ ਦਾ ਅੰਕੜਾ ਨਹੀਂ, ਸਗੋਂ ਰਾਇਟਰਜ਼-ਇਪਸੋਸ ਦੇ ਕੌਮੀ ਸਰਵੇਖਣ ਵਿਚ ਸਾਰੇ ਬਾਲਗਾਂ ਵਿਚਕਾਰ ਉਨ੍ਹਾਂ ਦੇ ਕੰਮ ਦੀ ਮਨਜ਼ੂਰੀ ਹੈ ਅਤੇ ਉਨ੍ਹਾਂ ਦੇ ਦੋਵੇਂ ਕਾਰਜਕਾਲਾਂ ਵਿਚ ਸਭ ਤੋਂ ਹੇਠਲੇ ਪੱਧਰ ਨਾਲ ਮੇਲ ਖਾਂਦੀ ਹੈ। ਇਸ ਗਿਰਾਵਟ ਵਿਚ ਮਹਿੰਗਾਈ ਦੇ ਨਾਲ ਇਰਾਨ ਜੰਗ ਅਤੇ ਉੱਚੀਆਂ ਪੈਟਰੋਲ ਕੀਮਤਾਂ ਵੀ ਸ਼ਾਮਲ ਹਨ। ਆਜ਼ਾਦ ਵੋਟਰਾਂ ਨੇ ਕਾਂਗਰਸ ਲਈ ਡੈਮੋਕ੍ਰੇਟਾਂ ਨੂੰ ਰਿਪਬਲਿਕਨਾਂ ਉੱਤੇ 33 ਤੋਂ 19 ਫ਼ੀਸਦੀ ਤੱਕ ਤਰਜੀਹ ਦਿੱਤੀ। ਹੋਰ ਮਹੱਤਵਪੂਰਨ ਗੱਲ ਇਹ ਕਿ ਕੇਵਲ ਅੱਧੇ ਰਿਪਬਲਿਕਨ ਵੋਟਰ ਟਰੰਪ ਦੇ ਜੀਵਨ-ਯਾਪਨ ਲਾਗਤ ਸੰਭਾਲਣ ਦੇ ਢੰਗ ਨਾਲ ਸਹਿਮਤ ਸਨ, ਹਾਲਾਂਕਿ ਉਨ੍ਹਾਂ ਦੀ ਸਮੁੱਚੀ ਰਾਸ਼ਟਰਪਤੀ ਕਾਰਗੁਜ਼ਾਰੀ ਨੂੰ ਲਗਭਗ ਦਸ ਵਿਚੋਂ ਅੱਠ ਰਿਪਬਲਿਕਨ ਮਨਜ਼ੂਰ ਕਰਦੇ ਸਨ। ਅਰਥਾਤ ਪਾਰਟੀ ਦਾ ਆਧਾਰ ਟਰੰਪ ਨੂੰ ਛੱਡਿਆ ਨਹੀਂ, ਪਰ ਜੇਬ ਦੇ ਮੁੱਦੇ ਉੱਤੇ ਬੇਚੈਨੀ ਉਸ ਆਧਾਰ ਦੇ ਅੰਦਰ ਵੀ ਪਹੁੰਚ ਚੁੱਕੀ ਹੈ।

ਇਸੇ ਪਿਛੋਕੜ ਵਿਚ ਰਿਪਬਲਿਕਨ ਨੈਸ਼ਨਲ ਕਮੇਟੀ 9 ਅਤੇ 10 ਸਤੰਬਰ ਨੂੰ ਡੈਲਸ ਵਿਚ ਆਪਣੀ ਕਿਸਮ ਦੀ ਪਹਿਲੀ ਮੱਧਕਾਲੀ ਕਨਵੈਨਸ਼ਨ ਕਰ ਰਹੀ ਹੈ। ਇਹ ਰਾਸ਼ਟਰਪਤੀ ਉਮੀਦਵਾਰ ਚੁਣਨ ਵਾਲੀ ਰਵਾਇਤੀ ਕਨਵੈਨਸ਼ਨ ਨਹੀਂ ਅਤੇ ਇਸ ਵਿਚ ਕੋਈ ਲਾਜ਼ਮੀ ਸਰਕਾਰੀ ਪਾਰਟੀ ਕਾਰਵਾਈ ਨਹੀਂ ਹੋਣੀ। ਇਹ ਸਮਾਗਮ ਪਹਿਲਾਂ ਹੀ ਐਲਾਨਿਆ ਗਿਆ ਸੀ, ਇਸ ਲਈ ਇਹ ਕਹਿਣਾ ਸਹੀ ਨਹੀਂ ਕਿ 33 ਫ਼ੀਸਦੀ ਮਨਜ਼ੂਰੀ ਆਉਣ ਤੋਂ ਬਾਅਦ ਹੀ ਬਣਾਇਆ ਗਿਆ। ਪਰ ਹੁਣ ਪਾਰਟੀ ਅਧਿਕਾਰੀ ਇਸ ਨੂੰ ਚੋਣ ਮੁਹਿੰਮ ਦੀ ਰਫ਼ਤਾਰ ਵਾਪਸ ਲਿਆਉਣ ਵਾਲੀ "ਰੈਲੀ ਅਤੇ ਬਚਾਅ ਮੁਹਿੰਮ" ਵਜੋਂ ਦੇਖ ਰਹੇ ਹਨ। 9 ਸਤੰਬਰ ਨੂੰ ਉਪ ਰਾਸ਼ਟਰਪਤੀ ਜੇਡੀ ਵੈਂਸ ਅਤੇ 10 ਸਤੰਬਰ ਨੂੰ ਟਰੰਪ ਮੁੱਖ ਭਾਸ਼ਣ ਦੇਣਗੇ। ਟੈਕਸ ਕਟੌਤੀਆਂ, ਦੱਖਣੀ ਸਰਹੱਦ, ਇਮੀਗ੍ਰੇਸ਼ਨ, ਦਵਾਈਆਂ ਦੀਆਂ ਕੀਮਤਾਂ, ਸਿਹਤ ਨੀਤੀ, ਵਪਾਰ, ਦੇਸੀ ਉਤਪਾਦਨ ਅਤੇ ਕਾਂਗਰਸ ਮੈਂਬਰਾਂ ਦੀ ਸਟਾਕ ਖ਼ਰੀਦ-ਫ਼ਰੋਖ਼ਤ ਉੱਤੇ ਪਾਬੰਦੀ ਵਰਗੇ ਵਿਸ਼ੇ ਉਭਾਰੇ ਜਾਣ ਦੀ ਯੋਜਨਾ ਹੈ। ਡੈਮੋਕ੍ਰੇਟਾਂ ਨੂੰ "ਸੋਸ਼ਲਿਸਟ ਪ੍ਰਭਾਵ" ਹੇਠ ਦਿਖਾਉਣਾ ਵੀ ਮੁੱਖ ਰਾਜਨੀਤਿਕ ਸੁਨੇਹਾ ਹੋਵੇਗਾ।

ਕਨਵੈਨਸ਼ਨ ਰਿਪਬਲਿਕਨ ਆਧਾਰ ਨੂੰ ਉਤਸ਼ਾਹਿਤ ਅਤੇ ਦਾਨ ਇਕੱਠਾ ਕਰ ਸਕਦੀ ਹੈ, ਪਰ ਖ਼ਤਰਾ ਵੀ ਹੈ। ਮੁਕਾਬਲੇ ਵਾਲੇ ਉਮੀਦਵਾਰ ਟਰੰਪ ਨਾਲ ਬਹੁਤ ਨੇੜੇ ਦਿਖਣ ਤੋਂ ਬਚ ਸਕਦੇ ਹਨ। ਜੇ ਮਹਿੰਗਾਈ ਲਈ ਨਵਾਂ ਹੱਲ ਨਾ ਮਿਲਿਆ, ਤਾਂ ਪੁਰਾਣੀਆਂ ਕਾਮਯਾਬੀਆਂ ਗਿਣਾਉਣ ਨਾਲ ਕਰਿਆਨੇ ਦੀ ਰਸੀਦ ਜਾਂ ਮਾਰਗੇਜ ਕਿਸ਼ਤ ਘੱਟ ਨਹੀਂ ਹੋਵੇਗੀ। ਪਰ ਜੇ ਟੈਰਿਫਾਂ ਨੂੰ ਨੌਕਰੀਆਂ, ਰਾਸ਼ਟਰੀ ਸੁਰੱਖਿਆ ਅਤੇ ਨਿਰਪੱਖ ਵਪਾਰ ਨਾਲ ਜੋੜਿਆ ਗਿਆ, ਤਾਂ ਵਫ਼ਾਦਾਰ ਵੋਟਰ ਮੌਜੂਦਾ ਦਰਦ ਨੂੰ ਭਵਿੱਖੀ ਲਾਭ ਲਈ ਕੁਰਬਾਨੀ ਮੰਨ ਸਕਦੇ ਹਨ। ਬਹੁਤੇ ਲੋਕ ਮਕਸਦ ਨਾਲ ਸਹਿਮਤ ਹੋ ਸਕਦੇ ਹਨ, ਪਰ ਕੀਮਤ ਅਤੇ ਅਨਿਸ਼ਚਿਤਤਾ ਤੋਂ ਨਾਰਾਜ਼ ਹਨ।

ਫਿਲਹਾਲ ਟੈਰਿਫ ਇਕੱਲੇ 2026 ਦੀ ਚੋਣ ਦਾ ਫ਼ੈਸਲਾ ਨਹੀਂ ਕਰਨਗੇ, ਪਰ ਮਹਿੰਗਾਈ ਨੂੰ ਤਿੱਖਾ ਕਰਕੇ ਨਤੀਜਾ ਬਦਲ ਸਕਦੇ ਹਨ। ਹਾਊਸ ਵਿਚ ਰਿਪਬਲਿਕਨਾਂ ਦੀ ਘੱਟ ਬੜ੍ਹਤ ਕਾਰਨ ਡੈਮੋਕ੍ਰੇਟਾਂ ਲਈ ਅਸਲ ਮੌਕਾ ਹੈ। ਸੈਨੇਟ ਵਿਚ ਚਾਰ ਸੀਟਾਂ ਦਾ ਸ਼ੁੱਧ ਲਾਭ ਔਖਾ ਹੈ, ਪਰ ਆਇਓਵਾ ਅਤੇ ਟੈਕਸਾਸ ਦਾ ਮੁਕਾਬਲੇ ਵਿਚ ਆਉਣਾ ਨਵਾਂ ਰਸਤਾ ਖੋਲ੍ਹਦਾ ਹੈ। ਜੇ ਸਤੰਬਰ ਅਤੇ ਅਕਤੂਬਰ ਵਿਚ ਖਾਣੇ, ਗੱਡੀਆਂ, ਘਰੇਲੂ ਸਮਾਨ ਅਤੇ ਕਰਜ਼ਾ ਹੋਰ ਮਹਿੰਗੇ ਹੋਏ, ਤਾਂ ਵੋਟਰ ਟੈਰਿਫ ਨੂੰ ਵਿਦੇਸ਼ੀ ਦੇਸ਼ਾਂ ਦੀ ਸਜ਼ਾ ਨਹੀਂ, ਆਪਣੀ ਜੇਬ ਦਾ ਟੈਕਸ ਸਮਝ ਸਕਦਾ ਹੈ। ਜੇ ਕੀਮਤਾਂ ਠੰਢੀਆਂ ਪਈਆਂ ਅਤੇ ਵਪਾਰਕ ਸਮਝੌਤੇ ਹੋਏ ਤਾਂ ਰਿਪਬਲਿਕਨ ਨੁਕਸਾਨ ਘਟਾ ਸਕਦੇ ਹਨ। 3 ਨਵੰਬਰ ਦਾ ਮੁੱਖ ਸਵਾਲ ਇਹੀ ਹੋਵੇਗਾ— ਕੀ ਆਮ ਅਮਰੀਕੀ ਪਰਿਵਾਰ ਦੀ ਜ਼ਿੰਦਗੀ ਸਸਤੀ ਅਤੇ ਸੁਰੱਖਿਅਤ ਹੋਈ ਹੈ ਜਾਂ ਹੋਰ ਮਹਿੰਗੀ ਅਤੇ ਅਨਿਸ਼ਚਿਤ?

## 3 ਸਤੰਬਰ ਨੂੰ ਜਨਮ ਦਿਨ 'ਤੇ ਵਿਸ਼ੇਸ਼

# ਪੰਜਾਬੀ ਦੀ ਲੋਕ ਆਵਾਜ਼ ਦਾ ਚਿਰਾਗ ਉਸਤਾਦ ਦਾਮਨ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਪੰਜਾਬੀ ਸਾਹਿਤ ਦੇ ਵਿਹੜੇ ਵਿਚ ਕੁੱਝ ਅਜਿਹੇ ਕਵੀ ਹੋਏ ਹਨ, ਜਿਨ੍ਹਾਂ ਨੇ ਸਿਰਫ ਕਵਿਤਾ ਹੀ ਨਹੀਂ ਲਿਖੀ, ਸਗੋਂ ਆਪਣੇ ਸਮੇਂ ਦੀ ਹਰ ਧੜਕਣ ਨੂੰ ਸ਼ਬਦ ਦਿੱਤੇ ਹਨ। ਉਸਤਾਦ ਦਾਮਨ ਉਨ੍ਹਾਂ ਵਿਚੋਂ ਇੱਕ ਅਜਿਹਾ ਕਵੀ ਸੀ, ਜਿਸਦੀ ਕਲਮ ਆਮ ਲੋਕਾਂ ਦੇ ਦੁੱਖਾਂ, ਸੁਪਨਿਆਂ, ਹੱਕਾਂ ਅਤੇ ਹਾਕਮਾਂ ਦੀਆਂ ਵਧੀਕੀਆਂ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਆਵਾਜ਼ ਦਿੱਤੀ ਸੀ। ਇਸ ਸਾਧਾਰਣ ਕਵੀ ਅੰਦਰ ਸ਼ਬਦਾਂ ਦੀ ਅਜਿਹੀ ਦੁਨੀਆਂ ਵਸਦੀ ਸੀ, ਜਿਸਨੇ ਉਸਨੂੰ ਲੋਕ ਕਵੀ ਬਣਾ ਦਿੱਤਾ। ਉਸਤਾਦ ਦਾਮਨ ਨੇ ਆਪਣੀ ਕਵਿਤਾ ਵਿਚ ਆਮ ਆਦਮੀ ਦੀ ਬੋਲੀ ਅਤੇ ਉਸਦੇ ਜੀਵਨ ਦੀਆਂ ਹਕੀਕਤਾਂ ਨੂੰ ਕਵਿਤਾ ਦੇ ਰੂਪ ਵਿਚ ਪ੍ਰਗਟਾ ਦਿੱਤਾ ਸੀ। ਉਸਦੀ ਕਵਿਤਾ ਦਾ ਸਭ ਤੋਂ ਵੱਡਾ ਗੁਣ ਉਸਦੀ ਸਿੱਧੀ-ਸਾਦੀ, ਸਪੱਸ਼ਟ ਅਤੇ ਲੋਕ ਮੁਖੀ ਭਾਸ਼ਾ ਸੀ। ਉਹ ਔਖੇ ਸ਼ਬਦਾਂ ਅਤੇ ਬਨਾਵਟੀ ਅਲੰਕਾਰਾਂ ਦੀ ਵਰਤੋਂ ਨਹੀਂ ਕਰਦਾ ਸੀ। ਉਹ ਉਹੀ ਗੱਲ ਲਿਖਦਾ ਸੀ, ਜਿਹੜੀ ਲੋਕਾਂ ਦੇ ਦਿਲ ਵਿਚ ਹੁੰਦੀ ਸੀ। ਉਹ ਪੰਜਾਬੀ ਨੂੰ ਸਿਰਫ ਬੋਲੀ ਹੀ ਨਹੀਂ, ਸਗੋਂ ਪੰਜਾਬ ਦੀ ਪਛਾਣ ਅਤੇ ਲੋਕ ਜੀਵਨ ਦੀ ਰੂਹ ਸਮਝਦੇ ਸਨ। ਦਾਮਨ ਦੀ ਸ਼ਾਇਰੀ ਵਿਚ ਵਿਅੰਗ, ਲੋਕਾਂ ਦਾ ਦਰਦ, ਮੁਹੱਬਤ ਅਤੇ ਬਗ਼ਾਵਤ ਵੀ ਹੈ।

ਉਹ ਬੇਬਾਕ ਸ਼ਾਇਰ ਸੀ। ਇਸ ਕਰਕੇ ਹੀ ਉਸਦੀਆਂ ਕਵਿਤਾਵਾਂ ਜਲਸਿਆਂ, ਜਲੂਸਾਂ ਅਤੇ ਅੰਦੋਲਨਾਂ ਵਿਚ ਪ੍ਰਭਾਵਸ਼ਾਲੀ ਅਸਰ ਪਾ ਜਾਂਦੀਆਂ ਸਨ। ਉਸਨੇ ਆਪਣੀ ਕਲਮ ਦਾ ਕੇਂਦਰ ਬਿੰਦੂ ਗ਼ਰੀਬਾਂ, ਮਜ਼ਦੂਰਾਂ ਅਤੇ ਦੱਬੇ-ਕੁੱਚਲੇ ਲੋਕਾਂ ਨੂੰ ਬਣਾਇਆ। 1947 ਵਿਚ ਦੇਸ਼ ਦੀ ਵੰਡ ਸਮੇਂ ਪੰਜਾਬ ਭਾਵੇਂ ਵੰਡਿਆ ਗਿਆ, ਪ੍ਰੰਤੂ ਪੰਜਾਬੀ ਦਾ ਚੜ੍ਹਦੇ ਅਤੇ ਲਹਿੰਦੇ ਦੋਹਾਂ ਪੰਜਾਬਾਂ ਵਿਚ ਬੋਲਬਾਲਾ ਬਰਕਰਾਰ ਰਿਹਾ ਹੈ। ਕੁੱਝ ਪੰਜਾਬੀ ਵਿਦਵਾਨ ਸ਼ੰਕੇ ਖੜ੍ਹੇ ਕਰ ਰਹੇ ਹਨ ਕਿ ਪੰਜਾਬੀ ਬੋਲੀ ਅਗਲੇ 50 ਸਾਲਾਂ ਵਿਚ ਖ਼ਤਮ ਹੋ ਜਾਵੇਗੀ। ਉਹ ਬੋਲੀ ਕਦੀਂ ਵੀ ਖ਼ਤਮ ਨਹੀਂ ਹੋ ਸਕਦੀ, ਜਿਹੜੀ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੀ ਹੋਈ ਹੋਵੇ। ਪੰਜਾਬੀ ਬੋਲੀ ਜਿਸ ਦਾ ਸੰਬੰਧ ਗੁਰੂਆਂ, ਪੀਰਾਂ, ਫ਼ਕੀਰਾਂ ਅਤੇ ਧਾਰਮਿਕ ਲੋਕਾਂ ਦੀਆਂ ਭਾਵਨਾਵਾਂ ਨਾਲ ਸੰਬੰਧ ਜੁੜਿਆ ਹੋਇਆ ਹੈ। ਪੰਜਾਬੀ ਤਾਂ ਸੰਸਾਰ ਵਿਚ ਫ਼ੈਲੇ ਹੋਏ ਹਨ, ਪਾਕਿਸਤਾਨ ਵਿਚ ਵੀ ਅੱਜਕੱਲ੍ਹ ਪੰਜਾਬੀ ਦੇ ਅਲੰਬਰਦਾਰ ਉਥੇ ਦੇ ਬਾਸ਼ਿੰਦਿਆਂ ਨੂੰ ਪੰਜਾਬੀ ਬੋਲਣ ਤੇ ਪੰਜਾਬੀ ਪਹਿਰਾਵਾ ਪਾਉਣ ਦੀ ਮੁਹਿੰਮ ਚਲਾ ਰਹੇ ਹਨ।

ਦੇਸ਼ ਦੀ ਅਜਿਹੀ ਆਜ਼ਾਦੀ ਨੂੰ ਇਨਸਾਨੀਅਤ ਦੀ ਬਰਬਾਦੀ ਕਿਹਾ ਜਾ ਸਕਦਾ ਹੈ ਕਿਉਂਕਿ ਅਣਗਿਣਤ ਬੇਕਸੂਰ ਇਨਸਾਨਾਂ ਦੇ ਕਤਲਾਂ ਨੇ ਆਜ਼ਾਦੀ ਨੂੰ ਦਾਗ਼ਦਾਰ ਕਰ ਦਿੱਤਾ ਸੀ। ਨਹੁੰ-ਮਾਸ ਦੇ ਰਿਸ਼ਤੇ ਖੇਰੂੰ-ਖੇਰੂੰ ਹੋ ਗਏ ਸਨ। ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀ ਦੇ ਸਾਹਿਤਕਾਰਾਂ ਨੇ ਖ਼ੂਨੀ ਬਿਰਤਾਂਤ ਲਿਖਿਆ ਸੀ। ਪਾਕਿਸਤਾਨ ਜਾ ਕੇ ਵਸੇ ਲੋਕ ਕਵੀ ਉਸਤਾਦ ਦਾਮਨ ਨੇ ਮਨੁੱਖਤਾ ਦੇ ਕਤਲਾਂ ਨੂੰ ਇਨਸਾਨੀਅਤ ਦਾ ਘਾਣ ਦੱਸਦਿਆਂ ਆਪਣੀਆਂ ਭਾਵਪੂਰਤ ਕਵਿਤਾਵਾਂ ਵਿਚ ਸਰਲ ਤੇ ਸਾਦੀ ਬੋਲੀ ਵਿਚ ਲਿਖਿਆ ਸੀ। ਉਸਤਾਦ ਦਾਮਨ, ਜਿਨ੍ਹਾਂ ਦਾ ਨਾਮ ਚਿਰਾਗ ਦੀਨ ਸੀ, ਉਨ੍ਹਾਂ ਨੇ ਆਪਣੇ ਨਾਮ ਨੂੰ ਪੰਜਾਬੀ ਦਾ ਝੰਡਾਬਰਦਾਰ ਬਣਨ ਦਾ ਮਾਣ ਦਿੱਤਾ। ਚਿਰਾਗ ਰੌਸ਼ਨੀ ਦੇਣ ਵਾਲੇ ਦੀਵੇ ਦਾ ਪਵਿੱਤਰ ਨਾਮ ਗਿਣਿਆਂ ਜਾਂਦਾ ਹੈ। ਉਸਤਾਦ ਦਾਮਨ ਨੂੰ ਪੰਜਾਬੀ ਬੋਲੀ ਦੇ ਨਾਲ ਅਥਾਹ ਪਿਆਰ ਅਤੇ ਸਤਿਕਾਰ ਸੀ। ਪੰਜਾਬੀ ਭਾਵੇਂ ਦੋ ਖਿੱਤਿਆਂ ਵਿਚ ਵੰਡੇ ਜਾ ਚੁੱਕੇ ਸਨ, ਪ੍ਰੰਤੂ ਉਨ੍ਹਾਂ ਦੀਆਂ ਭਾਵਨਾਵਾਂ ਆਪਣੀ ਮਾਤਭੂਮੀ ਲਈ ਭੱਟਕ ਰਹੀਆਂ ਸਨ। ਉਹ ਮਾਨਸਿਕ ਅਤੇ ਆਤਮਿਕ ਤੌਰ 'ਤੇ ਮਾਖਿਓਂ ਮਿੱਠੀ ਪੰਜਾਬੀ ਭਾਸ਼ਾ ਨਾਲ ਓਤਪੋਤ ਸਨ। ਲਹਿੰਦੇ ਪੰਜਾਬ ਦੇ ਲੋਕ ਕਵੀਆਂ ਵਿਚੋਂ ਚਿਰਾਗ ਦੀਨ ਦਾਮਨ ਭਾਰਤ ਵਿਚ ਹੋਣ ਵਾਲੇ ਕਵੀ ਦਰਬਾਰਾਂ ਦਾ ਸ਼ਿੰਗਾਰ ਬਣਦਾ ਰਿਹਾ। ਦੇਸ਼ ਦੀ ਵੰਡ ਸੰਬੰਧੀ ਉਸ ਨੇ ਬੜੀਆਂ ਹੀ ਦਿਲ ਨੂੰ ਕੁਰੇਦਣ ਤੇ ਟੁੰਬਣ ਵਾਲੀਆਂ ਕਵਿਤਾਵਾਂ ਲਿਖੀਆਂ ਹਨ, ਜਿਹੜੀਆਂ ਰਹਿੰਦੀ ਦੁਨੀਆਂ ਤੱਕ ਤਰੋਤਾਜ਼ਾ ਰਹਿਣਗੀਆਂ। ਗੂੜ੍ਹੀ ਸ਼ਬਦਾਵਲੀ ਦੀ ਥਾਂ ਅਜਿਹੀ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਹੜੀ ਸੌਖਿਆਂ ਹੀ ਲੋਕਾਂ ਦੇ ਪੱਲੇ ਪੈ ਜਾਵੇ ਅਤੇ ਉਸਦੀ ਸਾਰਥਿਕਤਾ ਦਾ ਪਤਾ ਲੱਗੇ।

ਪੰਜਾਬੀ ਦਾ ਉਹ ਨਿਧੜਕ ਜਰਨੈਲ ਲੋਕ ਕਵੀ ਸੀ, ਜਿਸਨੇ ਤਾਹਨੇ-ਮਿਹਣੇ ਸਹਿੰਦਿਆਂ ਪੰਜਾਬੀ ਵਿਚ ਕਵਿਤਾ ਲਿਖਣੋਂ ਗੁਰੇਜ ਨਹੀਂ ਕੀਤਾ। ਹਾਲਾਂਕਿ ਉਸ ਨੂੰ ਪਤਾ ਸੀ ਕਿ ਕਿਸੇ ਵੀ ਸਮੇਂ ਉਸ ਨੂੰ ਸਰੀਰਕ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਜਦੋਂ ਵਾਰ-ਵਾਰ ਉਸ ਉਪਰ ਦਬਾਅ ਪਾਇਆ ਗਿਆ ਕਿ ਮੁਸਲਮਾਨ ਹੋਣ ਅਤੇ ਪਾਕਿਸਤਾਨ ਵਿਚ ਰਹਿਣ ਕਰਕੇ ਉਸ ਨੂੰ ਪੰਜਾਬੀ ਦੀ ਥਾਂ ਉਰਦੂ ਵਿਚ ਆਪਣੀਆਂ ਨਜ਼ਮਾਂ ਲਿਖਣੀਆਂ ਚਾਹੀਦੀਆਂ ਹਨ, ਤਾਂ ਉਸ ਨੇ ਕਵਿਤਾ ਵਿਚ ਹੀ ਉਨ੍ਹਾਂ ਨੂੰ ਜਵਾਬ ਦਿੰਦਿਆਂ ਲਿਖਿਆ:-

ਉਰਦੂ ਦਾ ਮੈਂ ਦੋਖੀ ਨਾਹੀਂ ਤੇ ਦੁਸ਼ਮਣ ਨਾਹੀਂ ਅੰਗਰੇਜ਼ੀ ਦਾ,

ਪੁਛਦੇ ਹੋ ਮੇਰੇ ਦਿਲ ਦੀ ਬੋਲੀ, ਹਾਂ ਜੀ ਹਾਂ ਪੰਜਾਬੀ ਏ।

ਮੈਨੂੰ ਕਈਆਂ ਨੇ ਆਖਿਆ ਕਈ ਵਾਰ, ਤੂੰ ਲੈਣਾ ਪੰਜਾਬੀ ਦਾ ਨਾਂ ਛੱਡਦੇ।

ਗੋਦੀ ਜਿਹਦੀ ਵਿਚ ਪਲਕੇ ਜਵਾਨ ਹੋਇਆਂ, ਉਹ ਮਾਂ ਛੱਡਦੇ ਤੇ ਗਰਾਂ ਛੱਡਦੇ।

ਜੇ ਪੰਜਾਬੀ ਪੰਜਾਬੀ ਈ ਕੂਕਣਾ ਏ, ਜਿਥੇ ਖਲੋਤਾ ਏਂ ਥਾਂ ਛੱਡਦੇ।

ਮੈਨੂੰ ਇੰਜ ਲੱਗਦੈ ਲੋਕੀ ਆਖਦੇ ਨੇ, ਤੂੰ ਪੁੱਤਰਾ ਆਪਣੀ ਮਾਂ ਛੱਡਦੇ।

ਜਦੋਂ ਫਿਰਕਾਪ੍ਰਸਤਾਂ ਨੇ ਉਸਨੂੰ ਵਾਰ-ਵਾਰ ਪੰਜਾਬੀ ਵਿਚ ਕਵਿਤਾ ਲਿਖਣ ਤੋਂ ਵਰਜਿਆ ਗਿਆ, ਤਾਂ ਉਹ ਡਰਿਆ ਨਹੀਂ, ਸਗੋਂ ਉਸਨੇ ਲਿਖਿਆ ਕਿ:-

ਇਥੇ ਬੋਲੀ ਪੰਜਾਬੀ ਹੀ ਬੋਲੀ ਜਾਵੇਗੀ, ਉਰਦੂ ਵਿਚ ਕਿਤਾਬਾਂ ਦੇ ਠੱਣਦੀ ਰਹੇਗੀ।

ਇਹਦਾ ਪੁੱਤਰ ਹਾਂ ਇਹਦੇ ਤੋਂ ਦੁੱਧ ਮੰਗਣਾ, ਮੇਰੀ ਭੁੱਖ ਇਹਦੀ ਛਾਤੀ ਤਣਦੀ ਰਹੇਗੀ।

ਇਹਦੇ ਲੱਖ ਹਰੀਫ ਪਏ ਹੋਣ ਪੈਦਾ, ਦਿਨ-ਬ-ਦਿਨ ਇਹਦੀ ਸ਼ਕਲ ਬਣਦੀ ਰਹੇਗੀ।

ਉਦੋਂ ਤੀਕ ਤੇ ਪੰਜਾਬੀ ਨਹੀਂ ਮਰਦੀ, ਜਦੋਂ ਤੀਕ ਪੰਜਾਬਣ ਕੋਈ ਜਣਦੀ ਰਹੇਗੀ।

ਉਸਤਾਦ ਦਾਮਨ ਨੇ ਸਾਰੀ ਉਮਰ ਅਣਖ ਨਾਲ ਸ਼ਾਇਰੀ ਕੀਤੀ। ਸਰਕਾਰਾਂ ਦੇ ਦਮਨ ਦਾ ਸ਼ਿਕਾਰ ਵੀ ਹੋਇਆ। ਇਨਕਲਾਬੀ ਕਵਿਤਾ ਸਮਾਜਿਕ ਬੁਰਾਈਆਂ ਅਤੇ ਆਮ ਜਨਤਾ ਉਪਰ ਸਰਕਾਰ ਵਲੋਂ ਕੀਤੇ ਜਾਂਦੇ ਜ਼ੋਰ-ਜ਼ਬਰਦਸਤੀ ਦੀਆਂ ਕਾਰਵਾਈਆਂ ਵਿਰੁੱਧ ਲਿਖਣ ਕਰਕੇ ਉਸ ਉਪਰ ਕਈ ਕੇਸ ਦਰਜ ਕਰਕੇ ਜੇਲ੍ਹ ਵਿਚ ਬੰਦ ਰੱਖਿਆ ਗਿਆ, ਪ੍ਰੰਤੂ ਉਸ ਨੇ ਸਰਕਾਰਾਂ ਨਾਲ ਆਢ੍ਹਾ ਲਾਈ ਰੱਖਿਆ। ਫ਼ੌਜੀ ਰਾਜ ਤੋਂ ਵੀ ਉਹ ਡਰਿਆ ਨਹੀਂ, ਸਗੋਂ ਉਸਨੇ ਫ਼ੌਜੀ ਰਾਜ 'ਤੇ ਟਕੋਰ ਕਰਦਿਆਂ ਅਰਥ ਭਰਪੂਰ ਕਵਿਤਾ ਲਿਖੀ:-

ਸਾਡੇ ਮੁਲਕ ਦੀਆਂ ਮੌਜਾਂ ਹੀ ਮੌਜਾਂ, ਜਿਧਰ ਦੇਖੋ ਫ਼ੌਜਾਂ ਹੀ ਫ਼ੌਜਾਂ।

ਇਹ ਕੀ ਕਰੀ ਜਾਨਾ, ਕਦੀ ਚੀਨ ਜਾਨਾ ਕਦੀ ਰੂਸ ਜਾਨਾ।

ਕਦੀ ਸਿਮਲੇ ਜਾਨਾ ਕਦੀ ਮਰੀ ਜਾਨਾ, ਜਿਧਰ ਜਾਨਾ ਬਣਕੇ ਜਲੂਸ ਜਾਨਾ।

ਲਈ ਖੇਸ ਜਾਨਾ ਖਿੱਚੀ ਦਰੀ ਜਾਨਾ, ਇਹ ਕੀ ਕਰੀ ਜਾਨਾ।

ਉਸਤਾਦ ਦਾਮਨ ਜਿਓਂਦੇ ਜੀਅ ਗ਼ਰੀਬੀ ਕਰਕੇ ਆਪਣੀਆਂ ਕਵਿਤਾਵਾਂ ਦੀ ਕੋਈ ਵੀ ਪੁਸਤਕ ਪ੍ਰਕਾਸ਼ਤ ਨਹੀਂ ਕਰਵਾ ਸਕਿਆ। ਉਸਤਾਦ ਦਾਮਨ ਦੀ ਮੌਤ ਤੋਂ ਬਾਅਦ ਉਸ ਦੀਆਂ ਕਵਿਤਾਵਾਂ ਦਾ ਕਾਵਿ ਸੰਗ੍ਰਹਿ 'ਦਾਮਨ ਦੇ ਮੋਤੀ' ਪਾਕਿਸਤਾਨ ਦੇ ਲੋਕਾਂ ਨੇ ਗੁਰਮੁਖੀ ਵਿਚ ਪ੍ਰਕਾਸ਼ਤ ਨਹੀਂ ਕੀਤੀ, ਸਗੋਂ ਉਰਦੂ ਵਿਚ ਪ੍ਰਕਾਸ਼ਤ ਕਰਕੇ ਉਸਨੂੰ ਉਰਦੂ ਦਾ ਸ਼ਾਇਰ ਵਿਖਾਉਣ ਦੀ ਕੋਸ਼ਿਸ਼ ਕੀਤੀ ਗਈ। ਉਸਤਾਦ ਦਾਮਨ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਆਪਣੀਆਂ ਇਨਕਲਾਬੀ ਕਵਿਤਾਵਾਂ ਕਰਕੇ ਜੇਲ੍ਹ ਵਿਚ ਹੀ ਰਿਹਾ ਹੈ। ਜੇਲ੍ਹ ਵਿਚ ਰਹਿਣ ਸੰਬੰਧੀ ਉਹ ਲਿਖਦਾ ਹੈ ਕਿ:-

ਸਟੇਜਾਂ 'ਤੇ ਆਈਏ ਸਿਕੰਦਰ ਹੋਈਦਾ ਏ, ਸਟੇਜੋਂ ਉਤਰਕੇ ਕਲੰਦਰ ਹੋਈਦਾ ਏ।

ਉਲਝੇ ਜੋ ਦਾਮਨ ਹਕੂਮਤ ਕਿਸੇ ਨਾਲ, ਬਸ ਏਨਾ ਹੀ ਹੁੰਦਾ, ਅੰਦਰ ਹੋਈਦਾ ਏ।

ਦਾਮਨ ਦੀਆਂ ਕਤਿਾਵਾਂ ਕਰਾਂਤੀਕਾਰੀ ਅਤੇ ਧਾਰਮਿਕ ਜਨੂੰਨੀਆਂ ਦੇ ਵਿਰੁੱਧ ਹੋਣ ਕਰਕੇ ਉਸਦੇ ਘਰ ਨੂੰ ਅੱਗ ਲਗਾ ਕੇ ਸਾੜ ਦਿੱਤਾ, ਤਾਂ ਉਸਨੇ ਇੱਕ ਕਵਿਤਾ ਵਿਚ ਲਿਖਿਆ:

ਕਿਸੇ ਤੀਲ੍ਹੀ ਐਸੀ ਲਗਾਈ ਏ, ਥਾਂ-ਥਾਂ 'ਤੇ ਅੱਗ ਮਚਾਈ ਏ।

ਪਈ ਸੜਦੀ ਲੋਕਾਈ ਏ, ਤੇ ਪੈਂਦੀ ਹਾਲ ਦੁਹਾਈ ਏ।

ਆਜ਼ਾਦੀ ਤੋਂ ਬਾਅਦ ਇੱਕ ਵਾਰ ਉਸਤਾਦ ਦਾਮਨ ਨੇ ਲਾਲ ਕਿਲ੍ਹੇ ਦਿੱਲੀ ਵਿਚ ਹੋਏ ਇੱਕ ਕਵੀ ਦਰਬਾਰ ਵਿਚ ਆਪਣੀ ਕਵਿਤਾ ਪੜ੍ਹਕੇ ਉਥੇ ਹਾਜ਼ਰ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਰੁਆ ਦਿੱਤਾ ਸੀ। ਉਸ ਦੀ ਕਵਿਤਾ ਦੇ ਬੋਲ ਹਨ:-

ਭਾਵੇਂ ਮੂੰਹੋਂ ਨਾ ਕਹੀਏ ਪਰ ਵਿਚੋਂ ਵਿਚੀਂ, ਖੋਏ ਤੁਸੀਂ ਵੀ ਓ ਤੇ ਖੋਏ ਅਸੀਂ ਵੀ ਆਂ।

ਇਹਨਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਏ, ਤੁਸੀਂ ਵੀ ਓ ਹੋਏ ਅਸੀਂ ਵੀ ਆਂ।

ਕੁਝ ਉਮੀਦ ਏ ਜ਼ਿੰਦਗੀ ਮਿਲ ਜਾਵੇਗੀ, ਮੋਏ ਤੁਸੀਂ ਵੀ ਓ ਮੋਏ ਅਸੀਂ ਵੀ ਆਂ।

ਜਿਓਂਦੀ ਜਾਨ ਵੀ ਮੌਤ ਦੇ ਮੂੰਹ ਅੰਦਰ, ਢੋਏ ਤੁਸੀਂ ਵੀ ਓ ਢੋਏ ਅਸੀਂ ਵੀ ਆਂ।

ਜਾਗਣੇ ਵਾਲਿਆਂ ਰੱਜ ਕੇ ਲੁੱਟਿਆ ਏ, ਸੋਏ ਤੁਸੀਂ ਵੀ ਓ ਸੋਏ ਅਸੀਂ ਵੀ ਆਂ।

ਲਾਲੀ ਅੱਖੀਆਂ ਦੀ ਪਈ ਦੱਸਦੀ ਏ, ਰੋਏ ਤੁਸੀਂ ਵੀ ਓ ਰੋਏ ਅਸੀਂ ਵੀ ਆਂ।

ਪੰਡਤ ਜਵਾਹਰ ਲਾਲ ਨਹਿਰੂ ਨੇ ਉਸਤਾਦ ਦਾਮਨ ਨੂੰ ਉਠ ਕੇ ਕਲਾਵੇ ਵਿਚ ਲੈ ਲਿਆ ਅਤੇ ਉਸ ਨੂੰ ਭਾਰਤ ਦੀ ਨਾਗਰਿਕਤਾ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ, ਪ੍ਰੰਤੂ ਉਸਤਾਦ ਦਾਮਨ ਨੇ ਕਿਹਾ ਕਿ ਉਹ ਰਹੇਗਾ ਤਾਂ ਪਾਕਿਸਤਾਨ ਵਿਚ ਹੀ, ਭਾਵੇਂ ਜੇਲ੍ਹ ਵਿਚ ਹੀ ਰਹਿਣਾ ਪਵੇ। ਉਸਤਾਦ ਦਾਮਨ ਅੱਜ ਭਾਵੇਂ ਸਾਡੇ ਵਿਚਕਾਰ ਸਰੀਰਕ ਰੂਪ ਵਿਚ ਨਹੀਂ ਹਨ, ਪ੍ਰੰਤੂ ਉਨ੍ਹਾਂ ਦੀ ਕਲਮ ਦੀ ਕਰਾਮਾਤ ਅਜੇ ਵੀ ਜਿਉਂਦੀ ਹੈ। ਉਨ੍ਹਾਂ ਦਾ ਚਿਰਾਗ ਬੁੱਝਿਆ ਨਹੀਂ, ਉਹ ਪੰਜਾਬੀ ਲੋਕ ਚੇਤਨਾ ਵਿਚ ਰੌਸ਼ਨੀ ਫੈਲਾ ਰਿਹਾ ਹੈ। 3 ਸਤੰਬਰ ਨੂੰ ਉਨ੍ਹਾਂ ਦੇ ਜਨਮ ਦਿਵਸ 'ਤੇ ਯਾਦ ਕਰਨਾ ਕੇਵਲ ਇੱਕ ਮਹਾਨ ਕਵੀ ਨੂੰ ਸ਼ਰਧਾਂਜ਼ਲੀ ਦੇਣਾ ਨਹੀਂ, ਸਗੋਂ ਪੰਜਾਬੀ ਬੋਲੀ, ਹੱਕ ਸੱਚ, ਇਨਸਾਫ਼ ਅਤੇ ਲੋਕ ਹਿੱਤਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਮੁੜ ਤਾਜ਼ਾ ਕਰਨਾ ਹੈ। ਉਸਤਾਦ ਦਾਮਨ ਦੀ ਵਿਰਾਸਤ ਪੰਜਾਬੀਆਂ ਨੂੰ ਇਹ ਹੀ ਸੁਨੇਹਾ ਦਿੰਦੀ ਹੈ ਕਿ ਕਲਮ ਜੇ ਸੱਚ 'ਤੇ ਪਹਿਰਾ ਦੇਵੇ ਤਾਂ ਉਹ ਇਨਸਾਨੀਅਤ ਦੀ ਸਭ ਤੋਂ ਵੱਡੀ ਪਹਿਰੇਦਾਰ ਬਣ ਸਕਦੀ ਹੈ।



ਤਸਵੀਰ: ਉਸਤਾਦ ਦਾਮਨ।

ਦੇਸ਼ ਦੀ ਅਜਿਹੀ ਆਜ਼ਾਦੀ ਨੂੰ ਇਨਸਾਨੀਅਤ ਦੀ ਬਰਬਾਦੀ ਕਿਹਾ ਜਾ ਸਕਦਾ ਹੈ ਕਿਉਂਕਿ ਅਣਗਿਣਤ ਬੇਕਸੂਰ ਇਨਸਾਨਾਂ ਦੇ ਕਤਲਾਂ ਨੇ ਆਜ਼ਾਦੀ ਨੂੰ ਦਾਗ਼ਦਾਰ ਕਰ ਦਿੱਤਾ ਸੀ। ਨਹੁੰ-ਮਾਸ ਦੇ ਰਿਸ਼ਤੇ ਖੇਰੂੰ-ਖੇਰੂੰ ਹੋ ਗਏ ਸਨ। ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀ ਦੇ ਸਾਹਿਤਕਾਰਾਂ ਨੇ ਖ਼ੂਨੀ ਬਿਰਤਾਂਤ ਲਿਖਿਆ ਸੀ। ਪਾਕਿਸਤਾਨ ਜਾ ਕੇ ਵਸੇ ਲੋਕ ਕਵੀ ਉਸਤਾਦ ਦਾਮਨ ਨੇ ਮਨੁੱਖਤਾ ਦੇ ਕਤਲਾਂ ਨੂੰ ਇਨਸਾਨੀਅਤ ਦਾ ਘਾਣ ਦੱਸਦਿਆਂ ਆਪਣੀਆਂ ਭਾਵਪੂਰਤ ਕਵਿਤਾਵਾਂ ਵਿਚ ਸਰਲ ਤੇ ਸਾਦੀ ਬੋਲੀ ਵਿਚ ਲਿਖਿਆ ਸੀ। ਉਸਤਾਦ ਦਾਮਨ, ਜਿਨ੍ਹਾਂ ਦਾ ਨਾਮ ਚਿਰਾਗ ਦੀਨ ਸੀ, ਉਨ੍ਹਾਂ ਨੇ ਆਪਣੇ ਨਾਮ ਨੂੰ ਪੰਜਾਬੀ ਦਾ ਝੰਡਾਬਰਦਾਰ ਬਣਨ ਦਾ ਮਾਣ ਦਿੱਤਾ।

# ਅਕਾਲੀ-ਭਾਜਪਾ ਗੱਠਜੋੜ ਦੀ ਚਰਚਾ ਵਿਚਾਲੇ ਪੁਨਰ ਸੁਰਜੀਤ ਅਕਾਲੀ ਦਲ ਦਾ ਭਵਿੱਖ ਕੀ

ਪੰਜਾਬ ਦੀ ਸਿਆਸਤ ਇੱਕ ਵਾਰ ਫਿਰ ਵੱਡੇ ਬਦਲਾਅ ਦੇ ਮੋੜ 'ਤੇ ਖੜ੍ਹੀ ਹੈ। ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਅਤੇ ਸਾਰੀਆਂ ਸਿਆਸੀ ਪਾਰਟੀਆਂ ਆਪਣਾ ਚੋਣ ਹਿਸਾਬ ਲਗਾਉਣ ਵਿਚ ਜੁਟੀਆਂ ਹੋਈਆਂ ਹਨ। ਸਭ ਤੋਂ ਵੱਧ ਚਰਚਾ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੁੜ ਗੱਠਜੋੜ ਦੀ ਹੋ ਰਹੀ ਹੈ। ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦੇ ਤਾਜ਼ਾ ਬਿਆਨ ਨੇ ਸਥਿਤੀ ਹੋਰ ਵੀ ਦਿਲਚਸਪ ਅਤੇ ਗੁੰਝਲਦਾਰ ਬਣਾ ਦਿੱਤੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਸਾਫ਼ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਭਾਜਪਾ ਨਾਲ ਗੱਲਬਾਤ ਕਰਨ ਲਈ ਤਿਆਰ ਹੈ, ਪਰ ਸੁਖਬੀਰ ਸਿੰਘ ਬਾਦਲ ਅਤੇ ਬਾਦਲ ਪਰਿਵਾਰ ਦੀ ਅਗਵਾਈ ਵਾਲੇ ਅਕਾਲੀ ਦਲ ਨਾਲ ਕੋਈ ਸਮਝੌਤਾ ਨਹੀਂ ਕਰੇਗੀ।

ਗਿਆਨੀ ਹਰਪ੍ਰੀਤ ਸਿੰਘ ਨੇ ਇਹ ਵੀ ਮੰਨਿਆ ਹੈ ਕਿ ਭਾਜਪਾ ਨਾਲ ਗੱਲਬਾਤ ਚੱਲ ਰਹੀ ਹੈ। ਉਨ੍ਹਾਂ ਅਨੁਸਾਰ ਜੇ ਕੋਈ ਗੱਠਜੋੜ ਬਣਦਾ ਹੈ, ਤਾਂ ਉਹ ਪੰਜਾਬ ਅਤੇ ਪੰਥ ਦੇ ਮਸਲਿਆਂ ਉੱਤੇ ਲਿਖਤੀ ਅਤੇ ਸਪੱਸ਼ਟ ਸਹਿਮਤੀ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਜੇ ਚਾਹੇ ਤਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਗੱਠਜੋੜ ਕਰ ਸਕਦੀ ਹੈ, ਪਰ ਪੁਨਰ ਸੁਰਜੀਤ ਅਕਾਲੀ ਦਲ ਅਜਿਹੇ ਗੱਠਜੋੜ ਵਿਚ ਸ਼ਾਮਲ ਨਹੀਂ ਹੋਵੇਗਾ, ਜਿਸ ਦੀ ਅਗਵਾਈ ਸੁਖਬੀਰ ਸਿੰਘ ਬਾਦਲ ਜਾਂ ਹਰਸਿਮਰਤ ਕੌਰ ਬਾਦਲ ਕਰ ਰਹੇ ਹੋਣ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਦਾ ਵਿਰੋਧ ਅਕਾਲੀ ਦਲ ਨਾਂ ਦੀ ਸੰਸਥਾ ਨਾਲ ਨਹੀਂ, ਸਗੋਂ ਬਾਦਲ ਪਰਿਵਾਰ ਦੀ ਅਗਵਾਈ ਨਾਲ ਹੈ।

ਇਸ ਬਿਆਨ ਨਾਲ ਇੱਕ ਵੱਡਾ ਸਵਾਲ ਖੜ੍ਹਾ ਹੋ ਗਿਆ ਹੈ। ਜੇ ਭਾਜਪਾ ਦਾ ਮੁੱਖ ਸਮਝੌਤਾ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨਾਲ ਹੋ ਜਾਂਦਾ ਹੈ, ਤਾਂ ਪੁਨਰ ਸੁਰਜੀਤ ਅਕਾਲੀ ਦਲ ਕਿੱਥੇ ਖੜ੍ਹਾ ਹੋਵੇਗਾ? ਕੀ ਭਾਜਪਾ ਦੋਵੇਂ ਅਕਾਲੀ ਧੜਿਆਂ ਨੂੰ ਨਾਲ ਲੈ ਕੇ ਚੱਲ ਸਕੇਗੀ? ਕੀ ਗਿਆਨੀ ਹਰਪ੍ਰੀਤ ਸਿੰਘ ਆਪਣੇ ਸਟੈਂਡ 'ਤੇ ਕਾਇਮ ਰਹਿਣਗੇ? ਜਾਂ ਫਿਰ ਉਨ੍ਹਾਂ ਦੀ ਪਾਰਟੀ ਦੇ ਕੁਝ ਸੀਨੀਅਰ ਆਗੂ ਚੋਣਾਂ ਤੋਂ ਪਹਿਲਾਂ ਆਪਣਾ ਵੱਖਰਾ ਰਸਤਾ ਚੁਣ ਸਕਦੇ ਹਨ? ਇਹ ਸਾਰੇ ਸਵਾਲ ਇਸ ਲਈ ਵੀ ਮਹੱਤਵਪੂਰਨ ਹਨ ਕਿਉਂਕਿ ਚੋਣਾਂ ਲਈ ਸਮਾਂ ਘੱਟ ਰਹਿ ਗਿਆ ਹੈ ਅਤੇ ਉਮੀਦਵਾਰਾਂ ਨੂੰ ਹੁਣੇ ਤੋਂ ਆਪਣੇ ਹਲਕਿਆਂ ਵਿਚ ਕੰਮ ਸ਼ੁਰੂ ਕਰਨਾ ਪਵੇਗਾ।

ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦਾ ਜਨਮ ਅਕਾਲੀ ਦਲ ਬਾਦਲ ਦੇ ਅੰਦਰ ਪੈਦਾ ਹੋਈ ਵੱਡੀ ਬਗਾਵਤ ਵਿਚੋਂ ਹੋਇਆ ਸੀ। ਅਕਾਲੀ ਦਲ ਦੀਆਂ ਲਗਾਤਾਰ ਚੋਣ ਹਾਰਾਂ ਅਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਰੁੱਧ ਪਾਰਟੀ ਅੰਦਰ ਆਵਾਜ਼ ਉੱਠੀ। ਬਾਗੀ ਆਗੂਆਂ ਨੇ ਦੋਸ਼ ਲਾਇਆ ਕਿ ਪਾਰਟੀ ਕੁਝ ਲੋਕਾਂ ਅਤੇ ਇੱਕ ਪਰਿਵਾਰ ਤੱਕ ਸੀਮਤ ਹੋ ਗਈ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਅਕਾਲੀ ਦਲ ਨੂੰ ਮੁੜ ਪੰਥਕ ਰਵਾਇਤਾਂ, ਅੰਦਰੂਨੀ ਲੋਕਤੰਤਰ ਅਤੇ ਸਾਂਝੀ ਅਗਵਾਈ ਵੱਲ ਲਿਜਾਣ ਦੀ ਲੋੜ ਹੈ। 11 ਅਗਸਤ 2025 ਨੂੰ ਗਿਆਨੀ ਹਰਪ੍ਰੀਤ ਸਿੰਘ ਨੂੰ ਇਸ ਵੱਖਰੇ ਧੜੇ ਦਾ ਪ੍ਰਧਾਨ ਚੁਣਿਆ ਗਿਆ ਸੀ। ਇਹ ਧੜਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 2 ਦਸੰਬਰ 2024 ਨੂੰ ਪਾਰਟੀ ਵਿਚ ਵੱਡੇ ਸੁਧਾਰ ਕਰਨ ਸਬੰਧੀ ਦਿੱਤੇ ਹੁਕਮਾਂ ਨੂੰ ਆਪਣੇ ਗਠਨ ਦਾ ਮੁੱਖ ਆਧਾਰ ਦੱਸਦਾ ਰਿਹਾ ਹੈ।

ਸ਼ੁਰੂ ਵਿਚ ਇਸ ਨਵੇਂ ਧੜੇ ਨਾਲ ਕਈ ਪੁਰਾਣੇ ਅਤੇ ਜਾਣੇ-ਪਛਾਣੇ ਅਕਾਲੀ ਆਗੂ ਜੁੜੇ ਸਨ। ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਵਡਾਲਾ, ਪਰਮਿੰਦਰ ਸਿੰਘ ਢੀਂਡਸਾ, ਮਨਪ੍ਰੀਤ ਸਿੰਘ ਇਯਾਲੀ ਅਤੇ ਹੋਰ ਕਈ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਤੋਂ ਵੱਖਰਾ ਰਸਤਾ ਚੁਣਿਆ। ਇਨ੍ਹਾਂ ਆਗੂਆਂ ਨੂੰ ਉਮੀਦ ਸੀ ਕਿ ਉਹ ਇੱਕ ਅਜਿਹਾ ਅਕਾਲੀ ਬਦਲ ਖੜ੍ਹਾ ਕਰ ਸਕਣਗੇ, ਜਿਸ ਨੂੰ ਪੰਥਕ ਵੋਟਰ ਅਕਾਲੀ ਦਲ ਦੇ ਨਵੇਂ ਰੂਪ ਵਜੋਂ ਕਬੂਲ ਕਰ ਲਵੇਗਾ। ਪਰ ਨਵੀਂ ਪਾਰਟੀ ਬਣਾਉਣਾ ਅਤੇ ਉਸ ਨੂੰ ਪੰਜਾਬ ਦੇ ਹਰ ਪਿੰਡ, ਸ਼ਹਿਰ, ਬਲਾਕ ਅਤੇ ਵਿਧਾਨ ਸਭਾ ਹਲਕੇ ਵਿਚ ਮਜ਼ਬੂਤ ਕਰਨਾ ਦੋ ਵੱਖਰੀਆਂ ਗੱਲਾਂ ਹਨ।

ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਥਿਤੀ ਕਮਜ਼ੋਰ ਹੋਣ ਦੇ ਬਾਵਜੂਦ ਉਸ ਕੋਲ ਪੁਰਾਣਾ ਪਾਰਟੀ ਢਾਂਚਾ, ਤੱਕੜੀ ਦਾ ਚੋਣ ਨਿਸ਼ਾਨ, ਹਲਕਾ ਪੱਧਰ ਦੇ ਆਗੂ, ਪੁਰਾਣੇ ਵਰਕਰ ਅਤੇ ਬਾਦਲ ਪਰਿਵਾਰ ਨਾਲ ਜੁੜਿਆ ਜਾਣਿਆ-ਪਛਾਣਿਆ ਚਿਹਰਾ ਹੈ। ਆਮ ਵੋਟਰਾਂ ਦਾ ਇੱਕ ਵੱਡਾ ਹਿੱਸਾ ਅਜੇ ਵੀ ਤੱਕੜੀ ਦੇ ਨਿਸ਼ਾਨ ਵਾਲੀ ਪਾਰਟੀ ਨੂੰ ਮੁੱਖ ਅਕਾਲੀ ਦਲ ਵਜੋਂ ਪਛਾਣਦਾ ਹੈ। ਇਸ ਦਾ ਇਹ ਮਤਲਬ ਨਹੀਂ ਕਿ ਸਾਰੇ ਪੰਥਕ ਵੋਟਰ ਸੁਖਬੀਰ ਸਿੰਘ ਬਾਦਲ ਨਾਲ ਸਹਿਮਤ ਹਨ, ਪਰ ਚੋਣਾਂ ਵਿਚ ਸਿਰਫ਼ ਵਿਚਾਰ ਹੀ ਨਹੀਂ, ਪਾਰਟੀ ਦਾ ਢਾਂਚਾ, ਨਿਸ਼ਾਨ, ਪੈਸਾ, ਵਰਕਰ, ਉਮੀਦਵਾਰ ਅਤੇ ਹਲਕਾ ਪੱਧਰ ਦੀ ਪਹੁੰਚ ਵੀ ਬਹੁਤ ਮਾਇਨੇ ਰੱਖਦੀ ਹੈ। ਇਹੀ ਪੁਨਰ ਸੁਰਜੀਤ ਅਕਾਲੀ ਦਲ ਦੀ ਸਭ ਤੋਂ ਵੱਡੀ ਕਮਜ਼ੋਰੀ ਬਣੀ ਹੋਈ ਹੈ।

ਅਕਾਲੀ ਦਲ ਬਾਦਲ ਅਤੇ ਭਾਜਪਾ ਦਾ ਰਿਸ਼ਤਾ ਕੋਈ ਨਵਾਂ ਨਹੀਂ ਹੈ। ਦੋਵੇਂ ਪਾਰਟੀਆਂ ਨੇ ਕਰੀਬ ਢਾਈ ਦਹਾਕੇ ਤੱਕ ਇਕੱਠਿਆਂ ਚੋਣਾਂ ਲੜੀਆਂ। ਪੁਰਾਣੇ ਸਮਝੌਤੇ ਅਧੀਨ ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਵਿਚੋਂ ਅਕਾਲੀ ਦਲ ਆਮ ਤੌਰ 'ਤੇ 94 ਅਤੇ ਭਾਜਪਾ 23 ਸੀਟਾਂ ਉੱਤੇ ਚੋਣ ਲੜਦੀ ਸੀ। ਲੋਕ ਸਭਾ ਦੀਆਂ 13 ਸੀਟਾਂ ਵਿਚੋਂ ਅਕਾਲੀ ਦਲ 10 ਅਤੇ ਭਾਜਪਾ ਤਿੰਨ ਸੀਟਾਂ ਉੱਤੇ ਉਮੀਦਵਾਰ ਖੜ੍ਹੇ ਕਰਦੀ ਸੀ। ਇਸ ਗੱਠਜੋੜ ਨੇ 1997, 2007 ਅਤੇ 2012 ਵਿਚ ਸਰਕਾਰਾਂ ਬਣਾਈਆਂ। ਖਾਸ ਕਰਕੇ 2012 ਵਿਚ ਲਗਾਤਾਰ ਦੂਜੀ ਵਾਰ ਸਰਕਾਰ ਬਣਾ ਕੇ ਗੱਠਜੋੜ ਨੇ ਪੰਜਾਬ ਦੀ ਸਿਆਸਤ ਵਿਚ ਇੱਕ ਨਵਾਂ ਰਿਕਾਰਡ ਬਣਾਇਆ ਸੀ।

ਇਸ ਪੁਰਾਣੇ ਗੱਠਜੋੜ ਦਾ ਹਿਸਾਬ ਬਹੁਤ ਸਾਧਾਰਨ ਸੀ। ਅਕਾਲੀ ਦਲ ਦੀ ਪਕੜ ਪਿੰਡਾਂ, ਕਿਸਾਨਾਂ ਅਤੇ ਸਿੱਖ ਵੋਟਰਾਂ ਵਿਚ ਮੰਨੀ ਜਾਂਦੀ ਸੀ, ਜਦਕਿ ਭਾਜਪਾ ਦਾ ਆਧਾਰ ਸ਼ਹਿਰੀ ਹਿੰਦੂ ਵੋਟਰਾਂ, ਵਪਾਰੀਆਂ, ਦੁਕਾਨਦਾਰਾਂ ਅਤੇ ਸ਼ਹਿਰੀ ਮੱਧ ਵਰਗ ਵਿਚ ਸੀ। ਦੋਵਾਂ ਦੇ ਵੋਟਰ ਇੱਕ-ਦੂਜੇ ਦੇ ਉਮੀਦਵਾਰ ਨੂੰ ਵੋਟ ਦੇ ਦਿੰਦੇ ਸਨ। ਅਕਾਲੀ ਦਲ




ਨੂੰ ਸ਼ਹਿਰਾਂ ਵਿਚ ਭਾਜਪਾ ਦੀ ਮਦਦ ਮਿਲਦੀ ਸੀ ਅਤੇ ਭਾਜਪਾ ਨੂੰ ਪਿੰਡਾਂ ਅਤੇ ਸਿੱਖ ਵੋਟਰਾਂ ਤੱਕ ਪਹੁੰਚਣ ਲਈ ਅਕਾਲੀ ਦਲ ਦਾ ਸਹਾਰਾ ਮਿਲਦਾ ਸੀ। ਇਸ ਸਾਂਝ ਨੂੰ ਪੰਜਾਬ ਵਿਚ ਹਿੰਦੂ-ਸਿੱਖ ਭਾਈਚਾਰੇ ਦੀ ਸਿਆਸੀ ਨਿਸ਼ਾਨੀ ਵੀ ਦੱਸਿਆ ਜਾਂਦਾ ਰਿਹਾ।

ਸਤੰਬਰ 2020 ਵਿਚ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਚੱਲੇ ਕਿਸਾਨ ਅੰਦੋਲਨ ਦੌਰਾਨ ਅਕਾਲੀ ਦਲ ਨੇ ਭਾਜਪਾ ਨਾਲ ਆਪਣਾ ਪੁਰਾਣਾ ਗੱਠਜੋੜ ਤੋੜ ਦਿੱਤਾ। ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫ਼ਾ ਦਿੱਤਾ ਅਤੇ ਅਕਾਲੀ ਦਲ ਰਾਸ਼ਟਰੀ ਜਮਹੂਰੀ ਗੱਠਜੋੜ ਵਿਚੋਂ ਬਾਹਰ ਆ ਗਿਆ। ਪਰ ਉਸ ਵੇਲੇ ਤੱਕ ਕਿਸਾਨਾਂ ਦੇ ਇੱਕ ਵੱਡੇ ਹਿੱਸੇ ਵਿਚ ਅਕਾਲੀ ਦਲ ਵਿਰੁੱਧ ਵੀ ਨਾਰਾਜ਼ਗੀ ਪੈਦਾ ਹੋ ਚੁੱਕੀ ਸੀ। ਕਿਸਾਨ ਪੁੱਛਦੇ ਰਹੇ ਕਿ ਜਦੋਂ ਇਹ ਕਾਨੂੰਨ ਬਣ ਰਹੇ ਸਨ, ਤਾਂ ਅਕਾਲੀ ਦਲ ਨੇ ਪਹਿਲਾਂ ਹੀ ਇਨ੍ਹਾਂ ਦਾ ਵਿਰੋਧ ਕਿਉਂ ਨਹੀਂ ਕੀਤਾ। ਇਸ ਕਾਰਨ ਭਾਜਪਾ ਦੇ ਨਾਲ-ਨਾਲ ਅਕਾਲੀ ਦਲ ਦੀ ਸਾਖ ਨੂੰ ਵੀ ਨੁਕਸਾਨ ਹੋਇਆ।

ਗੱਠਜੋੜ ਟੁੱਟਣ ਤੋਂ ਬਾਅਦ ਦੋਵਾਂ ਪਾਰਟੀਆਂ ਨੇ ਆਪਣੀ-ਆਪਣੀ ਤਾਕਤ ਪਰਖ ਲਈ। 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਸਿਰਫ਼ ਤਿੰਨ ਸੀਟਾਂ ਤੱਕ ਰਹਿ ਗਿਆ। ਭਾਜਪਾ ਨੇ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਅਤੇ ਹੋਰ ਸਾਥੀਆਂ ਨਾਲ ਚੋਣ ਲੜੀ, ਪਰ ਉਸ ਨੂੰ ਵੀ ਸਿਰਫ਼ ਦੋ ਸੀਟਾਂ ਮਿਲੀਆਂ। ਇਸ ਤਜ਼ਰਬੇ ਨੇ ਸਾਫ਼ ਕਰ ਦਿੱਤਾ ਕਿ ਪੁਰਾਣੇ ਸਾਥੀ ਵੱਖ ਹੋ ਕੇ ਆਪਣੇ ਪੁਰਾਣੇ ਸਿਆਸੀ ਪ੍ਰਭਾਵ ਨੂੰ ਕਾਇਮ ਨਹੀਂ ਰੱਖ ਸਕੇ।

ਸਾਲ 2024 ਦੀਆਂ ਲੋਕ ਸਭਾ ਚੋਣਾਂ ਨੇ ਭਾਜਪਾ ਅਤੇ ਅਕਾਲੀ ਦਲ ਵਿਚਕਾਰ ਤਾਕਤ ਦਾ ਸੰਤੁਲਨ ਵੀ ਬਦਲ ਦਿੱਤਾ। ਭਾਜਪਾ ਨੂੰ ਪੰਜਾਬ ਵਿਚ ਕਰੀਬ 18.56 ਫ਼ੀਸਦੀ ਵੋਟਾਂ ਮਿਲੀਆਂ, ਜਦਕਿ ਅਕਾਲੀ ਦਲ ਦਾ ਵੋਟ ਹਿੱਸਾ ਕਰੀਬ 13.42 ਫ਼ੀਸਦੀ ਰਿਹਾ। ਦੋਵਾਂ ਦਾ ਵੋਟ ਇਕੱਠਾ ਕੀਤਾ ਜਾਵੇ, ਤਾਂ ਇਹ ਲਗਭਗ 32 ਫ਼ੀਸਦੀ ਬਣਦਾ ਹੈ। ਇਹ ਗਿਣਤੀ ਦੋਵਾਂ ਪਾਰਟੀਆਂ ਨੂੰ ਮੁੜ ਇਕੱਠੇ ਹੋਣ ਲਈ ਉਤਸ਼ਾਹਿਤ ਕਰਦੀ ਹੈ। ਪਰ ਇਹ ਮੰਨ ਲੈਣਾ ਵੀ ਠੀਕ ਨਹੀਂ ਹੋਵੇਗਾ ਕਿ ਗੱਠਜੋੜ ਹੁੰਦੇ ਹੀ ਦੋਵਾਂ ਦੀਆਂ ਸਾਰੀਆਂ ਵੋਟਾਂ ਆਪਣੇ ਆਪ ਇਕੱਠੀਆਂ ਹੋ ਜਾਣਗੀਆਂ। ਕਿਸਾਨ ਅੰਦੋਲਨ ਤੋਂ ਬਾਅਦ ਪਿੰਡਾਂ ਦੇ ਕੁਝ ਵੋਟਰਾਂ ਵਿਚ ਭਾਜਪਾ ਪ੍ਰਤੀ ਨਾਰਾਜ਼ਗੀ ਅਜੇ ਵੀ ਮੌਜੂਦ ਹੋ ਸਕਦੀ ਹੈ, ਜਦਕਿ ਕੁਝ ਸ਼ਹਿਰੀ ਭਾਜਪਾ ਵੋਟਰ ਮੁੜ ਬਾਦਲ ਪਰਿਵਾਰ ਦੀ ਅਗਵਾਈ ਨੂੰ ਸਵੀਕਾਰ ਕਰਨ ਤੋਂ ਹਿਚਕ ਸਕਦੇ ਹਨ।

ਇਸ ਦੇ ਬਾਵਜੂਦ ਮੌਜੂਦਾ ਹਾਲਾਤ ਵਿਚ ਭਾਜਪਾ ਅਤੇ ਅਕਾਲੀ ਦਲ ਬਾਦਲ ਦੇ ਮੁੜ ਇਕੱਠੇ ਹੋਣ ਦੀ ਸੰਭਾਵਨਾ ਕਾਫ਼ੀ ਮਜ਼ਬੂਤ ਦਿਖਾਈ ਦਿੰਦੀ ਹੈ। ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੋਈ ਮੁਲਾਕਾਤ ਨੇ ਇਸ ਚਰਚਾ ਨੂੰ ਹੋਰ ਤੇਜ਼ ਕੀਤਾ। ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਹਰਸਿਮਰਤ ਕੌਰ ਬਾਦਲ ਵੀ ਅਜਿਹੇ ਸੰਕੇਤ ਦੇ ਚੁੱਕੇ ਹਨ ਕਿ ਪੰਜਾਬ ਦੇ ਮੌਜੂਦਾ ਹਾਲਾਤ ਵਿਚ ਪੁਰਾਣੇ ਸਾਥੀਆਂ ਦਾ ਇਕੱਠੇ ਹੋਣਾ ਸਮੇਂ ਦੀ ਲੋੜ ਹੋ ਸਕਦਾ ਹੈ। ਦੂਜੇ ਪਾਸੇ ਭਾਜਪਾ ਜਨਤਕ ਤੌਰ 'ਤੇ ਸਾਰੀਆਂ 117 ਸੀਟਾਂ ਉੱਤੇ ਤਿਆਰੀ ਕਰਨ ਦੀ ਗੱਲ ਕਹਿ ਰਹੀ ਹੈ, ਪਰ ਮੀਡੀਆ ਰਿਪੋਰਟਾਂ ਮੁਤਾਬਕ ਅੰਦਰਖਾਤੇ ਗੱਠਜੋੜ ਬਾਰੇ ਗੱਲਬਾਤ ਜਾਰੀ ਹੈ।

ਰਿਪੋਰਟਾਂ ਅਨੁਸਾਰ ਦੋਵਾਂ ਪਾਰਟੀਆਂ ਵਿਚਕਾਰ ਇੱਕ ਦੌਰ ਦੀ ਸੀਟਾਂ ਸਬੰਧੀ ਗੱਲਬਾਤ ਹੋ ਚੁੱਕੀ ਹੈ। ਮੁੱਖ ਤੌਰ 'ਤੇ ਤਿੰਨ ਸਵਾਲ ਵਿਚਾਰੇ ਜਾ ਰਹੇ ਹਨ—ਕਿਹੜੀ ਪਾਰਟੀ ਕਿੰਨੀਆਂ ਸੀਟਾਂ ਲੜੇਗੀ, ਕਿਹੜੇ ਹਲਕੇ ਕਿਸ ਪਾਰਟੀ ਨੂੰ ਮਿਲਣਗੇ ਅਤੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਅਹੁਦਿਆਂ ਬਾਰੇ ਕੀ ਪ੍ਰਬੰਧ ਹੋਵੇਗਾ। ਪਰ ਕਿਸੇ ਵੀ ਪਾਰਟੀ ਨੇ ਅਜੇ ਤੱਕ ਕੋਈ ਅਧਿਕਾਰਤ ਸਮਝੌਤਾ ਐਲਾਨਿਆ ਨਹੀਂ ਹੈ। ਇਸ ਲਈ ਗੱਠਜੋੜ ਨੂੰ ਤੈਅ ਮੰਨਣਾ ਜਲਦਬਾਜ਼ੀ ਹੋਵੇਗੀ, ਭਾਵੇਂ ਗੱਲਬਾਤ ਕਾਫ਼ੀ ਅੱਗੇ ਵਧੀ ਹੋਈ ਦੱਸੀ ਜਾ ਰਹੀ ਹੈ।

ਸਭ ਤੋਂ ਔਖਾ ਮਸਲਾ ਸੀਟਾਂ ਦੀ ਵੰਡ ਹੈ। ਪੁਰਾਣਾ 94-23 ਦਾ ਹਿਸਾਬ ਹੁਣ ਭਾਜਪਾ ਮੰਨਣ ਲਈ ਤਿਆਰ ਨਹੀਂ ਹੋਵੇਗੀ। ਭਾਜਪਾ ਦਾ ਕਹਿਣਾ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਵਿਚ ਉਸ ਦਾ ਵੋਟ ਹਿੱਸਾ ਅਕਾਲੀ ਦਲ ਨਾਲੋਂ ਵੱਧ ਰਿਹਾ ਅਤੇ ਉਸ ਨੇ ਪੰਜਾਬ ਵਿਚ ਆਪਣਾ ਸੰਗਠਨ ਵੀ ਵਧਾਇਆ ਹੈ। ਕੁਝ ਰਿਪੋਰਟਾਂ ਵਿਚ ਭਾਜਪਾ ਵੱਲੋਂ 50 ਤੋਂ 55 ਵਿਧਾਨ ਸਭਾ ਸੀਟਾਂ ਦੀ ਮੰਗ ਦਾ ਜ਼ਿਕਰ ਕੀਤਾ ਗਿਆ ਹੈ। ਜੇ ਭਾਜਪਾ ਲਗਭਗ ਅੱਧੀਆਂ ਸੀਟਾਂ ਲੈਂਦੀ ਹੈ, ਤਾਂ ਅਕਾਲੀ ਦਲ ਬਾਦਲ ਲਈ ਆਪਣੇ ਪੁਰਾਣੇ ਆਗੂਆਂ ਅਤੇ ਉਮੀਦਵਾਰਾਂ ਨੂੰ ਸੰਤੁਸ਼ਟ ਕਰਨਾ ਮੁਸ਼ਕਲ ਹੋਵੇਗਾ। ਉੱਪਰੋਂ ਜੇ ਪੁਨਰ ਸੁਰਜੀਤ ਧੜੇ ਦੇ ਕੁਝ ਆਗੂਆਂ ਨੂੰ ਵੀ ਇਸੇ ਗੱਠਜੋੜ ਵਿਚ ਥਾਂ ਦੇਣੀ ਪੈਂਦੀ ਹੈ, ਤਾਂ ਟਿਕਟਾਂ ਦਾ ਹਿਸਾਬ ਹੋਰ ਔਖਾ ਹੋ ਜਾਵੇਗਾ।

ਦੂਜਾ ਵੱਡਾ ਸਵਾਲ ਮੁੱਖ ਮੰਤਰੀ ਦੇ ਚਿਹਰੇ ਦਾ ਹੈ। ਅਕਾਲੀ ਦਲ ਚਾਹੇਗਾ ਕਿ ਗੱਠਜੋੜ ਦਾ ਮੁੱਖ ਮੰਤਰੀ ਉਮੀਦਵਾਰ ਉਸ ਦੀ ਪਾਰਟੀ ਵਿਚੋਂ ਹੋਵੇ। ਸੁਖਬੀਰ ਸਿੰਘ ਬਾਦਲ ਕੁਦਰਤੀ ਤੌਰ 'ਤੇ ਆਪਣੀ ਪਾਰਟੀ ਦੇ ਸਭ ਤੋਂ ਵੱਡੇ ਦਾਅਵੇਦਾਰ ਹੋ ਸਕਦੇ ਹਨ। ਪਰ ਭਾਜਪਾ ਹੁਣ ਆਪਣੇ ਆਪ ਨੂੰ ਛੋਟੇ ਭਰਾ ਦੀ ਭੂਮਿਕਾ ਵਿਚ ਰੱਖਣ ਲਈ ਤਿਆਰ ਨਹੀਂ ਦਿਖਦੀ। ਉਹ ਵੱਧ ਸੀਟਾਂ ਦੇ ਨਾਲ ਸਰਕਾਰ ਬਣਨ ਦੀ ਸੂਰਤ ਵਿਚ ਵੱਡਾ ਹਿੱਸਾ ਵੀ ਮੰਗ ਸਕਦੀ ਹੈ। ਮੁੱਖ ਮੰਤਰੀ, ਉਪ ਮੁੱਖ ਮੰਤਰੀ ਅਤੇ ਮੰਤਰੀਆਂ ਦੇ ਅਹੁਦਿਆਂ ਬਾਰੇ ਪਹਿਲਾਂ ਸਮਝੌਤਾ ਨਾ ਹੋਇਆ, ਤਾਂ ਚੋਣਾਂ ਤੋਂ ਬਾਅਦ ਝਗੜਾ ਪੈਦਾ ਹੋ ਸਕਦਾ ਹੈ। ਇਸ ਲਈ ਦੋਵੇਂ ਪਾਰਟੀਆਂ ਇਹ ਸਾਰੇ ਮਸਲੇ ਚੋਣਾਂ ਤੋਂ ਪਹਿਲਾਂ ਹੀ ਸੁਲਝਾਉਣਾ ਚਾਹੁੰਦੀਆਂ ਹੋਣਗੀਆਂ।

ਭਾਜਪਾ ਨੂੰ ਅਕਾਲੀ ਦਲ ਦੀ ਲੋੜ ਇਸ ਲਈ ਹੈ ਕਿਉਂਕਿ ਪੰਜਾਬ ਦੇ ਪਿੰਡਾਂ ਅਤੇ ਸਿੱਖ ਵੋਟਰਾਂ ਵਿਚ ਭਾਜਪਾ ਦੀ ਸਿੱਧੀ ਪਹੁੰਚ ਅਜੇ ਸੀਮਤ ਹੈ। ਭਾਜਪਾ ਨੇ ਪਾਰਟੀ ਦਾ ਢਾਂਚਾ ਵਧਾਇਆ ਹੈ ਅਤੇ ਕਈ ਸਿੱਖ ਆਗੂਆਂ ਨੂੰ ਆਪਣੇ ਨਾਲ ਜੋੜਿਆ ਹੈ, ਪਰ ਵਿਧਾਨ ਸਭਾ ਚੋਣਾਂ ਜਿੱਤਣ ਲਈ ਉਸ ਨੂੰ ਪਿੰਡ ਪੱਧਰ ਉੱਤੇ ਮਜ਼ਬੂਤ ਸਾਥੀ ਦੀ ਲੋੜ ਹੈ। ਅਕਾਲੀ ਦਲ ਬਾਦਲ ਕੋਲ ਕਮਜ਼ੋਰੀਆਂ ਦੇ ਬਾਵਜੂਦ ਅਜੇ ਵੀ ਪਿੰਡਾਂ ਵਿਚ ਪੁਰਾਣੇ ਵਰਕਰ ਅਤੇ ਸਥਾਨਕ ਆਗੂ ਮੌਜੂਦ ਹਨ। ਅਕਾਲੀ ਦਲ ਨੂੰ ਭਾਜਪਾ ਦੀ ਲੋੜ ਇਸ ਲਈ ਹੈ ਕਿਉਂਕਿ ਸ਼ਹਿਰੀ ਸੀਟਾਂ, ਹਿੰਦੂ ਵੋਟਰਾਂ ਅਤੇ ਕੇਂਦਰ ਨਾਲ ਸਬੰਧਾਂ ਵਿਚ ਭਾਜਪਾ ਉਸ ਲਈ ਮਦਦਗਾਰ ਹੋ ਸਕਦੀ ਹੈ।

ਇਸੇ ਥਾਂ ਪੁਨਰ ਸੁਰਜੀਤ ਅਕਾਲੀ ਦਲ ਦੀ ਸਭ ਤੋਂ ਵੱਡੀ ਮੁਸ਼ਕਲ ਸ਼ੁਰੂ ਹੁੰਦੀ ਹੈ। ਗਿਆਨੀ ਹਰਪ੍ਰੀਤ ਸਿੰਘ ਭਾਜਪਾ ਨਾਲ ਸਮਝੌਤਾ ਕਰਨ ਲਈ ਤਿਆਰ ਹਨ, ਪਰ ਸੁਖਬੀਰ ਸਿੰਘ ਬਾਦਲ ਨਾਲ ਨਹੀਂ। ਭਾਜਪਾ ਲਈ ਪੁਨਰ ਸੁਰਜੀਤ ਅਕਾਲੀ ਦਲ ਕੁਝ ਪੰਥਕ ਚਿਹਰੇ ਦੇ ਸਕਦਾ ਹੈ, ਪਰ ਕੀ ਇਹ ਧੜਾ ਪੂਰੇ ਪੰਜਾਬ ਵਿਚ ਉੱਨੇ ਵੋਟਰ, ਵਰਕਰ ਅਤੇ ਉਮੀਦਵਾਰ ਦੇ ਸਕਦਾ ਹੈ, ਜਿੰਨੇ ਅਕਾਲੀ ਦਲ ਬਾਦਲ ਦੇ ਸਕਦਾ ਹੈ? ਮੌਜੂਦਾ ਹਾਲਾਤ ਵਿਚ ਇਸ ਦਾ ਜਵਾਬ ਸ਼ਾਇਦ ਨਾਂਹ ਵਿਚ ਹੈ। ਇਸ ਕਰਕੇ ਭਾਜਪਾ ਲਈ ਪਹਿਲੀ ਪਸੰਦ ਅਕਾਲੀ ਦਲ ਬਾਦਲ ਨਾਲ ਵੱਡਾ ਸਮਝੌਤਾ ਹੋ ਸਕਦਾ ਹੈ, ਜਦਕਿ ਪੁਨਰ ਸੁਰਜੀਤ ਦੇ ਆਗੂਆਂ ਨੂੰ ਉਸ ਸਮਝੌਤੇ ਵਿਚ ਕਿਸੇ ਵੱਖਰੇ ਢੰਗ ਨਾਲ ਥਾਂ ਦੇਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ।

ਮੀਡੀਆ ਰਿਪੋਰਟਾਂ ਵਿਚ ਦਾਅਵਾ ਕੀਤਾ ਗਿਆ ਹੈ ਕਿ ਪੁਨਰ ਸੁਰਜੀਤ ਦੇ ਸੀਨੀਅਰ ਆਗੂਆਂ—ਬੀਬੀ ਜਗੀਰ ਕੌਰ, ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਗੋਬਿੰਦ ਸਿੰਘ ਲੌਂਗੋਵਾਲ—ਦੀ 2027 ਦੀਆਂ ਚੋਣਾਂ ਵਿਚ ਭੂਮਿਕਾ ਬਾਰੇ ਵੀ ਗੱਲਬਾਤ ਕੀਤੀ ਜਾ ਰਹੀ ਹੈ। ਇੱਕ ਸੰਭਾਵਨਾ ਇਹ ਦੱਸੀ ਗਈ ਹੈ ਕਿ ਇਨ੍ਹਾਂ ਵਿਚੋਂ ਕੁਝ ਆਗੂ ਤੱਕੜੀ ਦੇ ਨਿਸ਼ਾਨ ਉੱਤੇ ਚੋਣ ਲੜ ਸਕਦੇ ਹਨ। ਪਰ ਇਸ ਬਾਰੇ ਕੋਈ ਅਧਿਕਾਰਤ ਫ਼ੈਸਲਾ ਨਹੀਂ ਹੋਇਆ। ਗਿਆਨੀ ਹਰਪ੍ਰੀਤ ਸਿੰਘ ਦੇ ਤਾਜ਼ਾ ਬਿਆਨ ਨੇ ਅਜਿਹੇ ਕਿਸੇ ਪ੍ਰਬੰਧ ਉੱਤੇ ਸਵਾਲ ਜ਼ਰੂਰ ਖੜ੍ਹਾ ਕਰ ਦਿੱਤਾ ਹੈ।

ਹੁਣ ਸਵਾਲ ਇਹ ਹੈ ਕਿ ਕੀ ਪੁਨਰ ਸੁਰਜੀਤ ਦੇ ਸਾਰੇ ਆਗੂ ਗਿਆਨੀ ਹਰਪ੍ਰੀਤ ਸਿੰਘ ਦੇ ਫ਼ੈਸਲੇ ਨਾਲ ਅੰਤ ਤੱਕ ਖੜ੍ਹੇ ਰਹਿਣਗੇ। ਇਹ ਪਾਰਟੀ ਪਹਿਲਾਂ ਹੀ ਕੁਝ ਵੱਡੇ ਆਗੂ ਗੁਆ ਚੁੱਕੀ ਹੈ। ਮਨਪ੍ਰੀਤ ਸਿੰਘ ਇਯਾਲੀ ਨੇ ਮਈ 2026 ਵਿਚ ਪੁਨਰ ਸੁਰਜੀਤ ਦੇ ਸਾਰੇ ਅਹੁਦੇ ਛੱਡ ਦਿੱਤੇ ਅਤੇ ਜੂਨ ਵਿਚ ਅਕਾਲੀ ਦਲ ਵਾਰਿਸ ਪੰਜਾਬ ਦੇ ਨਾਲ ਚਲੇ ਗਏ। ਉਨ੍ਹਾਂ ਨੇ ਭਾਜਪਾ ਨਾਲ ਕਿਸੇ ਵੀ ਗੱਠਜੋੜ ਦਾ ਵਿਰੋਧ ਕੀਤਾ ਹੈ। ਸੁਰਜੀਤ ਸਿੰਘ ਰੱਖੜਾ ਪੁਨਰ ਸੁਰਜੀਤ ਤੋਂ ਵੱਖ ਹੋ ਕੇ ਆਮ ਆਦਮੀ ਪਾਰਟੀ ਵਿਚ ਚਲੇ ਗਏ। ਬਰਜਿੰਦਰ ਸਿੰਘ ਬਰਾੜ ਮੁੜ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਵਿਚ ਪਰਤ ਗਏ, ਜਦਕਿ ਚਰਨਜੀਤ ਸਿੰਘ ਬਰਾੜ ਭਾਜਪਾ ਵਿਚ ਚਲੇ ਗਏ। ਇਹ ਘਟਨਾਵਾਂ ਦੱਸਦੀਆਂ ਹਨ ਕਿ ਪੁਨਰ ਸੁਰਜੀਤ ਅੰਦਰ ਸਭ ਆਗੂਆਂ ਦੀ ਅਗਲੀ ਸਿਆਸੀ ਮੰਜ਼ਿਲ ਇੱਕੋ ਨਹੀਂ ਹੈ।

ਚੋਣਾਂ ਨੇੜੇ ਆਉਂਦਿਆਂ ਆਗੂ ਆਪਣੇ ਹਲਕੇ ਅਤੇ ਟਿਕਟ ਬਾਰੇ ਸੋਚਦੇ ਹਨ। ਜੇ ਕਿਸੇ ਆਗੂ ਨੂੰ ਲੱਗਦਾ ਹੈ ਕਿ ਉਸ ਦੀ ਮੌਜੂਦਾ ਪਾਰਟੀ ਕੋਲ ਜਿੱਤਣ ਵਾਲਾ ਨਿਸ਼ਾਨ, ਲੋੜੀਂਦੇ ਵਰਕਰ ਜਾਂ ਵੱਡਾ ਵੋਟ ਆਧਾਰ ਨਹੀਂ ਹੈ ਤਾਂ ਉਹ ਦੂਜੇ ਰਸਤੇ ਦੀ ਭਾਲ ਕਰਦਾ ਹੈ। ਪੁਨਰ ਸੁਰਜੀਤ ਦੇ ਕਈ ਆਗੂ ਪੁਰਾਣੇ ਅਕਾਲੀ ਹਨ ਅਤੇ ਉਨ੍ਹਾਂ ਨੇ ਸਾਲਾਂ ਤੱਕ

**ਗੁਰਜਤਿੰਦਰ ਸਿੰਘ ਰੰਧਾਵਾ**
ਮੁੱਖ ਸੰਪਾਦਕ, ਪੰਜਾਬ ਮੇਲ ਯੂ.ਐੱਸ.ਏ.
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



ਤੱਕੜੀ ਦੇ ਨਿਸ਼ਾਨ ਉੱਤੇ ਚੋਣਾਂ ਲੜੀਆਂ ਹਨ। ਜੇ ਅਕਾਲੀ ਦਲ ਬਾਦਲ ਅਤੇ ਭਾਜਪਾ ਦਾ ਮਜ਼ਬੂਤ ਗੱਠਜੋੜ ਬਣ ਜਾਂਦਾ ਹੈ, ਤਾਂ ਉਨ੍ਹਾਂ ਨੂੰ ਲੱਗ ਸਕਦਾ ਹੈ ਕਿ ਬਾਹਰ ਰਹਿਣ ਦੀ ਬਜਾਏ ਉਸੇ ਗੱਠਜੋੜ ਵਿਚ ਆਪਣੀ ਥਾਂ ਬਣਾਉਣਾ ਵਧੇਰੇ ਲਾਭਦਾਇਕ ਹੋਵੇਗਾ।

ਪਰ ਵਾਪਸੀ ਇੰਨੀ ਸੌਖੀ ਵੀ ਨਹੀਂ ਹੋਵੇਗੀ। ਜਿਹੜੇ ਆਗੂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਰੁੱਧ ਖੁੱਲ੍ਹ ਕੇ ਬੋਲਦੇ ਰਹੇ ਹਨ, ਉਨ੍ਹਾਂ ਨੂੰ ਵਾਪਸੀ ਲਈ ਆਪਣਾ ਪੁਰਾਣਾ ਸਟੈਂਡ ਬਦਲਣਾ ਪਵੇਗਾ। ਦੂਜੇ ਪਾਸੇ ਅਕਾਲੀ ਦਲ ਬਾਦਲ ਦੇ ਉਹ ਆਗੂ ਵੀ ਵਿਰੋਧ ਕਰ ਸਕਦੇ ਹਨ ਜਿਹੜੇ ਮੁਸ਼ਕਲ ਸਮੇਂ ਵਿਚ ਪਾਰਟੀ ਨਾਲ ਖੜ੍ਹੇ ਰਹੇ ਅਤੇ ਹੁਣ ਟਿਕਟ ਦੀ ਉਮੀਦ ਕਰ ਰਹੇ ਹਨ। ਜੇ ਬਾਹਰੋਂ ਪਰਤਣ ਵਾਲੇ ਆਗੂਆਂ ਨੂੰ ਟਿਕਟਾਂ ਮਿਲਦੀਆਂ ਹਨ, ਤਾਂ ਪਾਰਟੀ ਦੇ ਪੁਰਾਣੇ ਵਫ਼ਾਦਾਰ ਵਰਕਰ ਨਾਰਾਜ਼ ਹੋ ਸਕਦੇ ਹਨ। ਇਸ ਲਈ ਵਾਪਸੀ ਦਾ ਹਰ ਮਾਮਲਾ ਹਲਕੇ, ਉਮੀਦਵਾਰ ਦੀ ਤਾਕਤ ਅਤੇ ਸਥਾਨਕ ਹਾਲਾਤ ਦੇ ਆਧਾਰ ਉੱਤੇ ਤੈਅ ਹੋਵੇਗਾ।

ਗਿਆਨੀ ਹਰਪ੍ਰੀਤ ਸਿੰਘ ਲਈ ਵੀ ਇਹ ਸਿਰਫ਼ ਚੋਣ ਨਹੀਂ, ਸਗੋਂ ਆਪਣੀ ਭਰੋਸੇਯੋਗਤਾ ਦਾ ਸਵਾਲ ਹੈ। ਪੁਨਰ ਸੁਰਜੀਤ ਦਾ ਗਠਨ ਹੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਦੇ ਵਿਰੋਧ ਵਿਚ ਹੋਇਆ ਸੀ। ਜੇ ਗਿਆਨੀ ਹਰਪ੍ਰੀਤ ਸਿੰਘ ਬਿਨਾਂ ਕਿਸੇ ਵੱਡੇ ਬਦਲਾਅ ਦੇ ਉਸੇ ਅਗਵਾਈ ਨਾਲ ਸਮਝੌਤਾ ਕਰ ਲੈਂਦੇ ਹਨ, ਤਾਂ ਲੋਕ ਪੁੱਛਣਗੇ ਕਿ ਫਿਰ ਵੱਖਰੀ ਪਾਰਟੀ ਬਣਾਉਣ ਦੀ ਲੋੜ ਕੀ ਸੀ। ਇਸੇ ਕਰਕੇ ਉਨ੍ਹਾਂ ਨੇ ਭਾਜਪਾ ਨਾਲ ਗੱਲਬਾਤ ਦਾ ਦਰਵਾਜ਼ਾ ਖੁੱਲ੍ਹਾ ਰੱਖਿਆ ਹੈ, ਪਰ ਬਾਦਲ ਪਰਿਵਾਰ ਦੇ ਮਾਮਲੇ ਵਿਚ ਸਖ਼ਤ ਲਕੀਰ ਖਿੱਚੀ ਹੈ। ਇਹ ਲਕੀਰ ਉਨ੍ਹਾਂ ਦੀ ਆਪਣੀ ਸਿਆਸੀ ਪਛਾਣ ਬਚਾਉਣ ਲਈ ਜ਼ਰੂਰੀ ਹੈ, ਪਰ ਇਹ ਉਨ੍ਹਾਂ ਦੀ ਪਾਰਟੀ ਵਿਚ ਟੁੱਟ ਦਾ ਕਾਰਨ ਵੀ ਬਣ ਸਕਦੀ ਹੈ।

ਪੁਨਰ ਸੁਰਜੀਤ ਨੇ ਭਾਜਪਾ ਨਾਲ ਕਿਸੇ ਸਮਝੌਤੇ ਲਈ ਚੰਡੀਗੜ੍ਹ, ਪੰਜਾਬ ਦੇ ਦਰਿਆਈ ਪਾਣੀਆਂ, ਪੰਜਾਬੀ ਬੋਲਦੇ ਇਲਾਕਿਆਂ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਵਰਗੇ ਮਸਲਿਆਂ ਉੱਤੇ ਸਪੱਸ਼ਟ ਜਵਾਬ ਮੰਗਿਆ ਹੈ। ਇਹ ਮੰਗਾਂ ਉਸ ਨੂੰ ਅਕਾਲੀ ਦਲ ਬਾਦਲ ਨਾਲੋਂ ਵੱਧ ਸਖ਼ਤ ਪੰਥਕ ਧਿਰ ਵਜੋਂ ਪੇਸ਼ ਕਰਨ ਵਿਚ ਮਦਦ ਕਰ ਸਕਦੀਆਂ ਹਨ। ਪਰ ਭਾਜਪਾ ਇਨ੍ਹਾਂ ਮਸਲਿਆਂ ਉੱਤੇ ਕਿੰਨੀ ਦੂਰ ਤੱਕ ਜਾਣ ਲਈ ਤਿਆਰ ਹੋਵੇਗੀ, ਇਹ ਅਜੇ ਸਾਫ਼ ਨਹੀਂ ਹੈ। ਜੇ ਭਾਜਪਾ ਕੋਈ ਪੱਕਾ ਭਰੋਸਾ ਨਹੀਂ ਦਿੰਦੀ, ਤਾਂ ਪੁਨਰ ਸੁਰਜੀਤ ਲਈ ਆਪਣੇ ਸਮਰਥਕਾਂ ਅੱਗੇ ਗੱਠਜੋੜ ਨੂੰ ਠੀਕ ਦੱਸਣਾ ਮੁਸ਼ਕਲ ਹੋਵੇਗਾ।

ਮੌਜੂਦਾ ਹਾਲਾਤ ਵਿਚ ਪਹਿਲੀ ਸੰਭਾਵਨਾ ਇਹ ਹੈ ਕਿ ਭਾਜਪਾ ਅਤੇ ਅਕਾਲੀ ਦਲ ਬਾਦਲ ਦਾ ਸਿੱਧਾ ਗੱਠਜੋੜ ਹੋ ਜਾਵੇ। ਇਹ ਦੋਵਾਂ ਲਈ ਸਭ ਤੋਂ ਸੌਖਾ ਅਤੇ ਜਾਣਿਆ-ਪਛਾਣਿਆ ਰਸਤਾ ਹੈ। ਉਨ੍ਹਾਂ ਦੇ ਵਰਕਰ ਪਹਿਲਾਂ ਵੀ ਲੰਮਾ ਸਮਾਂ ਇਕੱਠੇ ਕੰਮ ਕਰ ਚੁੱਕੇ ਹਨ। ਦੋਵਾਂ ਦਾ ਵੋਟ ਆਧਾਰ ਇੱਕ-ਦੂਜੇ ਦੀ ਕਮੀ ਪੂਰੀ ਕਰ ਸਕਦਾ ਹੈ। ਪਰ ਇਸ ਸਮਝੌਤੇ ਲਈ ਸੀਟਾਂ, ਮੁੱਖ ਮੰਤਰੀ ਦੇ ਚਿਹਰੇ ਅਤੇ ਕਿਸਾਨੀ ਮਸਲਿਆਂ ਬਾਰੇ ਸਾਂਝੀ ਸੋਚ ਬਣਾਉਣੀ ਪਵੇਗੀ। ਅਕਾਲੀ ਦਲ ਨੂੰ ਵੀ ਸਮਝਾਉਣਾ ਪਵੇਗਾ ਕਿ 2020 ਵਿਚ ਜਿਸ ਭਾਜਪਾ ਨਾਲ ਖੇਤੀ ਕਾਨੂੰਨਾਂ ਕਰਕੇ ਰਿਸ਼ਤਾ ਤੋੜਿਆ ਸੀ, ਹੁਣ ਉਸੇ ਨਾਲ ਮੁੜ ਜਾਣ ਦੀ ਲੋੜ ਕਿਉਂ ਪਈ।

ਦੂਜੀ ਸੰਭਾਵਨਾ ਇਹ ਹੈ ਕਿ ਭਾਜਪਾ ਅਕਾਲੀ ਦਲ ਬਾਦਲ ਨਾਲ ਗੱਠਜੋੜ ਕਰੇ ਅਤੇ ਪੁਨਰ ਸੁਰਜੀਤ ਦੇ ਕੁਝ ਆਗੂ ਵਿਅਕਤੀਗਤ ਤੌਰ 'ਤੇ ਉਸ ਸਮਝੌਤੇ ਵਿਚ ਸ਼ਾਮਲ ਹੋ ਜਾਣ। ਇਸ ਹਾਲਤ ਵਿਚ ਗਿਆਨੀ ਹਰਪ੍ਰੀਤ ਸਿੰਘ ਆਪਣੀ ਵੱਖਰੀ ਪਾਰਟੀ ਚਲਾਉਂਦੇ ਰਹਿ ਸਕਦੇ ਹਨ, ਪਰ ਉਨ੍ਹਾਂ ਦੀ ਪਾਰਟੀ ਦਾ ਆਕਾਰ ਘੱਟ ਸਕਦਾ ਹੈ। ਟਿਕਟ ਦੀ ਉਮੀਦ ਰੱਖਣ ਵਾਲੇ ਆਗੂ ਸਮਾਂ ਰਹਿੰਦੇ ਆਪਣਾ ਫ਼ੈਸਲਾ ਕਰ ਸਕਦੇ ਹਨ। ਇਹ ਸਥਿਤੀ ਪੁਨਰ ਸੁਰਜੀਤ ਲਈ ਸਭ ਤੋਂ ਵੱਡਾ ਖ਼ਤਰਾ ਹੈ, ਕਿਉਂਕਿ ਪਾਰਟੀ ਕੋਲ ਪਹਿਲਾਂ ਹੀ ਵੱਡਾ ਜ਼ਮੀਨੀ ਢਾਂਚਾ ਨਹੀਂ ਹੈ।

ਤੀਜੀ ਸੰਭਾਵਨਾ ਭਾਜਪਾ, ਅਕਾਲੀ ਦਲ ਬਾਦਲ ਅਤੇ ਪੁਨਰ ਸੁਰਜੀਤ ਦੇ ਕਿਸੇ ਵੱਡੇ ਸਾਂਝੇ ਪ੍ਰਬੰਧ ਦੀ ਹੈ। ਪਰ ਗਿਆਨੀ ਹਰਪ੍ਰੀਤ ਸਿੰਘ ਦੇ ਤਾਜ਼ਾ ਬਿਆਨ ਤੋਂ ਬਾਅਦ ਇਹ ਰਸਤਾ ਬਹੁਤ ਔਖਾ ਦਿਖਾਈ ਦਿੰਦਾ ਹੈ। ਅਜਿਹਾ ਤਾਂ ਹੀ ਹੋ ਸਕਦਾ ਹੈ, ਜੇ ਸੁਖਬੀਰ ਸਿੰਘ ਬਾਦਲ ਦੀ ਭੂਮਿਕਾ ਬਾਰੇ ਕੋਈ ਨਵਾਂ ਪ੍ਰਬੰਧ ਬਣੇ ਜਾਂ ਪੁਨਰ ਸੁਰਜੀਤ ਦੇ ਆਗੂ ਗਿਆਨੀ ਹਰਪ੍ਰੀਤ ਸਿੰਘ ਤੋਂ ਵੱਖਰਾ ਫ਼ੈਸਲਾ ਕਰਨ। ਮੌਜੂਦਾ ਸਮੇਂ ਸੁਖਬੀਰ ਸਿੰਘ ਬਾਦਲ ਆਪਣੀ ਪਾਰਟੀ ਦੀ ਅਗਵਾਈ ਛੱਡਣ ਦੇ ਕੋਈ ਸੰਕੇਤ ਨਹੀਂ ਦੇ ਰਹੇ। ਇਸ ਲਈ ਤਿੰਨਾਂ ਧਿਰਾਂ ਦਾ ਇੱਕੋ ਮੰਚ ਉੱਤੇ ਆਉਣਾ ਸੰਭਵ ਤਾਂ ਹੈ, ਪਰ ਸੌਖਾ ਨਹੀਂ।

ਚੌਥੀ ਸੰਭਾਵਨਾ ਇਹ ਹੈ ਕਿ ਕੋਈ ਸਮਝੌਤਾ ਨਾ ਬਣੇ ਅਤੇ ਸਾਰੀਆਂ ਧਿਰਾਂ ਵੱਖ-ਵੱਖ ਚੋਣ ਲੜਨ। ਇਸ ਨਾਲ ਪੰਥਕ ਅਤੇ ਅਕਾਲੀ ਵੋਟ ਹੋਰ ਵੰਡਿਆ ਜਾਵੇਗਾ। ਅਕਾਲੀ ਦਲ ਬਾਦਲ, ਪੁਨਰ ਸੁਰਜੀਤ, ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਹੋਰ ਛੋਟੀਆਂ ਪੰਥਕ ਧਿਰਾਂ ਜੇ ਵੱਖਰੀਆਂ ਰਹੀਆਂ, ਤਾਂ ਇਸ ਦਾ ਸਿੱਧਾ ਲਾਭ ਆਮ ਆਦਮੀ ਪਾਰਟੀ ਜਾਂ ਕਾਂਗਰਸ ਨੂੰ ਮਿਲ ਸਕਦਾ ਹੈ। ਕਈ ਹਲਕਿਆਂ ਵਿਚ ਜਿੱਤ ਦਾ ਫ਼ਰਕ ਕੁਝ ਹਜ਼ਾਰ ਵੋਟਾਂ ਦਾ ਹੁੰਦਾ ਹੈ। ਜੇ ਇੱਕੋ ਸੋਚ ਵਾਲਾ ਵੋਟ ਤਿੰਨ ਜਾਂ ਚਾਰ ਪਾਸਿਆਂ ਵਿਚ ਵੰਡ ਗਿਆ, ਤਾਂ ਕਿਸੇ ਵੀ ਅਕਾਲੀ ਧਿਰ ਲਈ ਸੀਟ ਜਿੱਤਣੀ ਮੁਸ਼ਕਲ ਹੋਵੇਗੀ।

ਅਕਾਲੀ ਦਲ ਬਾਦਲ ਅਤੇ ਭਾਜਪਾ ਨੂੰ ਇਹ ਵੀ ਯਾਦ ਰੱਖਣਾ ਪਵੇਗਾ ਕਿ ਸਿਰਫ਼ ਦੋ ਪਾਰਟੀਆਂ ਦਾ ਜੋੜ ਚੋਣ ਜਿੱਤ ਦੀ ਪੱਕੀ ਗਾਰੰਟੀ ਨਹੀਂ ਹੁੰਦਾ। ਪੰਜਾਬ ਵਿਚ ਆਮ ਆਦਮੀ ਪਾਰਟੀ ਸਰਕਾਰ ਵਿਚ ਹੈ ਅਤੇ ਉਸ ਕੋਲ ਸਰਕਾਰੀ ਯੋਜਨਾਵਾਂ ਤੇ ਆਪਣਾ ਪੱਕਾ ਵੋਟ ਆਧਾਰ ਹੈ। ਕਾਂਗਰਸ ਵੀ ਪਿੰਡਾਂ, ਦਲਿਤ ਵੋਟਰਾਂ ਅਤੇ ਰਵਾਇਤੀ ਕਾਂਗਰਸੀ ਪਰਿਵਾਰਾਂ ਵਿਚ ਆਪਣੀ ਪਕੜ ਰੱਖਦੀ ਹੈ। ਅਕਾਲੀ-ਭਾਜਪਾ ਗੱਠਜੋੜ ਨੂੰ ਲੋਕਾਂ ਅੱਗੇ ਬੇਅਦਬੀ, ਨਸ਼ਿਆਂ, ਕਿਸਾਨੀ, ਬੇਰੁਜ਼ਗਾਰੀ, ਕਾਨੂੰਨ-ਵਿਵਸਥਾ, ਕਰਜ਼ੇ ਅਤੇ ਪੰਜਾਬ ਦੇ ਹੱਕਾਂ ਬਾਰੇ ਸਪੱਸ਼ਟ ਕਾਰਜਕ੍ਰਮ ਪੇਸ਼ ਕਰਨਾ ਪਵੇਗਾ। ਸਿਰਫ਼ ਪੁਰਾਣੀ ਦੋਸਤੀ ਦੇ ਨਾਂ ਉੱਤੇ ਵੋਟਰਾਂ ਨੂੰ ਮੁੜ ਆਪਣੇ ਨਾਲ ਜੋੜਨਾ ਆਸਾਨ ਨਹੀਂ ਹੋਵੇਗਾ।

ਕਿਸਾਨ ਅੰਦੋਲਨ ਦਾ ਅਸਰ ਵੀ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ। ਭਾਜਪਾ ਨੂੰ ਪਿੰਡਾਂ ਵਿਚ ਇਹ ਭਰੋਸਾ ਬਣਾਉਣਾ ਪਵੇਗਾ ਕਿ ਕਿਸਾਨਾਂ ਦੇ ਹੱਕਾਂ ਅਤੇ ਘੱਟੋ-ਘੱਟ ਸਮਰਥਨ ਮੁੱਲ ਵਰਗੇ ਮਸਲਿਆਂ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ। ਅਕਾਲੀ ਦਲ ਨੂੰ ਆਪਣੇ ਪੁਰਾਣੇ ਰਾਜ ਦੌਰਾਨ ਹੋਈਆਂ ਗਲਤੀਆਂ ਦਾ ਜਵਾਬ ਦੇਣਾ ਪਵੇਗਾ। ਪੁਨਰ ਸੁਰਜੀਤ ਨੂੰ ਦੱਸਣਾ ਪਵੇਗਾ ਕਿ ਉਹ ਸਿਰਫ਼ ਨਾਰਾਜ਼ ਅਕਾਲੀ ਆਗੂਆਂ ਦਾ ਗਰੁੱਪ ਨਹੀਂ, ਸਗੋਂ ਪੰਜਾਬ ਲਈ ਪੂਰਾ ਸਿਆਸੀ ਬਦਲ ਹੈ। ਤਿੰਨਾਂ ਧਿਰਾਂ ਦੀਆਂ ਆਪਣੀਆਂ-ਆਪਣੀਆਂ ਕਮਜ਼ੋਰੀਆਂ ਹਨ ਅਤੇ ਕੋਈ ਵੀ ਪਾਰਟੀ ਸਿਰਫ਼ ਦੂਜੀ ਦੀ ਕਮਜ਼ੋਰੀ ਦੇ ਆਸਰੇ ਸਰਕਾਰ ਨਹੀਂ ਬਣਾ ਸਕਦੀ।

ਸਮਾਂ ਹੁਣ ਸਭ ਤੋਂ ਵੱਡਾ ਕਾਰਨ ਬਣਦਾ ਜਾ ਰਿਹਾ ਹੈ। ਸੀਟਾਂ ਦੀ ਵੰਡ, ਉਮੀਦਵਾਰਾਂ ਦੀ ਚੋਣ, ਸਾਂਝਾ ਐਲਾਨਨਾਮਾ, ਮੁੱਖ ਮੰਤਰੀ ਦਾ ਚਿਹਰਾ ਅਤੇ ਵਰਕਰਾਂ ਦੀ ਸਾਂਝੀ ਮੁਹਿੰਮ ਇੱਕ ਜਾਂ ਦੋ ਹਫ਼ਤਿਆਂ ਵਿਚ ਤਿਆਰ ਨਹੀਂ ਹੁੰਦੀ। ਜੇ ਗੱਠਜੋੜ ਕਰਨਾ ਹੈ ਤਾਂ ਫ਼ੈਸਲਾ ਸਮੇਂ ਸਿਰ ਕਰਨਾ ਪਵੇਗਾ। ਦੇਰ ਨਾਲ ਹੋਏ ਸਮਝੌਤੇ ਵਿਚ ਬਾਗੀ ਉਮੀਦਵਾਰ, ਨਾਰਾਜ਼ ਵਰਕਰ ਅਤੇ ਹਲਕਿਆਂ ਵਿਚ ਆਪਸੀ ਖਿੱਚ ਵਧ ਜਾਂਦੀ ਹੈ। ਪੁਨਰ ਸੁਰਜੀਤ ਦੇ ਆਗੂਆਂ ਲਈ ਵੀ ਇਹ ਫ਼ੈਸਲੇ ਦੀ ਘੜੀ ਹੈ ਕਿ ਉਹ ਗਿਆਨੀ ਹਰਪ੍ਰੀਤ ਸਿੰਘ ਦੇ ਨਾਲ ਵੱਖਰਾ ਰਸਤਾ ਜਾਰੀ ਰੱਖਣਗੇ ਜਾਂ ਆਪਣੀ ਚੋਣ ਜਗ੍ਹਾ ਬਚਾਉਣ ਲਈ ਪੁਰਾਣੇ ਘਰ ਵੱਲ ਵਾਪਸੀ ਕਰਨਗੇ।

ਸਾਰੀ ਸਥਿਤੀ ਨੂੰ ਦੇਖਦਿਆਂ ਇਸ ਵੇਲੇ ਸਭ ਤੋਂ ਵੱਧ ਸੰਭਾਵਨਾ ਅਕਾਲੀ ਦਲ ਬਾਦਲ ਅਤੇ ਭਾਜਪਾ ਦੇ ਮੁੜ ਗੱਠਜੋੜ ਦੀ ਹੀ ਦਿਖਾਈ ਦਿੰਦੀ ਹੈ। ਦੋਵਾਂ ਨੇ ਵੱਖ-ਵੱਖ ਚੋਣ ਲੜ ਕੇ ਆਪਣੀ ਤਾਕਤ ਅਤੇ ਕਮਜ਼ੋਰੀ ਦੇਖ ਲਈ ਹੈ। ਭਾਜਪਾ ਨੂੰ ਪਿੰਡਾਂ ਅਤੇ ਸਿੱਖ ਵੋਟਰਾਂ ਵਿਚ ਸਾਥੀ ਚਾਹੀਦਾ ਹੈ, ਜਦਕਿ ਅਕਾਲੀ ਦਲ ਨੂੰ ਸ਼ਹਿਰੀ ਵੋਟ, ਵੱਡਾ ਸਿਆਸੀ ਸਹਾਰਾ ਅਤੇ ਕੇਂਦਰ ਨਾਲ ਮਜ਼ਬੂਤ ਸੰਪਰਕ ਚਾਹੀਦਾ ਹੈ। ਪਰ ਪੁਰਾਣਾ 94-23 ਵਾਲਾ ਸਮਾਂ ਮੁੜ ਨਹੀਂ ਆ ਸਕਦਾ। ਨਵੇਂ ਗੱਠਜੋੜ ਵਿਚ ਭਾਜਪਾ ਵੱਡਾ ਹਿੱਸਾ ਮੰਗੇਗੀ ਅਤੇ ਅਕਾਲੀ ਦਲ ਨੂੰ ਕਈ ਸਮਝੌਤੇ ਕਰਨੇ ਪੈ ਸਕਦੇ ਹਨ।

ਗਿਆਨੀ ਹਰਪ੍ਰੀਤ ਸਿੰਘ ਦਾ ਤਾਜ਼ਾ ਬਿਆਨ ਸਿਧਾਂਤਕ ਤੌਰ 'ਤੇ ਸਪੱਸ਼ਟ ਹੈ—ਭਾਜਪਾ ਨਾਲ ਮਸਲਿਆਂ ਦੇ ਆਧਾਰ ਉੱਤੇ ਗੱਲ ਹੋ ਸਕਦੀ ਹੈ, ਪਰ ਬਾਦਲ ਪਰਿਵਾਰ ਨਾਲ ਨਹੀਂ। ਪਰ ਸਿਆਸਤ ਵਿਚ ਸਿਰਫ਼ ਪ੍ਰਧਾਨ ਦਾ ਬਿਆਨ ਹੀ ਅੰਤਿਮ ਨਤੀਜਾ ਤੈਅ ਨਹੀਂ ਕਰਦਾ। ਪਾਰਟੀ ਦੇ ਆਗੂਆਂ ਦੀਆਂ ਟਿਕਟਾਂ, ਹਲਕਿਆਂ ਦੀ ਹਕੀਕਤ, ਵਰਕਰਾਂ ਦੀ ਰਾਏ ਅਤੇ ਜਿੱਤਣ ਦੀ ਸੰਭਾਵਨਾ ਵੀ ਫ਼ੈਸਲਿਆਂ ਨੂੰ ਬਦਲਦੀ ਹੈ। ਜੇ ਅਕਾਲੀ-ਭਾਜਪਾ ਗੱਠਜੋੜ ਬਣਦਾ ਹੈ, ਤਾਂ ਪੁਨਰ ਸੁਰਜੀਤ ਉੱਤੇ ਅੰਦਰੂਨੀ ਦਬਾਅ ਵਧੇਗਾ ਅਤੇ ਇਸ ਦੇ ਕੁਝ ਆਗੂ ਵੱਖਰਾ ਰਸਤਾ ਚੁਣ ਸਕਦੇ ਹਨ।

ਅੰਤ ਵਿਚ ਫ਼ੈਸਲਾ ਆਗੂਆਂ ਨੇ ਕਰਨਾ ਹੈ, ਪਰ ਪ੍ਰਵਾਨਗੀ ਪੰਜਾਬ ਦੇ ਵੋਟਰਾਂ ਨੇ ਦੇਣੀ ਹੈ। ਲੋਕ ਇਹ ਵੀ ਵੇਖਣਗੇ ਕਿ ਗੱਠਜੋੜ ਪੰਜਾਬ ਦੇ ਮਸਲੇ ਹੱਲ ਕਰਨ ਲਈ ਬਣ ਰਿਹਾ ਹੈ ਜਾਂ ਸਿਰਫ਼ ਸੱਤਾ ਹਾਸਲ ਕਰਨ ਲਈ। ਉਹ ਪੁੱਛਣਗੇ ਕਿ ਚੰਡੀਗੜ੍ਹ, ਦਰਿਆਈ ਪਾਣੀਆਂ, ਕਿਸਾਨੀ, ਬੰਦੀ ਸਿੰਘਾਂ, ਨਸ਼ਿਆਂ, ਰੁਜ਼ਗਾਰ ਅਤੇ ਪੰਜਾਬ ਦੇ ਵਧਦੇ ਕਰਜ਼ੇ ਬਾਰੇ ਸਾਂਝੀ ਨੀਤੀ ਕੀ ਹੈ। ਜੇ ਪਾਰਟੀਆਂ ਇਨ੍ਹਾਂ ਸਵਾਲਾਂ ਦਾ ਭਰੋਸੇਯੋਗ ਜਵਾਬ ਦੇ ਸਕੀਆਂ, ਤਾਂ ਗੱਠਜੋੜ ਸਾਰਥਕ ਨਤੀਜਾ ਦੇ ਸਕਦਾ ਹੈ। ਜੇ ਸਾਰੀ ਗੱਲ ਸਿਰਫ਼ ਸੀਟਾਂ, ਟਿਕਟਾਂ, ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੇ ਅਹੁਦਿਆਂ ਤੱਕ ਸੀਮਤ ਰਹੀ, ਤਾਂ ਪੁਰਾਣੇ ਸਾਥੀਆਂ ਦਾ ਮੁੜ ਮਿਲਣਾ ਵੀ ਪੰਜਾਬ ਦੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਕਾਫ਼ੀ ਨਹੀਂ ਹੋਵੇਗਾ। ਫਿਲਹਾਲ ਕਿਸੇ ਗੱਠਜੋੜ ਦਾ ਅਧਿਕਾਰਤ ਐਲਾਨ ਨਹੀਂ ਹੋਇਆ। ਅੰਦਰਖਾਤੇ ਗੱਲਬਾਤ ਦੀਆਂ ਰਿਪੋਰਟਾਂ ਜ਼ਰੂਰ ਹਨ, ਪਰ ਅਸਲ ਤਸਵੀਰ ਸੀਟਾਂ ਦੀ ਵੰਡ ਅਤੇ ਅਗਵਾਈ ਬਾਰੇ ਫ਼ੈਸਲਾ ਹੋਣ ਤੋਂ ਬਾਅਦ ਹੀ ਸਾਹਮਣੇ ਆਵੇਗੀ। ਆਉਣ ਵਾਲੇ ਕੁਝ ਹਫ਼ਤੇ ਅਕਾਲੀ ਦਲ ਬਾਦਲ, ਭਾਜਪਾ ਅਤੇ ਪੁਨਰ ਸੁਰਜੀਤ—ਤਿੰਨਾਂ ਦੇ ਸਿਆਸੀ ਭਵਿੱਖ ਲਈ ਬਹੁਤ ਮਹੱਤਵਪੂਰਨ ਹੋਣਗੇ। ਸਭ ਤੋਂ ਵੱਡੀ ਨਜ਼ਰ ਇਸ ਗੱਲ ਉੱਤੇ ਰਹੇਗੀ ਕਿ ਗਿਆਨੀ ਹਰਪ੍ਰੀਤ ਸਿੰਘ ਆਪਣੇ ਸਟੈਂਡ ਉੱਤੇ ਕਾਇਮ ਰਹਿੰਦੇ ਹਨ ਜਾਂ ਚੋਣ ਦਬਾਅ ਉਨ੍ਹਾਂ ਦੀ ਪਾਰਟੀ ਦੇ ਆਗੂਆਂ ਨੂੰ ਕਿਸੇ ਹੋਰ ਦਿਸ਼ਾ ਵੱਲ ਲੈ ਜਾਂਦਾ ਹੈ।

ਅੰਗਰੇਜ ਸਿੰਘ ਵਿਰਦੀ
ਮੋਬਾਇਲ : 94646-28857
ਪੰਜਾਬ ਮੇਲ USA



# ਵੰਡ ਦੇ ਦੁਖਾਂਤ 'ਤੇ ਬਣੀਆਂ ਦੋ ਕਲਾਸਿਕ ਫ਼ਿਲਮਾਂ ਕਰਤਾਰ ਸਿੰਘ ਅਤੇ ਚੌਧਰੀ ਕਰਨੈਲ ਸਿੰਘ









1947 ਦੀ ਵੰਡ ਤੋਂ ਬਾਅਦ ਦੋ ਹਿੱਸਿਆਂ ਵਿਚ ਤਕਸੀਮ ਹੋਏ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਪੰਜਾਬੀ ਸਿਨੇਮੇ ਵੱਲੋਂ ਵੰਡ ਦੇ ਦੁਖਾਂਤ 'ਤੇ ਬਣਾਈਆਂ ਦੋ ਕਲਾਸਿਕ ਫ਼ਿਲਮਾਂ ਕਰਤਾਰ ਸਿੰਘ ਅਤੇ ਚੌਧਰੀ ਕਰਨੈਲ ਸਿੰਘ ਐਸੀਆਂ ਫ਼ਿਲਮਾਂ ਹਨ, ਜਿਨ੍ਹਾਂ ਦੀ ਬੇਹਤਰੀਨ ਕਹਾਣੀ, ਸੰਗੀਤ ਅਤੇ ਅਦਾਕਾਰੀ ਨੇ ਇਨ੍ਹਾਂ ਫ਼ਿਲਮਾਂ ਨੂੰ ਪੰਜਾਬੀ ਸਿਨੇਮੇ ਦੀਆਂ ਸਦਾਬਹਾਰ ਕਲਾਸਿਕ ਅਤੇ ਯਾਦਗਾਰੀ ਫ਼ਿਲਮਾਂ ਵਜੋਂ ਅਮਰ ਕਰ ਦਿੱਤਾ।

ਲਹਿੰਦੇ ਪੰਜਾਬ ਦੀ ਸੁਪਰਹਿੱਟ ਪੰਜਾਬੀ ਫ਼ਿਲਮ ਕਰਤਾਰ ਸਿੰਘ ਵੰਡ ਦੇ ਦੁਖਾਂਤ 'ਤੇ ਬਣੀ ਇੱਕ ਐਸੀ ਫ਼ਿਲਮ ਹੈ, ਜਿਸ ਨੂੰ ਅੱਜ ਵੀ ਸਿਨੇ ਪ੍ਰੇਮੀ ਓਨੀ ਹੀ ਸ਼ਿੱਦਤ ਨਾਲ ਦੇਖਣਾ ਪਸੰਦ ਕਰਦੇ ਹਨ, ਜਿੰਨਾਂ ਪਹਿਲਾਂ ਕਰਦੇ ਸਨ। ਇਕ ਕਲਾਸਿਕ ਫ਼ਿਲਮ ਦਾ ਦਰਜਾ ਹਾਸਿਲ ਕਰਨ ਵਾਲੀ ਇਸ ਸੁਪਰਹਿੱਟ ਫ਼ਿਲਮ ਵਿਚ 47 ਤੋਂ ਪਹਿਲਾਂ ਦੇ ਪੰਜਾਬ ਦੇ ਹਾਲਾਤਾਂ ਨੂੰ ਅਤੇ 47 ਦੇ ਦੌਰਾਨ ਵੰਡ ਵੇਲੇ ਦੇ ਪੰਜਾਬ ਦੇ ਖ਼ੂਨੀ ਹਾਲਾਤਾਂ ਨੂੰ ਬੇਹੱਦ ਸੂਖਮਤਾ ਨਾਲ ਪੇਸ਼ ਕੀਤਾ ਗਿਆ ਹੈ। ਹਿੰਦੂ, ਸਿੱਖ ਅਤੇ ਮੁਸਲਮਾਨ ਕੌਮਾਂ ਦੇ ਆਪਸੀ ਪਿਆਰ, ਭਾਈਚਾਰਕ ਸਾਂਝ ਨੂੰ ਬੇਹੱਦ ਕਲਾਤਮਕ ਅਤੇ ਭਾਵਨਾਤਮਕ ਤਰੀਕੇ ਨਾਲ ਪੇਸ਼ ਕਰਦੀ ਇਸ ਖ਼ੂਬਸੂਰਤ ਫ਼ਿਲਮ ਨੂੰ ਬਣਾਉਣ ਵਾਲਾ ਸ਼ਖਸ ਅੰਮ੍ਰਿਤਸਰ ਸ਼ਹਿਰ ਦਾ ਜੰਮਪਲ ਸੈਫ਼ਉਦੀਨ ਸੈਫ਼ ਸਨ, ਜੋ ਕਿ ਇਕ ਬੇਹਤਰੀਨ ਸ਼ਾਇਰ, ਗੀਤਕਾਰ ਅਤੇ ਕਹਾਣੀਕਾਰ ਵਜੋਂ ਵੀ ਜਾਣੇ ਜਾਂਦੇ ਸਨ। 18 ਜੂਨ 1959 ਨੂੰ ਈਦ-ਉਲ-ਅਜ਼ਾ ਵਾਲੇ ਦਿਨ ਪ੍ਰਦਰਸ਼ਿਤ ਹੋਈ ਇਸ ਫ਼ਿਲਮ ਦੇ ਨਿਰਮਾਤਾ, ਨਿਰਦੇਸ਼ਕ ਅਤੇ ਲੇਖਕ ਵੀ ਸੈਫ਼ਉਦੀਨ ਸੈਫ਼ ਈ ਸਨ। ਸੰਗੀਤਕਾਰ ਸਲੀਮ ਇਕਬਾਲ ਦੀਆਂ ਖ਼ੂਬਸੂਰਤ ਧੁਨਾਂ ਨਾਲ ਸਜੀ ਇਸ ਫਿਲਮ ਵਿਚ ਕੁੱਲ ਅੱਠ ਗੀਤ ਸ਼ਾਮਿਲ ਕੀਤੇ ਗਏ ਸਨ, ਜਿਨ੍ਹਾਂ ਨੂੰ ਲਿਖਿਆ ਸੀ ਸੈਫ਼ਉਦੀਨ ਸੈਫ਼, ਵਾਰਿਸ ਲੁਧਿਆਣਵੀ, ਇਸਮਾਇਲ ਮਟਵਾਲਾ ਅਤੇ ਅੰਮ੍ਰਿਤਾ ਪ੍ਰੀਤਮ ਨੇ। ਫ਼ਿਲਮ ਵਿਚ ਮੁੱਖ ਕਿਰਦਾਰਾਂ ਵਿਚ ਨਜ਼ਰ ਆਏ ਸਨ ਅਦਾਕਾਰ ਸੁਧੀਰ, ਮੁਸੱਰਤ ਨਜ਼ੀਰ ਅਤੇ ਅਲਾਓਦੀਨ। ਸਹਾਇਕ ਅਦਾਕਾਰਾਂ ਵਿਚ ਸ਼ਾਮਿਲ ਸਨ ਬਹਾਰ, ਲੈਲਾ, ਜ਼ਰੀਫ਼ ਅਤੇ ਇਨਾਇਤ ਹੁਸੈਨ ਭੱਟੀ। ਫ਼ਿਲਮ ਵਿਚ ਕਰਤਾਰ ਸਿੰਘ ਦਾ ਕਿਰਦਾਰ ਅਦਾ ਕੀਤਾ ਸੀ ਅਲਾਓਦੀਨ ਨੇ ਅਤੇ ਨਾਇਕ ਉਮਰਦੀਨ ਦਾ ਕਿਰਦਾਰ ਸੁਧੀਰ ਨੇ ਅਦਾ ਕੀਤਾ ਸੀ। ਇਸ ਫ਼ਿਲਮ ਵਿਚ ਦੋ ਕਿਰਦਾਰਾਂ ਕਰਤਾਰ ਸਿੰਘ ਅਦਾਕਾਰ ਅਲਾਓਦੀਨ ਅਤੇ ਉਮਰਦੀਨ ਅਦਾਕਾਰ ਸੁਧੀਰ ਦੀ ਜ਼ਬਰਦਸਤ ਟੱਕਰ ਵਿਖਾਈ ਗਈ ਹੈ। ਫ਼ਿਲਮ ਵਿਚ ਮੁੱਖ ਜੋੜੀ ਵਿਚ ਨਜ਼ਰ ਆਏ ਸਨ ਮੁਸ਼ਰਤ ਨਜ਼ੀਰ ਅਤੇ ਸੁਧੀਰ। ਪਾਕਿਸਤਾਨ ਦੀ ਇਸ ਫ਼ਿਲਮ ਨੂੰ ਭਾਰਤੀ ਪੰਜਾਬ ਵਿਚ ਵੀ ਪ੍ਰਦਰਸ਼ਿਤ ਕੀਤਾ ਗਿਆ ਸੀ। ਵੈਸੇ ਤਾਂ ਇਸ ਫ਼ਿਲਮ ਦੇ ਸਾਰੇ ਗੀਤ ਈ ਸੁਪਰ ਹਿੱਟ ਸਨ ਪਰ ਦੋ ਗੀਤ 'ਦੇਸਾਂ ਦਾ ਰਾਜਾ ਮੇਰੇ ਬਾਬਲ ਦਾ ਪਿਆਰਾ ਵੀਰ ਮੇਰਾ ਘੋੜੀ ਚੜ੍ਹਿਆ' ਅਤੇ 'ਅੱਜ ਮੁੱਕ ਗਈ ਗ਼ਮਾਂ ਵਾਲੀ ਸ਼ਾਮ' ਬੇਹੱਦ ਭਾਵੁਕ ਕਰਨ ਵਾਲੇ ਬੇਹਤਰੀਨ ਗੀਤ ਹਨ।

ਚੜ੍ਹਦੇ ਪੰਜਾਬ ਦੀ ਪਹਿਲੀ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਪੰਜਾਬੀ ਫ਼ਿਲਮ ਚੌਧਰੀ ਕਰਨੈਲ ਸਿੰਘ 7 ਸਤੰਬਰ 1962 ਨੂੰ ਪ੍ਰਦਰਸ਼ਿਤ ਹੋਈ, ਜਿਸ ਦੇ ਨਿਰਮਾਤਾ ਨਿਰਦੇਸ਼ਕ ਸਨ ਕ੍ਰਿਸ਼ਨ ਕੁਮਾਰ ਅਤੇ ਇਸ ਫ਼ਿਲਮ ਦਾ ਸੰਗੀਤ ਤਿਆਰ ਕੀਤਾ ਸੀ ਸੰਗੀਤਕਾਰ ਹਰਬੰਸ ਨੇ। ਫ਼ਿਲਮ ਵਿਚ ਕੁੱਲ 8 ਗੀਤ ਸ਼ਾਮਿਲ ਕੀਤੇ ਗਏ ਸਨ, ਜਿਨ੍ਹਾਂ ਨੂੰ ਲਿਖਿਆ ਸੀ ਬੇਕਲ ਅੰਮ੍ਰਿਤਸਰੀ ਨੇ ਅਤੇ ਇਨ੍ਹਾਂ ਗੀਤਾਂ ਨੂੰ ਆਵਾਜ਼ਾਂ ਦਿੱਤੀਆਂ ਸਨ ਮੁਹੰਮਦ ਰਫ਼ੀ,

> ਲਹਿੰਦੇ ਪੰਜਾਬ ਦੀ ਸੁਪਰਹਿੱਟ ਪੰਜਾਬੀ ਫ਼ਿਲਮ ਕਰਤਾਰ ਸਿੰਘ ਵੰਡ ਦੇ ਦੁਖਾਂਤ 'ਤੇ ਬਣੀ ਇੱਕ ਐਸੀ ਫ਼ਿਲਮ ਹੈ, ਜਿਸ ਨੂੰ ਅੱਜ ਵੀ ਸਿਨੇ ਪ੍ਰੇਮੀ ਓਨੀ ਹੀ ਸ਼ਿੱਦਤ ਨਾਲ ਦੇਖਣਾ ਪਸੰਦ ਕਰਦੇ ਹਨ, ਜਿੰਨਾਂ ਪਹਿਲਾਂ ਕਰਦੇ ਸਨ। ਇਕ ਕਲਾਸਿਕ ਫ਼ਿਲਮ ਦਾ ਦਰਜਾ ਹਾਸਿਲ ਕਰਨ ਵਾਲੀ ਇਸ ਸੁਪਰਹਿੱਟ ਫ਼ਿਲਮ ਵਿਚ 47 ਤੋਂ ਪਹਿਲਾਂ ਦੇ ਪੰਜਾਬ ਦੇ ਹਾਲਾਤਾਂ ਨੂੰ ਅਤੇ 47 ਦੇ ਦੌਰਾਨ ਵੰਡ ਵੇਲੇ ਦੇ ਪੰਜਾਬ ਦੇ ਖ਼ੂਨੀ ਹਾਲਾਤਾਂ ਨੂੰ ਬੇਹੱਦ ਸੂਖਮਤਾ ਨਾਲ ਪੇਸ਼ ਕੀਤਾ ਗਿਆ ਹੈ।







ਆਸ਼ਾ ਭੌਂਸਲੇ, ਊਸ਼ਾ ਮੰਗੇਸ਼ਕਰ, ਸੁਰਿੰਦਰ ਕੋਹਲੀ, ਮੀਨੂੰ ਪ੍ਰਸ਼ੋਤਮ, ਸੁਮਨ ਕਲਿਆਣਪੁਰੀ ਅਤੇ ਐੱਸ. ਬਲਬੀਰ ਨੇ।

ਫਿਲਮ ਵਿਚ ਚੌਧਰੀ ਕਰਨੈਲ ਸਿੰਘ ਦੀ ਮੁੱਖ ਭੂਮਿਕਾ ਨਿਭਾਈ ਸੀ ਅਦਾਕਾਰ ਜਗਦੀਸ਼ ਸੇਠੀ ਨੇ ਅਤੇ ਫ਼ਿਲਮ ਦੇ ਨਾਇਕ ਸ਼ੇਰੇ ਦੀ ਭੂਮਿਕਾ ਵਿਚ ਨਜ਼ਰ ਆਏ ਸਨ ਅਦਾਕਾਰ ਪ੍ਰੇਮ ਚੋਪੜਾ। ਬਤੌਰ ਫ਼ਿਲਮੀ ਅਦਾਕਾਰ ਪ੍ਰੇਮ ਚੋਪੜਾ ਦੀ ਇਹ ਪਹਿਲੀ ਫ਼ਿਲਮ ਸੀ ਅਤੇ ਇਸ ਫ਼ਿਲਮ ਦੇ ਜ਼ਰੀਏ ਹੀ ਉਨ੍ਹਾਂ ਦੀ ਫ਼ਿਲਮੀ ਪਾਰੀ ਦੀ ਸ਼ੁਰੂਆਤ ਹੋਈ ਸੀ। ਫ਼ਿਲਮ ਵਿਚ ਨਾਇਕਾ ਨਾਜੀ ਦਾ ਕਿਰਦਾਰ ਅਦਾ ਕੀਤਾ ਸੀ ਮਸ਼ਹੂਰ ਅਦਾਕਾਰਾ ਜਬੀਨ ਨੇ ਅਤੇ ਖਲਨਾਇਕ ਵਜੋਂ ਮਸ਼ਹੂਰ ਅਦਾਕਾਰ ਮਦਨ ਪੁਰੀ ਨੇ ਚੌਧਰੀ ਕਰਨੈਲ ਸਿੰਘ ਦੇ ਪੁੱਤਰ ਬੂਟਾ ਸਿੰਘ ਦਾ ਕਿਰਦਾਰ ਅਦਾ ਕੀਤਾ ਸੀ। ਫ਼ਿਲਮ ਦੇ ਸਹਾਇਕ ਅਦਾਕਾਰਾ ਵਿਚ ਅਦਾਕਾਰ ਸੁੰਦਰ (ਸ਼ੇਰੇ ਦਾ ਦੋਸ਼ਤ ਫੱਤੂ), ਕ੍ਰਿਸ਼ਨਾ ਕੁਮਾਰੀ (ਨਾਜੀ ਦੀ ਸਹੇਲੀ ਲਾਜੋ), ਵਿਮਲਾ (ਫੱਤੂ ਦੀ ਮੰਗੇਤਰ ਜਮਾਲੋ), ਬੇਲਾ ਬੋਸ (ਮੁਜ਼ਰੇ ਵਾਲੀ), ਰਾਜਨਾਥ (ਨਾਜੀ ਦਾ ਬਾਪ ਫਜ਼ਲਦੀਨ) ਅਤੇ ਸ੍ਰੀ ਰਾਮ (ਲਾਜੋ ਦਾ ਮਾਮਾ ਮੂਲ ਚੰਦ) ਪ੍ਰਮੁੱਖ ਸਨ।

ਫ਼ਿਲਮ ਦੀ ਸ਼ੁਰੂਆਤ 47 ਤੋਂ ਪਹਿਲਾਂ ਦੇ ਪੰਜਾਬ ਦੇ ਇੱਕ ਐਸੇ ਪਿੰਡ ਤੋਂ ਹੁੰਦੀ ਹੈ, ਜਿਸ ਦਾ ਚੌਧਰੀ ਕਰਨੈਲ ਸਿੰਘ ਇੱਕ ਬਹੁਤ ਹੀ ਨੇਕਦਿੱਲ ਅਤੇ ਅਣਖੀ ਬੰਦਾ ਹੈ, ਜਿਸ ਦੀ ਪਿੰਡ ਵਾਸੀ ਹਿੰਦੂ, ਮੁਸਲਿਮ ਅਤੇ ਸਿੱਖ ਸਾਰੇ ਧਰਮਾਂ ਦੇ ਲੋਕ ਬਹੁਤ ਇੱਜ਼ਤ ਕਰਦੇ ਹਨ। ਇਸ ਫ਼ਿਲਮ ਵਿਚ ਮੁੱਖ ਜੋੜੀ ਸ਼ੇਰਾ ਅਤੇ ਨਾਜੀ ਦੀ ਪ੍ਰੇਮ ਕਹਾਣੀ ਨੂੰ ਵਿਖਾਇਆ ਗਿਆ ਹੈ।

ਫ਼ਿਲਮ ਦੀ ਕਹਾਣੀ ਵਿਚ ਉਦੋਂ ਮੋੜ ਆਉਂਦਾ ਹੈ, ਜਦੋਂ ਦੇਸ਼ ਦੀ ਵੰਡ ਹੋ ਜਾਂਦੀ ਹੈ। ਮੁਸਲਮਾਨ ਆਪਣੇ ਨਵੇਂ ਬਣੇ ਮੁਲਕ ਪਾਕਿਸਤਾਨ ਵੱਲ ਜਾ ਰਹੇ ਹੁੰਦੇ ਅਤੇ ਸਿੱਖ ਤੇ ਹਿੰਦੂ ਭਾਰਤ ਵੱਲ। ਚੌਧਰੀ ਕਰਨੈਲ ਸਿੰਘ ਹੋਰਾਂ ਦਾ ਪਿੰਡ ਚੜ੍ਹਦੇ ਪੰਜਾਬ ਵੱਲ ਆ ਜਾਂਦਾ। ਚੌਧਰੀ ਨੂੰ ਆਪਣੇ ਪਿੰਡ ਵਾਲਿਆਂ 'ਤੇ ਭਰੋਸਾ ਹੁੰਦਾ ਕਿ ਉਹ ਪਿੰਡ ਵਿਚ ਵਸਦੇ ਮੁਸਲਮਾਨਾਂ ਨੂੰ ਤੱਤੀ ਵਾਅ ਵੀ ਨਹੀਂ ਲੱਗਣ ਦੇਣਗੇ। ਪਰ ਉਸ ਦੇ ਪਿੰਡ 'ਤੇ ਲਾਗਲੇ ਪਿੰਡੋਂ ਆਈਆਂ ਫ਼ਿਰਕੂ ਜਨੂੰਨੀਆਂ ਦੀਆਂ ਭੀੜਾਂ ਹਮਲਾ ਕਰ ਦਿੰਦੀਆਂ। ਸ਼ੇਰਾ, ਉਸ ਦੀ ਮਾਂ, ਫੱਤੂ, ਜਮਾਲੋ ਅਤੇ ਜਮਾਲੋ ਦੀ ਅੰਨ੍ਹੀ ਮਾਂ ਜਾਨ ਬਚਾ ਕੇ ਪਿੰਡ ਵਿਚੋਂ ਨਿਕਲ ਜਾਂਦੇ ਤੇ ਉਹ ਸੁੱਖੀ ਸਾਂਦੀ ਪਾਕਿਸਤਾਨ ਪਹੁੰਚ ਜਾਂਦੇ। ਨਾਜੀ ਨੂੰ ਲਾਜੋ ਬਚਾ ਕੇ ਆਪਣੇ ਘਰ ਲੈ ਜਾਂਦੀ, ਜਿੱਥੋਂ ਉਹ ਨਾਜੀ ਨੂੰ ਚੌਧਰੀ ਦੇ ਘਰ ਛੱਡ ਆਉਂਦੀ। ਚੌਧਰੀ ਜਦੋਂ ਨਾਜੀ ਦੇ ਬਾਪ ਫ਼ਜ਼ਲਦੀਨ ਨੂੰ ਉਨ੍ਹਾਂ ਦੇ ਘਰ ਵੇਖਣ ਜਾਂਦਾ, ਤਾਂ ਉਸ ਨੂੰ ਉਹ ਜ਼ਖਮੀ ਹਾਲਤ ਵਿਚ ਪਿਆ ਮਿਲਦਾ, ਜੋ ਆਪਣੇ ਆਖਰੀ ਸਾਹ ਗਿਣ ਰਿਹਾ ਹੁੰਦਾ। ਫ਼ਜ਼ਲਦੀਨ ਮਰਦੇ ਵਕਤ ਚੌਧਰੀ ਕੋਲੋਂ ਇਹ ਵਚਨ ਲੈਂਦਾ ਕਿ ਉਹ ਨਾਜੀ ਨੂੰ ਆਪਣੀ ਧੀ ਬਣਾਕੇ ਉਸ ਦੀ ਡੋਲੀ ਆਪਣੇ ਹੱਥੀਂ ਤੋਰੇਗਾ। ਓਧਰ ਚੌਧਰੀ ਦੇ ਘਰ 'ਤੇ ਨਾਜੀ ਨੂੰ ਮਾਰਨ ਲਈ ਭੀੜ ਹਮਲਾ ਕਰ ਦਿੰਦੀ, ਜਿਸ ਕਰਕੇ ਲਾਜੋ ਨਾਜੀ ਨੂੰ ਘਰ ਤੋਂ ਨਸਾ ਦਿੰਦੀ, ਜਿਸ ਦਾ ਜਦੋਂ ਕਰਨੈਲ ਸਿੰਘ ਨੂੰ ਪਤਾ ਲੱਗਦਾ ਤਾਂ ਉਹ ਇਸ ਗੱਲੋਂ ਡਾਹਡਾ ਦੁੱਖੀ ਹੁੰਦਾ ਕਿ ਨਾਜੀ ਦੇ ਪਿਓ ਨੂੰ ਦਿੱਤਾ ਵਚਨ ਹੁਣ ਉਹ ਕਿੰਝ ਪੂਰਾ ਕਰੇਗਾ।

ਚੌਧਰੀ ਰਾਤ ਦੇ ਹਨੇਰੇ ਵਿਚ ਨਾਜੀ ਨੂੰ ਲੱਭਣ ਜਾਂਦਾ, ਜਿੱਥੇ ਉਸ ਨੂੰ ਬੂਟਾ ਤੇ ਉਸ ਦੇ ਸਾਥੀ ਮਿਲਦੇ, ਜੋ ਨਾਜੀ ਨੂੰ ਈ ਲੱਭ ਰਹੇ ਹੁੰਦੇ, ਤਾਂ ਜੋ ਉਸਤੋਂ ਸ਼ੇਰੇ ਦਾ ਬਦਲਾ ਲਿਆ ਜਾਵੇ ਪਰ ਚੌਧਰੀ ਅਜਿਹਾ ਨਹੀਂ ਹੋਣ ਦਿੰਦਾ, ਉਹ ਨਾਜੀ ਨੂੰ ਲੱਭ ਕੇ ਘਰ ਲੈ ਆਉਂਦਾ ਤੇ ਬੂਟੇ ਨੂੰ ਆਪਣੇ ਘਰੋਂ ਕੱਢ ਦਿੰਦਾ। ਭਾਰਤ ਆਜ਼ਾਦ ਹੋਣ ਤੋਂ ਬਾਅਦ ਛੇ ਮਹੀਨੇ ਨਾਜੀ ਚੌਧਰੀ ਦੇ ਘਰੇ ਉਸ ਦੀ ਧੀ ਬਣ ਕੇ ਰਹਿੰਦੀ। ਚੌਧਰੀ ਸ਼ੇਰੇ ਨੂੰ ਲੱਭਣ ਦੀਆਂ ਅਣਥੱਕ ਕੋਸ਼ਿਸ਼ਾਂ ਕਰਦਾ ਤੇ ਉਸ ਦੀਆਂ ਇਨ੍ਹਾਂ ਕੋਸ਼ਿਸ਼ਾਂ ਸਦਕਾ ਅਖੀਰ ਉਹ ਸ਼ੇਰੇ ਦਾ ਪਤਾ ਲੱਭ ਈ ਲੈਂਦਾ। ਫ਼ਿਲਮ ਦੇ ਆਖਰੀ ਦ੍ਰਿਸ਼ ਵਿਚ ਚੌਧਰੀ ਕਰਨੈਲ ਸਿੰਘ ਬਾਬਲ ਬਣ ਕੇ ਬੜੀ ਧੂਮਧਾਮ ਨਾਲ ਨਾਜ਼ੀ ਦਾ ਵਿਆਹ ਸ਼ੇਰੇ ਨਾਲ ਕਰਕੇ ਉਸ ਨੂੰ ਪਾਕਿਸਤਾਨ ਭੇਜ ਦਿੰਦਾ। ਇਸ ਤਰ੍ਹਾਂ ਫ਼ਿਲਮ ਧੀ ਦੀ ਵਿਦਾਈ ਦੇ ਮੌਕੇ 'ਤੇ ਮੁਹੰਮਦ ਰਫ਼ੀ ਜੀ ਦੇ ਗਾਏ ਇੱਕ ਬਹੁਤ ਹੀ ਖ਼ੂਬਸੂਰਤ ਵਿਦਾਈ ਦੇ ਗੀਤ 'ਘਰ ਬਾਬਲ ਦਾ ਛੱਡ ਕੇ ਧੀਏ' ਨਾਲ ਸਮਾਪਤ ਹੋ ਜਾਂਦੀ ਹੈ।

# ਪੰਜਾਬ ਕਾਂਗਰਸ: ਮਜ਼ਬੂਤ ਵੋਟ ਆਧਾਰ ਦੇ ਬਾਵਜੂਦ ਧੜੇਬੰਦੀ ਸਭ ਤੋਂ ਵੱਡੀ ਚੁਣੌਤੀ, ਰਾਹੁਲ ਗਾਂਧੀ ਦਾ ਦੌਰਾ ਕਿੰਨਾ ਬਦਲੇਗਾ ਹਾਲਾਤ?




ਗੁਰਜਤਿੰਦਰ ਸਿੰਘ ਰੰਧਾਵਾ
ਮੁੱਖ ਸੰਪਾਦਕ, ਪੰਜਾਬ ਮੇਲ ਯੂ.ਐੱਸ.ਏ.
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA


2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਕਾਂਗਰਸ ਨਾ ਪੂਰੀ ਤਰ੍ਹਾਂ ਕਮਜ਼ੋਰ ਹੈ, ਨਾ ਸਰਕਾਰ ਬਣਾਉਣ ਲਈ ਤਿਆਰ। ਉਸ ਕੋਲ ਪੁਰਾਣਾ ਸੰਗਠਨ, ਜਾਣੇ-ਪਛਾਣੇ ਆਗੂ, ਲੋਕ ਸਭਾ ਵਿਚ ਮਜ਼ਬੂਤ ਨੁਮਾਇੰਦਗੀ ਅਤੇ 'ਆਪ' ਤੋਂ ਨਾਰਾਜ਼ ਵੋਟਰਾਂ ਨੂੰ ਜੋੜਨ ਦਾ ਮੌਕਾ ਹੈ। ਦੂਜੇ ਪਾਸੇ ਧੜੇਬੰਦੀ, ਮੁੱਖ ਮੰਤਰੀ ਦੇ ਅਹੁਦੇ ਦੀ ਅਣਐਲਾਨੀ ਦੌੜ, ਸੂਬਾਈ ਪ੍ਰਧਾਨ ਦਾ ਵਿਰੋਧ ਅਤੇ ਪਿਛਲੀ ਸਰਕਾਰ ਦੀਆਂ ਅਧੂਰੀਆਂ ਵਚਨਬੱਧਤਾਵਾਂ ਵੱਡੀਆਂ ਰੁਕਾਵਟਾਂ ਹਨ। ਕਾਂਗਰਸ ਕੋਲ ਵਾਪਸੀ ਦਾ ਮੌਕਾ ਹੈ, ਪਰ ਹਾਲੇ ਲਹਿਰ ਨਹੀਂ ਬਣੀ। ਇਸੇ ਪਿਛੋਕੜ ਵਿਚ ਰਾਹੁਲ ਗਾਂਧੀ ਦਾ ਪ੍ਰਸਤਾਵਿਤ ਦੌਰਾ ਬਹੁਤ ਮਹੱਤਵਪੂਰਨ ਹੈ।

2017 ਵਿਚ ਕਾਂਗਰਸ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ 117 ਵਿਚੋਂ 77 ਸੀਟਾਂ ਅਤੇ ਲਗਭਗ 38.5 ਫ਼ੀਸਦੀ ਵੋਟਾਂ ਨਾਲ ਸੱਤਾ ਵਿਚ ਆਈ। ਕੈਪਟਨ ਦੀ ਨਿੱਜੀ ਸਾਖ, ਅਕਾਲੀ-ਭਾਜਪਾ ਸਰਕਾਰ ਵਿਰੁੱਧ ਨਾਰਾਜ਼ਗੀ ਅਤੇ ਤਜ਼ਰਬੇਕਾਰ ਮੁੱਖ ਮੰਤਰੀ ਦੀ ਉਮੀਦ ਨੇ ਕਾਂਗਰਸ ਦੇ ਹੱਕ ਵਿਚ ਮਾਹੌਲ ਬਣਾਇਆ। ਉਹ ਉਸ ਵੇਲੇ ਪੰਜਾਬ ਵਿਚ ਪਾਰਟੀ ਦਾ ਸਭ ਤੋਂ ਵੱਡਾ ਪ੍ਰਵਾਨਿਤ ਚਿਹਰਾ ਸਨ, ਇਸ ਲਈ ਜਿੱਤ ਨੂੰ ਵੱਡੇ ਪੱਧਰ ਉੱਤੇ ਉਨ੍ਹਾਂ ਦੀ ਨਿੱਜੀ ਜਿੱਤ ਵੀ ਮੰਨਿਆ ਗਿਆ।

2017 ਤੋਂ 2021 ਵਿਚਕਾਰ ਕੈਪਟਨ ਸਰਕਾਰ ਦੀ ਸਾਖ ਹੌਲੀ-ਹੌਲੀ ਘਟੀ। ਨਸ਼ਿਆਂ ਦੇ ਖ਼ਾਤਮੇ, ਘਰ-ਘਰ ਰੁਜ਼ਗਾਰ, ਕਿਸਾਨੀ ਕਰਜ਼ਾ ਮੁਆਫ਼ੀ ਅਤੇ ਬੇਅਦਬੀ ਤੇ ਪੁਲਿਸ ਗੋਲੀਕਾਂਡ ਵਿਚ ਨਿਆਂ ਬਾਰੇ ਲੋਕਾਂ ਦੀਆਂ ਉਮੀਦਾਂ ਪੂਰੀਆਂ ਨਹੀਂ ਹੋਈਆਂ। ਆਪਣੇ ਵਿਧਾਇਕਾਂ ਨੇ ਵੀ ਮੁੱਖ ਮੰਤਰੀ ਤੱਕ ਪਹੁੰਚ ਔਖੀ ਹੋਣ ਅਤੇ ਅਫ਼ਸਰਸ਼ਾਹੀ ਦਾ ਪ੍ਰਭਾਵ ਵਧਣ ਦੀ ਸ਼ਿਕਾਇਤ ਕੀਤੀ। ਆਖ਼ਰੀ ਸਾਲਾਂ ਤੱਕ ਕੈਪਟਨ ਦੀ ਲੋਕਪ੍ਰਿਯਤਾ ਘੱਟ ਚੁੱਕੀ ਸੀ, ਪਰ ਉਨ੍ਹਾਂ ਨੂੰ ਹਟਾਉਣ ਦਾ ਸਮਾਂ ਅਤੇ ਢੰਗ ਹੋਰ ਵੱਡੀ ਸਮੱਸਿਆ ਬਣਿਆ।

ਸਤੰਬਰ 2021 ਵਿਚ ਕਾਂਗਰਸ ਹਾਈਕਮਾਂਡ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਹਟਾ ਕੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ। ਸਮਾਜਿਕ ਨੁਮਾਇੰਦਗੀ ਦੇ ਪੱਖੋਂ ਇਹ ਇਤਿਹਾਸਕ ਫ਼ੈਸਲਾ ਸੀ, ਕਿਉਂਕਿ ਚੰਨੀ ਪੰਜਾਬ ਦੇ ਪਹਿਲੇ ਦਲਿਤ ਮੁੱਖ ਮੰਤਰੀ ਬਣੇ। ਪਰ ਇਹ ਤਬਦੀਲੀ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਹੋਈ। ਕੈਪਟਨ, ਨਵਜੋਤ ਸਿੰਘ ਸਿੱਧੂ ਅਤੇ ਚੰਨੀ ਵਿਚਕਾਰ ਖੁੱਲ੍ਹੀ ਖਿੱਚਤਾਣ ਨੇ ਲੋਕਾਂ ਨੂੰ ਇਹ ਪ੍ਰਭਾਵ ਦਿੱਤਾ ਕਿ ਕਾਂਗਰਸ ਸਰਕਾਰ ਚਲਾਉਣ ਦੀ ਥਾਂ ਆਪਣੀ ਅੰਦਰੂਨੀ ਲੜਾਈ ਵਿਚ ਉਲਝੀ ਹੋਈ ਹੈ। ਚੰਨੀ ਨੇ ਆਪਣੇ ਛੋਟੇ ਕਾਰਜਕਾਲ ਦੌਰਾਨ ਆਮ ਲੋਕਾਂ ਤੱਕ ਪਹੁੰਚ ਵਾਲੇ ਮੁੱਖ ਮੰਤਰੀ ਦਾ ਅਕਸ ਬਣਾਉਣ ਦੀ ਕੋਸ਼ਿਸ਼ ਕੀਤੀ। ਬਿਜਲੀ ਦਰਾਂ, ਬਕਾਇਆ ਬਿੱਲਾਂ, ਰੇਤ ਦੀਆਂ ਕੀਮਤਾਂ, ਮੁਲਾਜ਼ਮਾਂ ਅਤੇ ਸਮਾਜਿਕ ਭਲਾਈ ਨਾਲ ਜੁੜੇ ਫ਼ੈਸਲਿਆਂ ਰਾਹੀਂ ਉਨ੍ਹਾਂ ਨੇ ਤੇਜ਼ੀ ਨਾਲ ਲੋਕਪ੍ਰਿਯਤਾ ਬਣਾਉਣ ਦੀ ਕੋਸ਼ਿਸ਼ ਕੀਤੀ, ਪਰ ਲਗਭਗ 111 ਦਿਨਾਂ ਵਿਚ ਪੰਜ ਸਾਲ ਦੀ ਨਾਰਾਜ਼ਗੀ ਦੂਰ ਕਰਨੀ ਸੰਭਵ ਨਹੀਂ ਸੀ।

ਸਿੱਧੂ ਨਾਲ ਟਕਰਾਅ, ਚਿਹਰੇ ਬਾਰੇ ਦੇਰੀ ਨਾਲ ਫ਼ੈਸਲਾ ਅਤੇ ਜਾਂਚ ਵਿਵਾਦਾਂ ਨੇ ਮੁਹਿੰਮ ਨੂੰ ਨੁਕਸਾਨ ਪਹੁੰਚਾਇਆ। 2022 ਵਿਚ ਚੰਨੀ ਦੋਵੇਂ ਸੀਟਾਂ ਹਾਰ ਗਏ ਅਤੇ ਕਾਂਗਰਸ 18 ਸੀਟਾਂ 'ਤੇ ਲਗਭਗ 22.98 ਫ਼ੀਸਦੀ ਵੋਟਾਂ ਤੱਕ ਰਹਿ ਗਈ। ਹਾਈਕਮਾਂਡ ਲਈ ਸਬਕ ਸਪੱਸ਼ਟ ਹੈ ਕਿ ਚੋਣਾਂ ਤੋਂ ਪਹਿਲਾਂ ਮੁੜ ਅਜਿਹੀ ਅਸਥਿਰਤਾ ਪੈਦਾ ਨਾ ਹੋਵੇ।

ਇਸ ਹਾਰ ਦੇ ਬਾਵਜੂਦ ਕਾਂਗਰਸ ਦਾ ਆਧਾਰ ਖ਼ਤਮ ਨਹੀਂ ਹੋਇਆ। 2024 ਦੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਨੇ 13 ਵਿਚੋਂ ਸੱਤ ਸੀਟਾਂ ਜਿੱਤੀਆਂ। ਕਾਂਗਰਸ ਨੂੰ 26.30 ਅਤੇ ਆਮ ਆਦਮੀ ਪਾਰਟੀ ਨੂੰ 26.02 ਫ਼ੀਸਦੀ ਵੋਟਾਂ ਮਿਲੀਆਂ। ਚੰਨੀ ਦੀ ਜਲੰਧਰ, ਰੰਧਾਵਾ ਦੀ ਗੁਰਦਾਸਪੁਰ ਅਤੇ ਵੜਿੰਗ ਦੀ ਲੁਧਿਆਣਾ ਤੋਂ ਜਿੱਤ ਨੇ ਤਿੰਨਾਂ ਨੂੰ ਮੁੜ ਤਾਕਤ ਦਿੱਤੀ। ਪਰ ਲੋਕ ਸਭਾ ਦੀ ਜਿੱਤ 2027 ਦੀ ਗਾਰੰਟੀ ਨਹੀਂ, ਕਿਉਂਕਿ ਵਿਧਾਨ ਸਭਾ ਚੋਣਾਂ ਦੇ ਮੁੱਦੇ ਅਤੇ ਉਮੀਦਵਾਰ ਵੱਖਰੇ ਹੁੰਦੇ ਹਨ।

ਮਈ 2026 ਦੀਆਂ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਚੋਣਾਂ ਨੇ ਕਾਂਗਰਸ





ਦੀ ਕਮਜ਼ੋਰੀ ਵੀ ਸਾਹਮਣੇ ਰੱਖ ਦਿੱਤੀ। ਆਮ ਆਦਮੀ ਪਾਰਟੀ ਨੇ 1,977 ਵਾਰਡਾਂ ਵਿਚੋਂ 958 ਜਿੱਤੇ, ਜਦਕਿ ਕਾਂਗਰਸ 397 ਵਾਰਡਾਂ ਨਾਲ ਦੂਜੇ ਸਥਾਨ ਉੱਤੇ ਰਹੀ। ਅੱਠ ਨਗਰ ਨਿਗਮਾਂ ਵਿਚੋਂ ਕਾਂਗਰਸ ਸਿਰਫ਼ ਕਪੂਰਥਲਾ ਵਿਚ ਬਹੁਮਤ ਹਾਸਲ ਕਰ ਸਕੀ। ਇਸ ਦਾ ਮਤਲਬ ਹੈ ਕਿ ਕਾਂਗਰਸ ਨਾਲ ਲੋਕਾਂ ਦਾ ਇੱਕ ਪੱਕਾ ਹਿੱਸਾ ਜੁੜਿਆ ਹੋਇਆ ਹੈ, ਪਰ ਪਾਰਟੀ ਅਜੇ ਸੂਬਾ ਪੱਧਰੀ ਜਿੱਤ ਵਾਲਾ ਇੱਕਸਾਰ ਮਾਹੌਲ ਨਹੀਂ ਬਣਾ ਸਕੀ। ਲੋਕ ਸਭਾ ਵਿਚ ਮਜ਼ਬੂਤੀ ਅਤੇ ਸਥਾਨਕ ਚੋਣਾਂ ਵਿਚ ਦੂਰਲੇ ਦੂਜੇ ਸਥਾਨ ਦੀ ਕਾਰਗੁਜ਼ਾਰੀ—ਦੋਵੇਂ ਤਸਵੀਰਾਂ ਨੂੰ ਇਕੱਠਾ ਦੇਖਣਾ ਜ਼ਰੂਰੀ ਹੈ। ਕਾਂਗਰਸ ਕੋਲ ਵੋਟ ਹੈ, ਪਰ ਉਸ ਵੋਟ ਨੂੰ ਹਲਕਾ ਪੱਧਰ ਉੱਤੇ ਜਿੱਤ ਵਿਚ ਬਦਲਣ ਲਈ ਇਕਜੁੱਟ ਸੰਗਠਨ ਅਤੇ ਮਜ਼ਬੂਤ ਉਮੀਦਵਾਰ ਲੋੜੀਂਦੇ ਹਨ।

ਹਾਈਕਮਾਂਡ ਇਸ ਕਮਜ਼ੋਰੀ ਤੋਂ ਅਣਜਾਣ ਨਹੀਂ ਹੈ। ਅਪ੍ਰੈਲ 2026 ਤੋਂ ਲਗਭਗ 45 ਨਿਗਰਾਨਾਂ ਨੇ ਜ਼ਿਲ੍ਹਿਆਂ ਵਿਚ ਲੋਕਾਂ ਦਾ ਰੁਝਾਨ, ਸਮਾਜਿਕ ਸਮੀਕਰਨ, ਸੰਗਠਨ ਦੀ ਤਾਕਤ ਅਤੇ ਸੰਭਾਵੀ ਉਮੀਦਵਾਰਾਂ ਦੀ ਜਿੱਤਣ ਦੀ ਸਮਰੱਥਾ ਜਾਂਚੀ। 11 ਜੂਨ ਨੂੰ ਅਜੇ ਮਾਕਨ, ਮੀਨਾਕਸ਼ੀ ਨਟਰਾਜਨ ਅਤੇ ਭਜਨ ਲਾਲ ਜਾਟਵ ਦੀ ਕਮੇਟੀ ਨੇ ਸੰਸਦ ਮੈਂਬਰਾਂ, ਵਿਧਾਇਕਾਂ, ਜ਼ਿਲ੍ਹਾ ਪ੍ਰਧਾਨਾਂ ਅਤੇ 2022 ਦੇ ਉਮੀਦਵਾਰਾਂ ਨਾਲ ਮੁਲਾਕਾਤਾਂ ਕਰਕੇ ਰਿਪੋਰਟ ਦਿੱਤੀ। ਮਕਸਦ ਧੜੇਬੰਦੀ ਦੀ ਡੂੰਘਾਈ ਅਤੇ ਆਗੂਆਂ ਦਾ ਜ਼ਮੀਨੀ ਸਮਰਥਨ ਜਾਣਨਾ ਸੀ। ਰਿਪੋਰਟ ਤੋਂ ਬਾਅਦ 1 ਜੁਲਾਈ ਨੂੰ ਰਾਜਾ ਵੜਿੰਗ ਨੂੰ ਪ੍ਰਧਾਨ ਅਤੇ ਪ੍ਰਤਾਪ ਸਿੰਘ ਬਾਜਵਾ ਨੂੰ ਵਿਰੋਧੀ ਧਿਰ ਦਾ ਨੇਤਾ ਬਣਾਈ ਰੱਖਿਆ ਗਿਆ। ਚੰਨੀ ਨੂੰ ਪ੍ਰਚਾਰ, ਰੰਧਾਵਾ ਨੂੰ ਕੋਰ ਕਮੇਟੀ, ਵਿਜੇ ਇੰਦਰ ਸਿੰਗਲਾ ਨੂੰ ਚੋਣ ਪ੍ਰਬੰਧ ਤੇ ਤਾਲਮੇਲ ਅਤੇ ਡਾ. ਅਮਰ ਸਿੰਘ ਨੂੰ ਮਨੋਰਥ ਪੱਤਰ ਕਮੇਟੀ ਦਿੱਤੀ ਗਈ; ਸੁਖਵਿੰਦਰ ਡੈਨੀ, ਰਾਜ ਕੁਮਾਰ ਵੇਰਕਾ ਅਤੇ ਸੰਗਤ ਗਿਲਜੀਆਂ ਕਾਰਜਕਾਰੀ ਪ੍ਰਧਾਨ ਬਣੇ। ਇਸ ਨਾਲ ਪ੍ਰਧਾਨਗੀ ਖ਼ਤਮ ਨਹੀਂ ਹੋਈ, ਪਰ ਚੋਣ ਅਧਿਕਾਰ ਕਈ ਕੇਂਦਰਾਂ ਵਿਚ ਵੰਡ ਗਿਆ। ਵੜਿੰਗ ਸੰਗਠਨ ਦਾ ਅਧਿਕਾਰਤ ਚਿਹਰਾ ਹਨ, ਪਰ ਟਿਕਟਾਂ ਅਤੇ ਮੁੱਖ ਮੰਤਰੀ ਬਾਰੇ ਆਖ਼ਰੀ ਫ਼ੈਸਲਾ ਹਾਈਕਮਾਂਡ ਕੋਲ ਰਹੇਗਾ। ਨਿਗਰਾਨਾਂ ਦੇ ਆਉਣ ਤੋਂ ਬਾਅਦ ਸੰਗਠਨਕ ਜ਼ਿੰਮੇਵਾਰੀਆਂ ਦੀ ਵੰਡ ਤਾਂ ਹੋਈ, ਪਰ ਆਪਸੀ ਸਬੰਧਾਂ ਵਿਚ ਵੱਡਾ ਸੁਧਾਰ ਨਜ਼ਰ ਨਹੀਂ ਆਇਆ। ਚੰਨੀ ਅਤੇ ਰੰਧਾਵਾ ਨਾਲ ਜੁੜੇ ਕਈ ਆਗੂਆਂ ਨੇ ਵੜਿੰਗ ਨੂੰ ਹਟਾਉਣ ਦੀ ਮੰਗ ਜਾਰੀ ਰੱਖੀ। ਭੂਪੇਸ਼ ਬਘੇਲ ਦੀਆਂ ਮੀਟਿੰਗਾਂ ਨਾਲ ਵੀ ਪੂਰੀ ਸਹਿਮਤੀ ਨਹੀਂ ਬਣ ਸਕੀ। ਅਗਸਤ ਵਿਚ "ਹਰ ਬੂਥ ਕਾਂਗਰਸ ਮਜ਼ਬੂਤ" ਸਮਾਗਮਾਂ ਦੌਰਾਨ ਵੜਿੰਗ ਅਤੇ ਚੰਨੀ ਦੇ ਸਮਰਥਕਾਂ ਵਿਚਕਾਰ ਨਾਅਰੇਬਾਜ਼ੀ, ਧੱਕਾ-ਮੁੱਕੀ ਅਤੇ ਤਣਾਅ ਸਾਹਮਣੇ ਆਇਆ। 28 ਅਗਸਤ ਦੇ ਬਾਬਾ ਬਕਾਲਾ ਰੱਖੜ ਪੁੰਨਿਆ ਸਮਾਗਮ ਵਿਚ ਚੰਨੀ, ਰੰਧਾਵਾ, ਰਾਣਾ ਗੁਰਜੀਤ ਸਿੰਘ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਹੋਰ ਆਗੂ ਮੰਚ ਉੱਤੇ ਇਕੱਠੇ ਨਜ਼ਰ ਆਏ, ਜਦਕਿ ਰਾਜਾ ਵੜਿੰਗ ਅਤੇ ਉਨ੍ਹਾਂ ਦੇ ਕਈ ਸਮਰਥਕ ਗੈਰਹਾਜ਼ਰ ਰਹੇ। ਇਹ ਸਮਾਗਮ ਚੰਨੀ ਧੜੇ ਦੇ ਤਾਕਤ ਪ੍ਰਦਰਸ਼ਨ ਵਜੋਂ ਵੇਖਿਆ ਗਿਆ। ਇਸ ਲਈ ਨਿਗਰਾਨਾਂ ਨੇ ਬਿਮਾਰੀ ਦੀ ਪਛਾਣ ਤਾਂ ਕਰ ਲਈ, ਪਰ ਇਲਾਜ ਅਜੇ ਸਫ਼ਲ ਨਹੀਂ ਹੋਇਆ।

ਰਾਜਾ ਵੜਿੰਗ ਦੀ ਤਾਕਤ ਇਹ ਹੈ ਕਿ ਉਹ ਸੂਬਾਈ ਪ੍ਰਧਾਨ, ਲੁਧਿਆਣਾ ਤੋਂ ਸੰਸਦ ਮੈਂਬਰ ਅਤੇ ਮਾਲਵਾ ਵਿਚ ਆਪਣਾ ਆਧਾਰ ਰੱਖਣ ਵਾਲੇ ਆਗੂ ਹਨ। ਹਾਈਕਮਾਂਡ ਉਨ੍ਹਾਂ ਦੇ ਨਾਲ ਖੜ੍ਹੀ ਹੈ ਅਤੇ ਮੰਨਦੀ ਹੈ ਕਿ ਚੋਣਾਂ ਨੇੜੇ ਪ੍ਰਧਾਨ ਬਦਲਣ ਨਾਲ ਸੰਗਠਨ ਕਮਜ਼ੋਰ ਦਿਖ ਸਕਦਾ ਹੈ। ਪਰ ਚੰਨੀ, ਰੰਧਾਵਾ, ਪਰਗਟ ਸਿੰਘ ਅਤੇ ਕਈ ਸਾਬਕਾ ਮੰਤਰੀਆਂ ਦੇ ਵਿਰੋਧ ਕਾਰਨ ਉਨ੍ਹਾਂ ਲਈ ਆਪਣੇ ਅਧਿਕਾਰ ਨੂੰ ਜ਼ਮੀਨੀ ਏਕਤਾ ਵਿਚ ਬਦਲਣਾ ਔਖਾ ਹੈ। ਕੁਝ ਤਿੱਖੀਆਂ ਟਿੱਪਣੀਆਂ ਨੇ ਵੀ ਵਰਕਰਾਂ ਦੀ ਨਾਰਾਜ਼ਗੀ ਵਧਾਈ ਹੈ।

ਚਰਨਜੀਤ ਸਿੰਘ ਚੰਨੀ ਜਲੰਧਰ ਤੋਂ ਸੰਸਦ ਮੈਂਬਰ, ਸਾਬਕਾ ਮੁੱਖ ਮੰਤਰੀ, ਪ੍ਰਮੁੱਖ ਦਲਿਤ ਚਿਹਰੇ ਅਤੇ ਪ੍ਰਚਾਰ ਕਮੇਟੀ ਦੇ ਮੁਖੀ ਹਨ। ਨਿਗਰਾਨਾਂ ਦੀਆਂ ਮੁਲਾਕਾਤਾਂ ਅਤੇ ਬਾਬਾ ਬਕਾਲਾ ਦੇ ਇਕੱਠ ਨੇ ਉਨ੍ਹਾਂ ਦਾ ਸਮਰਥਨ ਦਿਖਾਇਆ, ਪਰ 2022 ਦੀ ਹਾਰ ਅਤੇ ਪਿਛਲੀ ਸਰਕਾਰ ਦੀ ਜ਼ਿੰਮੇਵਾਰੀ ਉਨ੍ਹਾਂ ਨਾਲ ਜੁੜੀ ਹੈ। ਉਨ੍ਹਾਂ ਨੂੰ ਆਪਣੀ ਤਾਕਤ ਵੜਿੰਗ ਵਿਰੁੱਧ ਲੜਾਈ ਦੀ ਥਾਂ ਪਾਰਟੀ ਦੇ ਵਿਸਥਾਰ ਲਈ ਵਰਤਣੀ ਪਵੇਗੀ, ਨਹੀਂ ਤਾਂ ਨਿੱਜੀ ਦਾਅਵੇਦਾਰੀ ਉਨ੍ਹਾਂ ਲਈ ਵੀ ਨੁਕਸਾਨਦਾਇਕ ਹੋ ਸਕਦੀ ਹੈ।

ਪ੍ਰਤਾਪ ਸਿੰਘ ਬਾਜਵਾ ਤਜ਼ਰਬੇਕਾਰ ਜੱਟ ਸਿੱਖ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਨ। ਸੁਖਜਿੰਦਰ ਸਿੰਘ ਰੰਧਾਵਾ ਗੁਰਦਾਸਪੁਰ ਤੋਂ ਸੰਸਦ ਮੈਂਬਰ, ਸਾਬਕਾ ਉਪ ਮੁੱਖ ਮੰਤਰੀ ਅਤੇ ਕੋਰ ਕਮੇਟੀ ਦੇ ਮੁਖੀ ਹਨ। ਵਿਜੇ ਇੰਦਰ ਸਿੰਗਲਾ ਪ੍ਰਮੁੱਖ ਹਿੰਦੂ ਚਿਹਰਾ ਅਤੇ ਚੋਣ ਪ੍ਰਬੰਧ ਕਮੇਟੀ ਦੇ ਮੁਖੀ ਹਨ, ਜਦਕਿ ਪਰਗਟ ਸਿੰਘ ਬੇਬਾਕ ਵਿਧਾਇਕ ਵਜੋਂ ਪਛਾਣ ਰੱਖਦੇ ਹਨ। ਰਾਣਾ ਗੁਰਜੀਤ ਸਿੰਘ, ਸੁਖਪਾਲ ਖਹਿਰਾ, ਡਾ. ਧਰਮਵੀਰ ਗਾਂਧੀ, ਗੁਰਜੀਤ ਔਜਲਾ, ਡਾ. ਅਮਰ ਸਿੰਘ, ਰਾਜ ਕੁਮਾਰ ਵੇਰਕਾ ਅਤੇ ਹੋਰ ਆਗੂ ਖੇਤਰੀ ਅਸਰ ਰੱਖਦੇ ਹਨ। ਨਵਜੋਤ ਸਿੰਘ ਸਿੱਧੂ ਅਜੇ ਪਾਰਟੀ ਵਿਚ ਹਨ, ਪਰ ਸਰਗਰਮ ਸਿਆਸਤ ਅਤੇ ਨਵੀਂ ਚੋਣ ਬਣਤਰ ਤੋਂ ਦੂਰ ਹਨ। ਮੁੱਖ ਮੰਤਰੀ ਲਈ ਚੰਨੀ, ਬਾਜਵਾ ਅਤੇ ਰੰਧਾਵਾ ਦੀ ਸਭ ਤੋਂ ਵੱਧ ਚਰਚਾ ਹੈ, ਪਰ ਹਾਈਕਮਾਂਡ ਫਿਲਹਾਲ ਸਮੂਹਿਕ ਅਗਵਾਈ ਹੇਠ ਚੋਣ ਲੜਨ ਦੇ ਰੁਖ਼ ਉੱਤੇ ਹੈ।

ਚੰਨੀ ਨਾਲ ਜੁੜੇ ਜਾਂਚ ਮਾਮਲਿਆਂ ਨੂੰ ਸਿਆਸੀ ਨਾਅਰਿਆਂ ਤੋਂ ਵੱਖ ਦੇਖਣਾ ਚਾਹੀਦਾ ਹੈ। 2023 ਵਿਚ ਆਮਦਨ ਤੋਂ ਵੱਧ ਜਾਇਦਾਦ ਦੀ ਮੁੱਢਲੀ ਜਾਂਚ ਵਿਚ ਉਨ੍ਹਾਂ ਤੋਂ ਪੁੱਛਗਿੱਛ ਹੋਈ ਅਤੇ ਅਪ੍ਰੈਲ 2026 ਵਿਚ ਵਿਜੀਲੈਂਸ ਨੇ ਗੋਆ ਦੀ ਸਰਕਾਰੀ ਜਾਇਦਾਦ ਦੀ ਲੀਜ਼ ਬਾਰੇ ਪੂਰੀ ਜਾਂਚ ਲਈ ਮਨਜ਼ੂਰੀ ਮੰਗੀ; ਚੰਨੀ ਨੇ ਇਸ ਨੂੰ ਬਦਲਾਖੋਰੀ ਕਿਹਾ। ਉਨ੍ਹਾਂ ਦੇ ਭਾਣਜੇ ਦਾ ਰੇਤ ਖਣਨ ਮਾਮਲਾ ਵੱਖਰਾ ਹੈ ਅਤੇ ਦੋਸ਼, ਜਾਂਚ ਤੇ ਦੋਸ਼ਸਿੱਧੀ ਇੱਕੋ ਗੱਲ ਨਹੀਂ ਹਨ।

ਪੰਜਾਬ ਦੇ ਲੋਕਾਂ ਸਾਹਮਣੇ ਅਸਲ ਮੁੱਦਾ ਸਿਰਫ਼ ਇਹ ਨਹੀਂ ਕਿ ਅਗਲਾ ਮੁੱਖ ਮੰਤਰੀ ਕੌਣ ਹੋਵੇਗਾ। ਰੁਜ਼ਗਾਰ, ਉਦਯੋਗ, ਨਸ਼ਾ, ਗੈਂਗਸਟਰਵਾਦ, ਕਾਨੂੰਨ-ਵਿਵਸਥਾ, ਖੇਤੀ ਸੰਕਟ, ਕਰਜ਼ਾ, ਪਰਵਾਸ, ਸਿਹਤ ਅਤੇ ਸਿੱਖਿਆ ਵੱਡੇ ਚੋਣ ਮੁੱਦੇ ਹਨ। ਪੰਜਾਬ ਦੇ ਆਰਥਿਕ ਸਰਵੇਖਣ ਮੁਤਾਬਕ 2025-26 ਵਿਚ ਸੂਬੇ ਦੀ ਅਸਲ ਆਰਥਿਕ ਵਾਧਾ ਦਰ ਲਗਭਗ 6.1 ਫ਼ੀਸਦੀ ਰਹਿਣ ਦਾ ਅਨੁਮਾਨ ਸੀ, ਜਦਕਿ ਦੇਸ਼ ਦੀ ਦਰ 7.4 ਫ਼ੀਸਦੀ ਦੱਸੀ ਗਈ। ਪੰਜਾਬ ਦੀ ਵਾਧਾ ਦਰ 2013-14 ਤੋਂ ਲਗਾਤਾਰ ਕੌਮੀ ਔਸਤ ਨਾਲੋਂ ਹੇਠਾਂ ਰਹੀ ਹੈ। 2026-27 ਦੇ ਬਜਟ ਵਿਚ ਸੂਬੇ ਦਾ ਕੁੱਲ ਕਰਜ਼ਾ ਮਾਰਚ 2027 ਤੱਕ ਲਗਭਗ 4.48 ਲੱਖ ਕਰੋੜ ਰੁਪਏ ਅਤੇ ਕੁੱਲ ਬਕਾਇਆ ਦੇਣਦਾਰੀਆਂ ਸੂਬਾਈ ਆਰਥਿਕ ਉਤਪਾਦ ਦੇ ਲਗਭਗ 45.1 ਫ਼ੀਸਦੀ ਤੱਕ ਰਹਿਣ ਦਾ ਅਨੁਮਾਨ ਹੈ। ਇਹ ਅੰਕੜੇ ਮੌਜੂਦਾ ਸਰਕਾਰ ਲਈ ਚੁਣੌਤੀ ਹਨ, ਪਰ ਪਿਛਲੀਆਂ ਸਰਕਾਰਾਂ ਦਾ ਹਿੱਸਾ ਰਹੀ ਕਾਂਗਰਸ ਲਈ ਵੀ ਜਵਾਬਦੇਹੀ ਦਾ ਸਵਾਲ ਖੜ੍ਹਾ ਕਰਦੇ ਹਨ।

ਪੰਜਾਬ ਵਿਚ ਵਿਕਾਸ ਬਿਲਕੁਲ ਨਾ ਹੋਣ ਦੀ ਗੱਲ ਅਤਿਕਥਨੀ ਹੋਵੇਗੀ, ਪਰ ਰੁਜ਼ਗਾਰ ਅਤੇ ਉਦਯੋਗਿਕ ਮੌਕਿਆਂ ਦੀ ਰਫ਼ਤਾਰ ਨੌਜਵਾਨਾਂ ਦੀਆਂ ਉਮੀਦਾਂ ਨਾਲ ਮੇਲ ਨਹੀਂ ਖਾਂਦੀ। ਪਰਵਾਸ, ਪੜ੍ਹੇ-ਲਿਖੇ ਨੌਜਵਾਨਾਂ ਦੀ ਬੇਰੁਜ਼ਗਾਰੀ ਅਤੇ ਰਵਾਇਤੀ ਉਦਯੋਗਾਂ ਦੀਆਂ ਮੁਸ਼ਕਲਾਂ ਗੰਭੀਰ ਹਨ। ਕਾਂਗਰਸ 'ਆਪ' ਨੂੰ ਘੇਰ ਸਕਦੀ ਹੈ, ਪਰ ਉਸ ਨੂੰ ਆਪਣੀ 2017-22 ਸਰਕਾਰ ਦਾ ਹਿਸਾਬ ਵੀ ਦੇਣਾ ਪਵੇਗਾ। ਪਾਰਟੀ ਨੂੰ ਨਿਵੇਸ਼, ਛੋਟੇ ਕਾਰੋਬਾਰ, ਖੇਤੀ-ਆਧਾਰਿਤ ਉਦਯੋਗ ਅਤੇ ਸਮਾਂਬੱਧ ਰੁਜ਼ਗਾਰ ਯੋਜਨਾ ਦੇ ਨਾਲ ਬੇਅਦਬੀ, ਬਹਿਬਲ ਕਲਾਂ-ਕੋਟਕਪੂਰਾ, ਬੰਦੀ ਸਿੰਘਾਂ, ਚੰਡੀਗੜ੍ਹ, ਦਰਿਆਈ ਪਾਣੀਆਂ ਅਤੇ ਪੰਜਾਬੀ ਬੋਲਦੇ ਇਲਾਕਿਆਂ ਬਾਰੇ ਇੱਕਸਾਰ ਨੀਤੀ ਰੱਖਣੀ ਪਵੇਗੀ।

ਕੇਂਦਰ ਵਿਚ ਕਾਂਗਰਸ ਦੀ ਸਰਕਾਰ ਨਾ ਹੋਣ ਕਾਰਨ ਵੋਟਰ ਪੁੱਛ ਸਕਦਾ ਹੈ ਕਿ ਪੰਜਾਬ ਵਿਚ ਉਸ ਦੀ ਸਰਕਾਰ ਬਣਨ ਨਾਲ ਕੇਂਦਰ ਨਾਲ ਜੁੜੇ ਮਸਲੇ ਕਿਵੇਂ ਹੱਲ ਹੋਣਗੇ। ਪਾਰਟੀ ਕੋਲ ਪੰਜਾਬ ਤੋਂ ਸੱਤ ਲੋਕ ਸਭਾ ਮੈਂਬਰਾਂ ਦਾ ਰਾਜਨੀਤਕ ਭਾਰ ਹੈ ਅਤੇ ਉਸ ਨੂੰ ਦੱਸਣਾ ਪਵੇਗਾ ਕਿ ਪਾਣੀਆਂ, ਕਿਸਾਨੀ, ਉਦਯੋਗ, ਸਰਹੱਦੀ ਜ਼ਿਲ੍ਹਿਆਂ, ਚੰਡੀਗੜ੍ਹ ਅਤੇ ਬੰਦੀ ਸਿੰਘਾਂ ਬਾਰੇ ਸੰਸਦ, ਅਦਾਲਤ ਅਤੇ ਕੇਂਦਰੀ ਮੰਤਰਾਲਿਆਂ ਅੱਗੇ ਕੀ ਸਾਂਝੀ ਕਾਰਵਾਈ ਹੋਵੇਗੀ। ਆਮ ਜਨਤਾ ਕੁਝ ਹੱਦ ਤੱਕ ਕਾਂਗਰਸ ਨਾਲ ਜੁੜੀ ਹੈ, ਪਰ ਅਜੇ ਦੇਖ ਰਹੀ ਹੈ ਕਿ ਪਾਰਟੀ ਪੁਰਾਣੀਆਂ ਗਲਤੀਆਂ ਮੰਨਦੀ ਹੈ ਜਾਂ ਨਵੇਂ ਚਿਹਰਿਆਂ ਨਾਲ ਪੁਰਾਣਾ ਢੰਗ ਦੁਹਰਾਉਂਦੀ ਹੈ।

ਇਸੇ ਪ੍ਰਸੰਗ ਵਿਚ ਰਾਹੁਲ ਗਾਂਧੀ ਦਾ ਪ੍ਰਸਤਾਵਿਤ ਪੰਜਾਬ ਦੌਰਾ ਬਹੁਤ ਅਹਿਮ ਹੈ। ਭੂਪੇਸ਼ ਬਘੇਲ ਨੇ ਰਾਹੁਲ ਅਤੇ ਪ੍ਰਿਯੰਕਾ ਗਾਂਧੀ ਨਾਲ ਮੁਲਾਕਾਤ ਕਰਕੇ ਸੂਬੇ ਵਿਚ ਬੱਸ ਯਾਤਰਾ ਦੀ ਯੋਜਨਾ ਉੱਤੇ ਚਰਚਾ ਕੀਤੀ ਹੈ। ਪਹਿਲਾਂ ਇਹ ਦੌਰਾ ਸਤੰਬਰ ਦੇ ਪਹਿਲੇ ਹਫ਼ਤੇ ਹੋਣ ਦੀ ਸੰਭਾਵਨਾ ਦੱਸੀ ਗਈ ਸੀ, ਪਰ ਹੁਣ ਇਹ ਦੂਜੇ ਹਫ਼ਤੇ ਤੱਕ ਵੀ ਹੋ ਸਕਦਾ ਹੈ। ਪੱਕੀ ਤਾਰੀਖ਼ ਅਤੇ ਅੰਤਿਮ ਪ੍ਰੋਗਰਾਮ ਅਜੇ ਜਾਰੀ ਨਹੀਂ ਕੀਤਾ ਗਿਆ। ਕਾਂਗਰਸੀ ਸੂਤਰਾਂ ਅਨੁਸਾਰ ਰਾਹੁਲ ਗਾਂਧੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਅੰਮ੍ਰਿਤਸਰ ਤੋਂ ਯਾਤਰਾ ਸ਼ੁਰੂ ਕਰ ਸਕਦੇ ਹਨ। ਇਸ ਦੌਰਾਨ ਉਹ ਆਗੂਆਂ ਅਤੇ ਵਰਕਰਾਂ ਦੇ ਨਾਲ ਕਿਸਾਨਾਂ, ਨੌਜਵਾਨਾਂ, ਮੁਲਾਜ਼ਮਾਂ, ਛੋਟੇ ਕਾਰੋਬਾਰੀਆਂ, ਉਦਯੋਗਪਤੀਆਂ ਅਤੇ ਸਮਾਜਿਕ ਜਥੇਬੰਦੀਆਂ ਨਾਲ ਗੱਲਬਾਤ ਕਰਕੇ ਪੰਜਾਬ ਦਾ ਰਾਜਨੀਤਕ ਰੁਝਾਨ ਜਾਣ ਸਕਦੇ ਹਨ।

ਰਾਹੁਲ ਗਾਂਧੀ ਦੇ ਆਉਣ ਨਾਲ ਵੜਿੰਗ, ਚੰਨੀ, ਬਾਜਵਾ, ਰੰਧਾਵਾ, ਸਿੰਗਲਾ ਅਤੇ ਪਰਗਟ ਸਿੰਘ ਨੂੰ ਇੱਕ ਮੰਚ ਉੱਤੇ ਆਉਣਾ ਪਵੇਗਾ। ਸਾਂਝੀ ਯਾਤਰਾ ਵਰਕਰਾਂ ਨੂੰ ਏਕਤਾ ਦਾ ਸੰਦੇਸ਼ ਦੇ ਕੇ ਮੁੱਖ ਮੰਤਰੀ ਦੀ ਨਿੱਜੀ ਦਾਅਵੇਦਾਰੀ ਪਿੱਛੇ ਕਰ ਸਕਦੀ ਹੈ। ਜ਼ਿਲ੍ਹਾ ਤੇ ਹਲਕਾ ਪੱਧਰ ਦੇ ਭੰਬਲਭੂਸੇ ਨੂੰ ਦੂਰ ਕਰਨ ਲਈ ਹਰ ਆਗੂ ਦੀ ਜ਼ਿੰਮੇਵਾਰੀ ਅਤੇ ਜਵਾਬਦੇਹੀ ਸਪੱਸ਼ਟ ਕਰਨੀ ਪਵੇਗੀ। ਜੇ ਦੌਰਾ ਰੈਲੀਆਂ ਤੇ ਤਸਵੀਰਾਂ ਤੱਕ ਸੀਮਤ ਰਿਹਾ, ਤਾਂ ਵੱਡਾ ਬਦਲਾਅ ਨਹੀਂ ਆਵੇਗਾ; ਪਿਛਲੀਆਂ ਗਲਤੀਆਂ ਮੰਨ ਕੇ ਠੋਸ ਕਾਰਜ-ਯੋਜਨਾ ਦੇਣ ਨਾਲ ਹੀ ਲੋਕਾਂ ਦਾ ਭਰੋਸਾ ਵਧੇਗਾ।

ਰਾਹੁਲ ਗਾਂਧੀ ਨੂੰ ਸਭ ਤੋਂ ਪਹਿਲਾਂ ਵੜਿੰਗ ਅਤੇ ਚੰਨੀ ਨਾਲ ਵੱਖਰੀਆਂ ਮੁਲਾਕਾਤਾਂ ਕਰਨ ਤੋਂ ਬਾਅਦ ਸਾਰੇ ਪ੍ਰਮੁੱਖ ਆਗੂਆਂ ਦੀ ਬੰਦ ਕਮਰਾ ਮੀਟਿੰਗ ਕਰਨੀ ਚਾਹੀਦੀ ਹੈ। ਇਸ ਵਿਚ ਸਪੱਸ਼ਟ ਕੀਤਾ ਜਾਵੇ ਕਿ ਕਿਸੇ ਆਗੂ ਜਾਂ ਉਸ ਦੇ ਸਮਰਥਕ ਨੂੰ ਦੂਜੇ ਕਾਂਗਰਸੀ ਆਗੂ ਵਿਰੁੱਧ ਜਨਤਕ ਬਿਆਨਬਾਜ਼ੀ, ਨਾਅਰੇਬਾਜ਼ੀ ਜਾਂ ਵੱਖਰਾ ਤਾਕਤ-ਪ੍ਰਦਰਸ਼ਨ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਅਨੁਸ਼ਾਸਨ ਤੋੜਨ ਵਾਲੇ ਵਿਰੁੱਧ ਅਹੁਦੇ ਅਤੇ ਪ੍ਰਭਾਵ ਦੀ ਪਰਵਾਹ ਕੀਤੇ ਬਿਨਾਂ ਕਾਰਵਾਈ ਹੋਵੇ। ਜੇ ਹਾਈਕਮਾਂਡ ਚੋਣਾਂ ਤੋਂ ਪਹਿਲਾਂ ਕਿਸੇ ਇੱਕ ਆਗੂ ਨੂੰ ਮੁੱਖ ਮੰਤਰੀ ਦਾ ਚਿਹਰਾ ਨਹੀਂ ਬਣਾਉਣਾ ਚਾਹੁੰਦੀ, ਤਾਂ ਇਹ ਫ਼ੈਸਲਾ ਵੀ ਸਪੱਸ਼ਟ ਤੌਰ ਉੱਤੇ ਐਲਾਨਿਆ ਜਾਵੇ। ਸਾਰੇ ਆਗੂ ਸਾਂਝਾ ਬਿਆਨ ਦੇਣ ਕਿ ਉਹ ਸਮੂਹਿਕ ਅਗਵਾਈ ਹੇਠ ਚੋਣ ਲੜਨਗੇ ਅਤੇ ਮੁੱਖ ਮੰਤਰੀ ਬਾਰੇ ਫ਼ੈਸਲਾ ਚੋਣਾਂ ਤੋਂ ਬਾਅਦ ਵਿਧਾਇਕਾਂ ਦੀ ਰਾਏ ਅਤੇ ਹਾਈਕਮਾਂਡ ਦੀ ਸਹਿਮਤੀ ਨਾਲ ਹੋਵੇਗਾ।

ਟਿਕਟਾਂ ਦੀ ਵੰਡ ਧੜਿਆਂ ਦੇ ਕੋਟੇ ਅਨੁਸਾਰ ਨਹੀਂ, ਸਗੋਂ ਜਿੱਤਣ ਦੀ ਸਮਰੱਥਾ, ਲੋਕਾਂ ਵਿਚ ਸਾਖ, ਇਮਾਨਦਾਰੀ, ਪਾਰਟੀ ਪ੍ਰਤੀ ਵਫ਼ਾਦਾਰੀ ਅਤੇ ਹਲਕੇ ਵਿਚ ਕੀਤੇ ਕੰਮ ਦੇ ਆਧਾਰ ਉੱਤੇ ਹੋਣੀ ਚਾਹੀਦੀ ਹੈ। ਸਰਵੇਖਣਾਂ ਦੀ ਤੁਲਨਾ ਜ਼ਿਲ੍ਹਾ ਵਰਕਰਾਂ ਅਤੇ ਆਮ ਲੋਕਾਂ ਦੀ ਰਾਏ ਨਾਲ ਕੀਤੀ ਜਾਵੇ ਅਤੇ ਟਿਕਟਾਂ ਸਮੇਂ ਸਿਰ ਐਲਾਨੀਆਂ ਜਾਣ। ਦੌਰੇ ਤੋਂ ਬਾਅਦ ਇੱਕ ਸੂਬਾਈ ਚੋਣ ਤਾਲਮੇਲ ਕੇਂਦਰ ਬਣਾਇਆ ਜਾਵੇ, ਜਿਸ ਵਿਚ ਹਰ ਵੱਡੇ ਧੜੇ ਦੇ ਨੁਮਾਇੰਦੇ ਸ਼ਾਮਲ ਹੋਣ ਅਤੇ ਹਫ਼ਤਾਵਾਰੀ ਤੌਰ ਉੱਤੇ ਹਲਕਿਆਂ ਦੀ ਸਥਿਤੀ ਦੀ ਸਮੀਖਿਆ ਕੀਤੀ ਜਾਵੇ। ਜੇ ਕੋਈ ਆਗੂ ਸਾਂਝੇ ਪ੍ਰੋਗਰਾਮ ਤੋਂ ਬਿਨਾਂ ਕਾਰਨ ਗੈਰਹਾਜ਼ਰ ਰਹਿੰਦਾ ਹੈ ਜਾਂ ਅੰਦਰੋਂ ਪਾਰਟੀ ਉਮੀਦਵਾਰ ਦਾ ਵਿਰੋਧ ਕਰਦਾ ਹੈ, ਤਾਂ ਉਸ ਦੀ ਰਿਪੋਰਟ ਸਿੱਧੀ ਹਾਈਕਮਾਂਡ ਨੂੰ ਭੇਜੀ ਜਾਵੇ। ਰਾਹੁਲ ਗਾਂਧੀ ਦੇ ਵਾਪਸ ਜਾਣ ਤੋਂ ਬਾਅਦ ਨਿਗਰਾਨੀ ਅਤੇ ਜਵਾਬਦੇਹੀ ਨਾ ਰਹੀ, ਤਾਂ ਕੁਝ ਦਿਨਾਂ ਬਾਅਦ ਧੜੇਬੰਦੀ ਮੁੜ ਸਾਹਮਣੇ ਆ ਸਕਦੀ ਹੈ।

2027 ਵਿਚ ਕਾਂਗਰਸ ਦਾ ਹਸ਼ਰ ਤਿੰਨ ਮੁੱਖ ਗੱਲਾਂ ਉੱਤੇ ਨਿਰਭਰ ਕਰੇਗਾ। ਪਹਿਲੀ, ਕੀ ਟਿਕਟਾਂ ਜਿੱਤਣ ਦੀ ਸਮਰੱਥਾ ਦੇ ਆਧਾਰ ਉੱਤੇ ਦਿੱਤੀਆਂ ਜਾਂਦੀਆਂ ਹਨ ਜਾਂ ਧੜਿਆਂ ਦੇ ਹਿੱਸੇ ਵਜੋਂ ਵੰਡੀਆਂ ਜਾਂਦੀਆਂ ਹਨ। ਦੂਜੀ, ਕੀ ਮੁੱਖ ਮੰਤਰੀ ਦੀ ਅਣਐਲਾਨੀ ਲੜਾਈ ਚੋਣ ਮੁਹਿੰਮ ਨੂੰ ਮੁੜ 2022 ਵਾਂਗ ਨੁਕਸਾਨ ਪਹੁੰਚਾਉਂਦੀ ਹੈ। ਤੀਜੀ, ਕੀ ਕਾਂਗਰਸ ਪੰਜਾਬ ਦੀ ਆਰਥਿਕਤਾ, ਨਸ਼ਿਆਂ, ਰੁਜ਼ਗਾਰ, ਕਾਨੂੰਨ-ਵਿਵਸਥਾ, ਸਿੱਖ ਮੁੱਦਿਆਂ ਅਤੇ ਕੇਂਦਰ-ਸੂਬਾ ਸਬੰਧਾਂ ਬਾਰੇ ਭਰੋਸੇਯੋਗ ਤੇ ਸਮਾਂਬੱਧ ਯੋਜਨਾ ਰੱਖਦੀ ਹੈ। ਸੰਭਾਵੀ ਅਕਾਲੀ-ਭਾਜਪਾ ਗੱਠਜੋੜ, ਪੰਥਕ ਧਿਰਾਂ ਅਤੇ ਆਮ ਆਦਮੀ ਪਾਰਟੀ ਦੀ ਰਣਨੀਤੀ ਵੀ ਵੋਟਾਂ ਦੀ ਵੰਡ ਨੂੰ ਪ੍ਰਭਾਵਿਤ ਕਰੇਗੀ। ਜੇ ਕਾਂਗਰਸ ਇਕਜੁੱਟ ਹੋ ਕੇ ਲੜਦੀ ਹੈ, ਤਾਂ ਉਹ ਆਮ ਆਦਮੀ ਪਾਰਟੀ ਦੀ ਸਭ ਤੋਂ ਵੱਡੀ ਚੁਣੌਤੀ ਬਣ ਸਕਦੀ ਹੈ; ਜੇ ਆਗੂ ਇੱਕ-ਦੂਜੇ ਦੇ ਉਮੀਦਵਾਰਾਂ ਨੂੰ ਕਮਜ਼ੋਰ ਕਰਦੇ ਰਹੇ, ਤਾਂ ਵੱਡਾ ਵੋਟ ਆਧਾਰ ਵੀ ਜਿੱਤ ਨਹੀਂ ਦਿਵਾ ਸਕੇਗਾ। ਅੱਜ ਦੀ ਹਕੀਕਤ ਇਹ ਹੈ ਕਿ ਪੰਜਾਬ ਕਾਂਗਰਸ ਕੋਲ ਮੌਕਾ ਵੱਡਾ ਹੈ, ਪਰ ਉਸ ਦੀ ਅੰਦਰੂਨੀ ਲੜਾਈ ਵੀ ਉਨੀ ਹੀ ਵੱਡੀ ਹੈ। ਕੈਪਟਨ ਦੇ ਸਮੇਂ ਵਾਲੀ ਇੱਕ-ਚਿਹਰਾ ਅਗਵਾਈ ਹੁਣ ਨਹੀਂ ਰਹੀ। ਚੰਨੀ ਕੋਲ ਸਮਾਜਿਕ ਨੁਮਾਇੰਦਗੀ ਅਤੇ ਜ਼ਮੀਨੀ ਸਮਰਥਨ, ਬਾਜਵਾ ਕੋਲ ਤਜ਼ਰਬਾ ਅਤੇ ਵਿਧਾਨ ਸਭਾ ਦੀ ਆਵਾਜ਼, ਰੰਧਾਵਾ ਕੋਲ ਸੰਗਠਨ ਤੇ ਮਾਝੇ ਦੀ ਪਕੜ, ਵੜਿੰਗ ਕੋਲ ਪ੍ਰਧਾਨਗੀ ਅਤੇ ਹਾਈਕਮਾਂਡ ਦਾ ਭਰੋਸਾ ਅਤੇ ਸਿੰਗਲਾ ਕੋਲ ਸੰਤੁਲਨ ਵਾਲੇ ਚਿਹਰੇ ਦੀ ਸੰਭਾਵਨਾ ਹੈ। ਰਾਹੁਲ ਗਾਂਧੀ ਦਾ ਦੌਰਾ ਇਨ੍ਹਾਂ ਤਾਕਤਾਂ ਨੂੰ ਇੱਕ ਦਿਸ਼ਾ ਵਿਚ ਜੋੜਨ ਦਾ ਮੌਕਾ ਬਣ ਸਕਦਾ ਹੈ, ਪਰ ਇਹ ਆਪਣੇ ਆਪ ਸਾਰੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੋਵੇਗਾ। ਜੇ ਉਹ ਸਿਰਫ਼ ਆਗੂਆਂ ਨਾਲ ਤਸਵੀਰ ਖਿੱਚਵਾ ਕੇ ਵਾਪਸ ਚਲੇ ਗਏ, ਤਾਂ ਪੁਰਾਣੀ ਸਥਿਤੀ ਜਾਰੀ ਰਹੇਗੀ। ਜੇ ਉਹ ਜ਼ਿੰਮੇਵਾਰੀਆਂ, ਅਨੁਸ਼ਾਸਨ, ਟਿਕਟ ਵੰਡ ਅਤੇ ਪੰਜਾਬ ਦੇ ਮੁੱਦਿਆਂ ਬਾਰੇ ਠੋਸ ਫ਼ੈਸਲੇ ਕਰਵਾਉਂਦੇ ਹਨ, ਤਾਂ ਇਹ ਦੌਰਾ 2027 ਦੀ ਵਾਪਸੀ ਲਈ ਮਹੱਤਵਪੂਰਨ ਮੋੜ ਸਾਬਤ ਹੋ ਸਕਦਾ ਹੈ। ਜੇ ਇਹ ਸਾਰੀਆਂ ਤਾਕਤਾਂ ਇਕੱਠੀਆਂ ਨਾ ਹੋਈਆਂ, ਤਾਂ ਕਾਂਗਰਸ ਦੀ ਸਭ ਤੋਂ ਵੱਡੀ ਵਿਰੋਧੀ ਕੋਈ ਹੋਰ ਪਾਰਟੀ ਨਹੀਂ, ਸਗੋਂ ਕਾਂਗਰਸ ਆਪ ਹੋਵੇਗੀ।

ਰਾਜ ਕੁਮਾਰ
ਰਾਹੋਂ ਰੋਡ, ਲੁਧਿਆਣਾ
(ਮੋ) : 94631-73312
ਪੰਜਾਬ ਮੇਲ USA

# ਧੁਨਾਂ ਤੋਂ ਅੱਖਰ ਬਣਨ ਦਾ ਅਡਰੇਵਾਂ

ਜਦ ਅਸੀਂ ਸੰਸਾਰ ਦੀਆਂ ਅੱਡੋ-ਅੱਡ ਬੋਲੀਆਂ ਦੀਆਂ ਧੁਨਾਂ ਨੂੰ ਸੁਣਦੇ ਜਾਂ ਪੜ੍ਹਦੇ ਹਾਂ, ਤਾਂ ਇਸ ਤੋਂ ਸਾਨੂੰ ਸੰਸਾਰ ਦੀਆਂ ਬੋਲੀਆਂ ਦਾ ਅਡਰੇਵਾਂ ਨਜ਼ਰ ਆਉਣਾ ਸ਼ੁਰੂ ਹੋ ਜਾਂਦਾ ਹੈ, ਜਿਸ ਤੋਂ ਸਾਨੂੰ ਕਿਸੇ ਬੋਲੀ ਵਿਚ ਦੂਜੀ ਬੋਲੀ ਦੇ ਮੁਕਾਬਲੇ ਕੋਈ ਧੁਨ ਵੱਧ ਜਾਂ ਘੱਟ ਹੁੰਦੀ ਹੈ, ਦਾ ਫਰਕ ਅਸਾਨੀ ਨਾਲ ਪਤਾ ਚਲ ਜਾਂਦਾ ਹੈ। ਉਦਾਹਰਨ ਦੇ ਤੌਰ 'ਤੇ ਪੰਜਾਬੀ ਵਿਚ ਮੁਢਲੇ ਤੌਰ 'ਤੇ 35 ਧੁਨਾਂ ਨੂੰ ਮੰਨਿਆ ਗਿਆ ਹੈ, ਇੰਗਲਿਸ਼ ਵਿਚ 26 ਧੁਨਾਂ ਅਤੇ ਗ੍ਰੀਕ ਵਿਚ 24 ਧੁਨਾਂ ਨੂੰ ਮੰਨਿਆ। ਦੂਜਾ ਵੱਡਾ ਫਰਕ ਧੁਨਾਂ ਨੂੰ ਅੱਡੋ-ਅੱਡ ਅੱਖਰਾਂ ਵਿਚ ਲਿਖਣਾ, ਜਿਵੇ ਪੰਜਾਬੀ ਨੂੰ ਗੁਰਮੁੱਖੀ ਵਿਚ ਲਿਖਣਾ, ਇੰਗਲਿਸ਼ ਨੂੰ ਰੋਮਨ ਵਿਚ ਲਿਖਣਾ ਅਤੇ ਗ੍ਰੀਕ ਨੂੰ ਅਲ਼ਫਾ ਬੀਤਾ (ਗ੍ਰੀਕੀ ਅੱਖਰ) ਵਿਚ ਲਿਖਣਾ ਆਦਿ। ਤੀਜਾ ਵੱਡਾ ਫਰਕ ਧੁਨਾਂ ਨੂੰ ਸ਼ਬਦਾ ਵਿਚ ਲਿਖ ਕੇ ਪਤਾ ਕਰ ਸਕਦੇ ਹਾਂ। ਸੋ ਇਸ ਤਰ੍ਹਾਂ ਅਸੀਂ ਉਪਰੋਕਤ ਦਰਸਾਏ ਫਰਕ ਕਰਕੇ ਦੱਸ ਸਕਦੇ ਹਾਂ ਕਿ ਇੱਕ ਬੋਲੀ ਦੂਜੀ ਬੋਲੀ ਨਾਲੋਂ ਕਿਵੇਂ ਅੱਡ ਹੈ। ਸੰਸਾਰ ਦੇ ਪ੍ਰਸਿੱਧ ਭਾਸ਼ਾ ਵਿਗਿਆਨੀ ਡਾ. ਮੈਕਸ ਮੂਲਰ ਨੇ ਪੰਜਾਬੀ ਬੋਲੀ ਨੂੰ **Indo-Aryan** ਦੀ ਬ੍ਰਾਂਚ ਮੰਨਿਆ ਹੈ, ਜੋ ਕਿ **Indo-European Language Family** ਨਾਲ ਸਬੰਧ ਰੱਖਦੀ ਹੈ। ਪਰ ਮੇਰੇ ਵਿਚਾਰ ਅਨੁਸਾਰ ਅਜਿਹਾ ਬਿਲਕੁੱਲ ਨਹੀਂ ਹੈ। ਕਿਉਂਕਿ ਜਦੋਂ ਅਸੀਂ ਪੰਜਾਬੀ ਬੋਲੀ ਦੇ ਗਰਾਮਰ ਨੂੰ ਦੂਜੀਆਂ ਬੋਲੀਆਂ ਦੇ ਗਰਾਮਰਾਂ ਨਾਲ਼ ਮੜਿਕ ਕੇ ਦੇਖਦੇ ਹਾਂ, ਤਾਂ ਸਾਨੂੰ ਇਸ ਵਿਚ ਕੁੱਝ ਵੀ ਸਾਂਝ ਨਜ਼ਰ ਨਹੀ ਆਉਂਦੀ। ਗਰਾਮਰ ਬੋਲੀ ਦਾ **DnA (Detail & Analysis)** ਹੁੰਦਾ ਹੈ। ਜੇ ਕਰ ਪੰਜਾਬੀ ਬੋਲੀ ਦਾ ਗਰਾਮਰ ਦੂਜੀ ਬੋਲੀਆਂ ਦੇ ਗਰਾਮਰ ਨਾਲ ਮੇਲ਼ ਨਹੀਂ ਖਾਂਦਾ, ਤਾਂ ਕਿਵੇਂ ਕਹਿ ਸਕਦੇ ਹਾਂ ਕਿ ਪੰਜਾਬੀ ਬੋਲੀ **Indo-Aryan** ਅਤੇ **Indo-European Language Family** ਨਾਲ ਸਬੰਧ ਰੱਖਦੀ ਹੈ।

ਜਿੱਥੇ ਰਹੀ ਗੱਲ ਅਰਬੀ ਜਾਂ ਈਰਾਨੀ ਬੋਲੀ ਦੀ, ਇਨ੍ਹਾਂ ਬੋਲੀਆਂ ਦਾ ਸਬੰਧ ਵੀ ਮਿਡਲ ਈਸਟ ਦੀ ਬੋਲੀਆਂ ਨਾਲ ਹੈ ਕਿਉਂਕਿ ਇਹ ਇਲਾਕੇ ਇਨ੍ਹਾਂ ਬੋਲੀਆਂ ਦੇ ਸ਼ੁਰੂ ਤੋਂ ਹੀ ਧੁਰਾ ਰਹੇ ਹਨ। ਇਸ ਗੱਲ ਦਾ ਅੰਦਾਜ਼ਾ ਅਸੀਂ ਇਸ ਗੱਲ ਤੋਂ ਲਗਾ ਸਕਦੇ ਕਿ ਜਦੋਂ **Indian Sub-Continent** ਵਿਚ ਮੁਗਲ਼ਾਂ ਦਾ ਰਾਜ ਸੀ, ਤਾਂ ਉਸ ਵੇਲੇ ਉਨ੍ਹਾਂ ਨੇ ਆਪਣੇ ਰਾਜ ਭਾਗ ਨੂੰ ਚਲਾਉਣ ਲਈ ਫਾਰਸੀ ਅਤੇ ਧਾਰਮਿਕ ਮਸਲਿਆਂ ਨੂੰ ਹੱਲ ਕਰਨ ਲਈ ਅਰਬੀ ਲਾਗੂ ਕਰੀ ਰੱਖੀ। ਜਿਵੇਂ ਹੀ ਇਨ੍ਹਾਂ ਦਾ ਰਾਜ ਭਾਗ ਖਤਮ ਹੁੰਦਾ ਹੈ, ਤਾਂ ਇਨ੍ਹਾਂ ਦੀਆਂ ਆਮ ਲੋਕਾਂ 'ਤੇ ਜ਼ਬਰਦਸਤੀ ਥੋਪੀਆਂ ਬੋਲੀਆਂ ਸੁੰਗੜ ਕੇ ਮਿਡਲ ਈਸਟ ਦੇ ਇਲਾਕਿਆਂ ਤੱਕ ਹੀ ਸੀਮਤ ਰਹਿ ਜਾਂਦੀਆਂ ਹਨ ਕਿਉਂਕਿ ਕੁਦਰਤੀ ਤੌਰ 'ਤੇ ਇਹੀ ਇਲਾਕੇ ਸ਼ੁਰੂ ਤੋਂ ਹੀ ਇਨ੍ਹਾਂ ਦੀਆਂ ਬੋਲੀਆਂ ਦੇ ਧੁਰੇ ਰਹੇ ਹਨ।

ਇਸੇ ਤਰ੍ਹਾਂ ਪੰਜਾਬੀ ਦਾ ਵੀ ਆਪਣਾ ਕੁਦਰਤੀ ਧੁਰਾ ਹੈ, ਜੋ ਕਿ ਮੁੱਢੋਂ ਹੀ ਪੁਰਾਣੇ ਸਾਂਝੇ ਪੰਜਾਬ ਵਿਚ ਫੈਲਿਆ ਹੋਇਆ ਹੈ। ਇਹ ਉਹੀ ਖਿੱਤਾ ਹੈ, ਜਿੱਥੇ ਬਾਹਰੋਂ ਆਏ ਧਾੜਵੀਆਂ ਨੇ ਆਪਣੀਆਂ ਬੋਲੀਆਂ ਨੂੰ ਤਰਜ਼ੀਹ ਦਿੱਤੀ ਪਰ ਇਨ੍ਹਾਂ ਧਾੜਵੀਆਂ ਦੁਆਰਾ ਇੱਥੋ ਦੇ ਲੋਕਾਂ 'ਤੇ ਥੋਪੀਆਂ ਹੋਈਆਂ ਬਣਾਉਟੀ ਬੋਲ਼ੀਆਂ ਮਰ ਗਈਆਂ ਕਿਉਂਕਿ ਇਹ ਥੋਪੀਆਂ ਹੋਈਆਂ ਬਣਾਉਟੀ ਬੋਲ਼ੀਆਂ ਦਾ ਇਹ ਖਿੱਤਾ ਕੁਦਰਤੀ ਧੁਰਾ ਨਹੀਂ ਸੀ। ਇੱਥੋਂ ਦੇ ਆਮ ਲੋਕਾਂ ਕਰਕੇ ਹੀ ਪੰਜਾਬੀ ਬੋਲੀ ਨੂੰ ਆਮ ਲੋਕਾਂ ਦੀ ਸਰਪ੍ਰਸਤੀ ਹਾਸਿਲ ਹੋਈ ਹੈ, ਜਿਸ ਕਰਕੇ ਅਜੇ ਤੱਕ ਵੀ ਪੰਜਾਬੀ ਬੋਲੀ ਜਿਊਂਦੀ ਹੈ। ਮੇਰਾ ਮੰਨਣਾ ਹੈ ਕਿ ਜਿਹੜੀਆਂ ਬੋਲੀਆਂ ਨੂੰ ਆਮ ਲੋਕਾਂ ਦੀ ਸਰਪ੍ਰਸਤੀ ਮਿਲ ਜਾਂਦੀ ਹੈ, ਉਹ ਬੋਲੀਆਂ ਜੱਗ ਵਿਚ ਮਰ ਨਹੀਂ ਸਕਦੀਆਂ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਬੋਲੀ ਕਦੇ ਵੀ ਆਰੀਅਨ ਜਾਂ ਯੂਰਪੀ ਬੋਲੀਆਂ ਵਿਚੋਂ ਨਹੀਂ ਨਿਕਲੀ ਹੈ। ਸੋ ਇਹ ਇੱਥੋ ਦੇ ਦੇਸੀ ਲੋਕਾਂ ਦੀ ਕੁਦਰਤੀ ਬੋਲੀ ਹੈ।

ਕਈ ਹੌਂਸਲ਼ਾ ਢਾਊ ਲੋਕ ਕਹਿੰਦੇ ਹਨ ਕਿ ਪੰਜਾਬੀ ਤਾਂ ਆਉਣ ਵਾਲੇ ਕੁੱਝ ਕੁ ਸਾਲਾਂ ਵਿਚ ਖਤਮ ਹੋ ਜਾਵੇਗੀ। ਇਨ੍ਹਾਂ ਹੌਂਸਲਾ ਢਾਊ ਲੋਕਾਂ ਨੂੰ ਯਾਦ ਕਰਵਾਇਆ ਜਾਂਦਾ ਹੈ ਕਿ ਪੰਜਾਬੀ ਬੋਲੀ ਤਾਂ ਉਦੋਂ ਖਤਮ ਨੀਂ ਹੋਈ, ਜਦੋਂ ਇੱਥੇ ਬਾਹਰਲੇ ਧਾੜਵੀਆਂ ਨੇ ਰਾਜ ਕੀਤਾ। ਪੰਜਾਬੀ ਬੋਲੀ ਤਾਂ ਉਦੋਂ ਵੀ ਖਤਮ ਨੀਂ ਹੋਈ, ਜਦੋਂ ਇੱਥੇ ਦੇ ਦੇਸੀ ਜਾਂ ਵਿਦੇਸ਼ੀ ਹਾਕਮਾਂ ਨੇ ਇਸ ਬੋਲੀ ਨੂੰ ਰਿਕਾਰਡ ਵਿਚ ਨਹੀਂ ਲਿਆਂਦਾ। ਇਹ ਹੌਂਸਲਾਂ ਢਾਊ ਲੋਕ ਉਹੀ ਲੋਕ ਹਨ, ਜਿਹੜੇ ਦੂਜੀਆਂ ਦੀ ਮਾਂ ਨੂੰ ਮਾਂ ਜੀ ਅਤੇ ਆਪਣੀ ਮਾਂ ਨੂੰ ਬੁੜੀਏ ਦੱਸਦੇ ਹਨ। ਜੇ ਇਹ ਹੌਂਸਲਾ ਢਾਊ ਲੋਕ ਆਪਦੀ ਬੋਲੀ ਪ੍ਰਤੀ ਐਦਾਂ ਦਾ ਹੀ ਵਤੀਰਾ ਰੱਖਦੇ ਆ, ਇਹ ਕੌਮਾਂ ਆਪਦੀ ਬੋਲੀ ਵਿਚ ਕਦੇ ਵੀ ਤਰੱਕੀ ਨਹੀਂ ਕਰ ਸਕਦੀਆਂ।

ਸਾਨੂੰ ਚੀਨ, ਜਪਾਨ, ਫਰਾਂਸ ਅਤੇ ਜਰਮਨ ਆਦਿ ਵਰਗੇ ਮੁਲਕਾਂ ਤੋਂ ਸਿੱਖਣਾ ਚਾਹੀਦਾ ਕਿ ਜੇ ਇਨ੍ਹਾਂ ਮੁਲਕਾਂ ਨੇ ਤਰੱਕੀ ਕੀਤੀ ਆ, ਤਾਂ ਇਨ੍ਹਾਂ ਨੇ ਆਪ ਦੀ ਬੋਲੀ ਵਿਚ ਹੀ ਤਰੱਕੀ ਕੀਤੀ ਹੈ। ਜੇ ਸੰਸਾਰ ਪੱਧਰ 'ਤੇ ਕੋਈ ਖੋਜਾਂ ਜਾਂ ਕਾਢਾਂ ਕੱਢੀਆਂ, ਉਹ ਵੀ ਆਪਣੀ ਮਾਂ ਬੋਲੀ ਵਿਚ ਕੱਢੀਆਂ। ਇਸੇ ਤਰ੍ਹਾਂ ਇੰਗਲੈਂਡ ਨੇ ਆਪਣੇ ਬਜ਼ੁਰਗਾਂ ਦੀ ਬੋਲੀ ਨੂੰ ਹੀ ਅੱਗੇ ਵਧਾਇਆ। ਇਹ ਤਾਂ ਹੀ ਸੰਭਵ ਹੋ ਸਕਿਆ, ਜਦ ਤੋਂ ਇਨ੍ਹਾਂ ਨੇ ਆਪਣੇ ਬਜ਼ੁਰਗਾਂ ਦੀ ਬੋਲੀ 'ਤੇ ਮਾਣ ਕਰਨਾ ਸ਼ੁਰੂ ਕੀਤਾ। ਨਤੀਜਾ ਅੱਜ ਇੰਗਲਿਸ਼ ਵਿਚ 10 ਲੱਖ ਤੋਂ ਵੱਧ **Vocabulary** (ਸ਼ਬਦਾਵਲੀ) ਹੋ ਚੁੱਕੀ ਹੈ ਅਤੇ ਇਹ ਬੋਲੀ ਪੂਰੇ ਵਿਸ਼ਵ ਵਿਚ ਫੈਲ ਗਈ। ਕੋਈ ਸਮਾਂ ਸੀ ਕਿ ਇੰਗਲੈਂਡ ਦੀ ਪਾਰਲੀਮੈਂਟ ਵਿਚ ਫਰੈਂਚ ਬੋਲੀ ਭਾਰੂ ਸੀ ਪਰ ਇੰਗਲਿਸ਼ ਲੋਕਾਂ ਦੇ ਬਜ਼ੁਰਗਾਂ ਨੇ ਮਿਹਨਤ ਕਰਕੇ ਆਪਦੀ ਇੰਗਲਿਸ਼ ਬੋਲੀ ਨੂੰ ਆਪਣੀ ਪਾਰਲੀਮੈਂਟ ਵਿਚ ਲਾਗੂ ਕਰਕੇ ਦਿਖਾ ਦਿੱਤਾ ਕਿ ਸਾਡੀ ਇੰਗਲਿਸ਼ ਬੋਲੀ ਕਿਸੇ ਪੱਖੋਂ ਊਣੀ ਨਹੀਂ ਹੈ। ਜੇਕਰ ਐਦਾਂ ਦਾ ਵਤੀਰਾ ਪੰਜਾਬੀ ਲੋਕਾਂ ਦਾ ਆਪਦੀ ਬੋਲੀ ਪ੍ਰਤੀ ਹੋ ਜਾਵੇ, ਲੈ ਜੱਗ ਵਿਚ ਆਪਦੀ ਬੋਲੀ ਵਿਚ ਕੋਈ ਤਰੱਕੀ ਕਰਨ ਤੋਂ ਰੋਕ ਨਹੀ ਸਕਦਾ। ਇਹਦੇ ਵਿਚ ਪੜ੍ਹੇ-ਲਿਖੇ ਲੋਕਾਂ, ਵਿਦਵਾਨਾਂ ਅਤੇ ਰਾਜਨੀਤਿਕ ਲੀਡਰਾਂ ਨੂੰ ਵੀ ਪਹਿਲ ਕਰਨ ਦੀ ਲੋੜ ਹੈ।

ਇਸ ਦੇ ਨਾਲ ਜੇ ਪੰਜਾਬੀ ਨੇ **Vocabulary** ਪੱਖੋਂ ਹੋਰ ਅਮੀਰ ਹੋਣਾ ਹੈ, ਤਾਂ ਪੰਜਾਬੀ ਬੋਲੀ ਦੇ ਸ਼ਬਦ ਪੰਜਾਬੀ ਵਿਚੋਂ ਹੀ ਲੱਭਣੇ ਪੈਣੇ ਨਾ ਕਿ ਸੰਸਕ੍ਰਿਤ, ਅਰਬੀ ਜਾਂ ਫਾਰਸੀ ਵਿਚੋਂ ਆਦਿ। ਜੇਕਰ ਕੋਈ ਸ਼ਬਦ ਦੂਜੀਆਂ ਬੋਲੀਆਂ ਦੇ ਉਧਾਰੇ ਵੀ ਲੈਣੇ ਪੈ ਗਏ, ਤਾਂ ਸਾਨੂੰ ਆਪਦੀ ਬੋਲੀ ਦੇ ਗਰਾਮਰ ਦੇ ਢਾਂਚੇ ਮੁਤਾਬਕ ਹੀ ਢਾਲਣੇ ਪੈਣੇ। ਜਿਵੇਂ ਇੰਗਲੈਂਡ ਦੀ ਬੋਲੀ ਦੀ **Vocabulary** 10 ਲੱਖ ਤੋਂ ਟੱਪ ਗਈ, ਇਹ ਤਾਂ ਹੀ ਸੰਭਵ ਹੋ ਸਕਿਆ ਕਿਉਂਕਿ ਇਨ੍ਹਾਂ ਨੇ ਵੀ ਦੂਜੀਆਂ ਬੋਲੀਆਂ ਦੇ ਸ਼ਬਦ ਨਿਗਲ਼ੇ ਹਨ ਪਰ ਆਪ ਦੇ ਗਰਾਮਰ ਦੇ ਢਾਂਚੇ ਮੁਤਾਬਕ ਲਏ ਹਨ। ਮਿਸਾਲ ਦੇ ਤੌਰ 'ਤੇ ਇੰਗਲਿਸ਼ ਦੇ ਵਿਚ **Silent Words** ਵਰਤੇ ਜਾਂਦੇ ਹਨ, ਇਹ ਇਸ ਕਰਕੇ ਹੁੰਦਾ ਹੈ, ਜਦੋਂ ਉਨ੍ਹਾਂ ਦੀ ਖੜੀ ਬੋਲੀ **(Standard Language)** ਵਿਚ ਕੋਈ ਓਪਰਾ ਜਾਂ ਬਾਹਰਲਾ ਸ਼ਬਦ ਆਉਂਦਾ ਹੈ, ਜਿਸ ਦੀ ਧੁਨੀ ਉਨ੍ਹਾਂ ਦੀ ਆਪਦੀ ਬੋਲੀ ਦੇ ਮੁਤਾਬਕ ਨਹੀਂ ਹੁੰਦੀ, ਜਿਵੇਂ ਜਪਾਨ ਦਾ ਮਸ਼ਹੂਰ ਸ਼ਬਦ **"Tsunami"** (ਸੁਨਾਮੀ) ਨੂੰ ਇੰਗਲੈਂਡ ਨੇ ਆਪਦੀ ਬੋਲੀ ਦੀ ਧੁਨ ਮੁਤਾਬਕ "ਸੁਨਾਮੀ" ਹੀ ਕਿਹਾ ਹੈ, ਨਾਕਿ ਤਸੁਨਾਮੀ ਕਿਉਂਕਿ ਇੰਗਲਿਸ਼ ਵਿਚ **"Tsu"** ਦੀ ਧੁਨ ਨਹੀਂ ਹੈ ਅਤੇ ਦੂਜਾ ਅੰਗਰੇਜ਼ੀ ਧੁਨਾਂ ਬੋਲਣ ਲੱਗੇ ਉਹ ਧੁਨ ਦੇ ਸ਼ਬਦ ਦੇ ਅਖੀਰ 'ਤੇ ਜ਼ੋਰ ਪਾਉਂਦੇ ਹਨ, ਜਿਵੇਂ "ਤਸੁ" **(Tsu)**, ਇਸ ਕਰਕੇ ਇਹ ਅਖੀਰ ਦੇ ਧੁਨ "ਸ" ਨੂੰ ਹੀ "ਸੁਨਾਮੀ" ਸ਼ਬਦ ਦੀ ਧੁਨ ਮੰਨ ਲੈਂਦੇ ਹਨ ਪਰ ਇੰਗਲਿਸ਼ ਲੋਕ ਬੜੀ ਇਮਾਨਦਾਰੀ ਨਾਲ ਪੂਰਾ ਸ਼ਬਦ **"Tsunami"** ਲਿਖ ਕੇ **"T"** ਨੂੰ **Silent** ਕਰਕੇ ਇਹ ਦੱਸ ਦਿੰਦੇ ਹਨ ਕਿ ਅਸੀਂ ਇਹ ਸ਼ਬਦ ਉਧਾਰੇ ਲਏ ਹਨ, ਜੋ ਕਿ ਅਸੀਂ ਆਪਣੀ ਗਰਾਮਰ ਅਨੁਸਾਰ ਲਏ ਹਨ। ਸੋ ਅਸੀ ਧੁਨਾਂ ਦੇ ਆਪਸੀ ਟਾਕਰੇ ਤੋਂ ਵੀ ਆਪਣੀ ਬੋਲੀ ਨੂੰ ਦੂਜਿਆਂ ਦੀ ਬੋਲੀ ਨਾਲੋਂ ਨਿਖੇੜ ਸਕਦੇ ਹਾਂ।

**"Grammar"** ਸ਼ਬਦ ਗ੍ਰੀਕ ਦੇ ਸ਼ਬਦ **Gramma** ਤੋਂ ਲਿਆ ਗਿਆ, ਜਿਸ ਦਾ ਮਤਲਬ **Letter** ਜਾਂ ਅੱਖਰ ਹੁੰਦਾ ਹੈ। ਅੱਖਰ ਧੁਨ ਦਾ ਪ੍ਰਤੀਕ ਹੁੰਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ **Gramma** ਦੀ **Study** ਨੂੰ ਹੀ ਗਰਾਮਰ ਕਹਿੰਦੇ ਹਨ। (ਸ. ਨਾਜ਼ਰ ਸਿੰਘ ਜੀ ਨੇ ਪੰਜਾਬੀ ਵਿਚ **"Grammar"** ਦਾ ਨਾਮ "ਬੋਲ ਢੰਗਾਂ" ਰੱਖਿਆ)। ਸੋ ਧੁਨਾਂ ਦੇ ਅਧਿਐਨ ਨੂੰ ਹੀ ਗਰਾਮਰ ਕਿਹਾ ਜਾਂਦਾ ਹੈ। ਇਸ ਦੇ ਆਧਾਰ 'ਤੇ ਹੇਠ ਦਿੱਤੇ ਅਨੁਸਾਰ ਧੁਨਾਂ ਨੂੰ ਸ਼ਬਦਾਂ ਵਿਚ ਲਿਖਣ ਉਪਰੰਤ ਅੱਖਰ ਬਣਨ ਦੇ ਢੰਗ ਨਾਲ ਪੰਜਾਬੀ ਬੋਲੀ ਦਾ ਦੂਜੀ ਬੋਲੀਆਂ ਨਾਲੋਂ ਅਡਰੇਵਾਂ ਕਰ ਸਕਦੇ ਹਾਂ:-

## ਪੰਜਾਬੀ ਧੁਨਾਂ

1 ਊੜਾ = ੳ
2 ਐੜਾ = ਅ
3 ਈੜੀ = ੲ
4 ਸੱਸਾ = ਸ
5 ਹਾਹਾ = ਹ




6 ਕੱਕਾ = ਕ
7 ਖੱਖਾ = ਖ
8 ਗੱਗਾ = ਗ
9 ਘੱਘਾ = ਘ
10 ਙੰਙਾ = ਙ
11 ਚਿੱਚਾ = ਚ
12 ਛਿੱਛਾ = ਛ
13 ਜਿੱਜਾ = ਜ
14 ਝਿੱਝਾ = ਝ
15 ਞੰਞਾ = ਞ
16 ਟੈਂਕਾ = ਟ
17 ਠੱਠਾ = ਠ
18 ਡੱਡਾ =ਡ
19 ਢੱਢਾ= ਢ
20 ਣਾਣਾ= ਣ
21 ਤੱਤਾ = ਤ
22 ਥੱਥਾ = ਥ
23 ਦੱਦਾ = ਦ
24 ਧੱਧਾ = ਧ
25 ਨੰਨਾ = ਨ
26 ਪੱਪਾ = ਪ
27 ਫੱਫਾ = ਫ
28 ਬੱਬਾ= ਬ
29 ਭੱਭਾ = ਭ
30 ਮੰਮਾ = ਮ
31 ਯੱਯਾ= ਯ
32 ਰਾਰਾ = ਰ
33 ਲੱਲਾ = ਲ
34 ਵਾਵਾ = ਵ
35 ੜਾੜਾ = ੜ

## ਇੰਗਲਿਸ਼ ਧੁਨਾਂ

1. ਏ = A
2. ਬੀ = B
3. ਸੀ = C
4. ਡੀ = D
5. ਈ = E
6. ਐੱਫ = F
7. ਜੀ = G
8. ਐੱਚ = H
9. ਆਈ = I
10. ਜੇ = J
11. ਕੇ = K
12. ਐੱਲ = L
13. ਐੱਮ = M
14. ਐੱਨ = N
15. ਓ = O
16. ਪੀ = P
17. ਕ੍ਯੂ = Q
18. ਆਰ = R
19. ਐੱਸ = S
20. ਟੀ = T
21. ਯੂ = U
22. ਵੀ = V
23. ਡਬਲਯੂ =W
24. ਐਕਸ = X
25. ਵਾਈ = Y
26. ਜ਼ੀ/ਜ਼ੈੱਡ = Z

## ਗ੍ਰੀਕ ਧੁਨਾਂ

1. ਅਲਫਾ = A(a)
2. ਬੀਤਾ = B(b)
3. ਗਾਮਾ = G(g)
4. ਦੈਲਤਾ = D(d)
5. ਇਪਸੀਲੀਅਨ = E(e)
6. ਜ਼ੀਤਾ = Z(z)
7. ਈਤਾ = H(h)
8. ਥੀਤਾ = Q(q)
9. ਆਇਓਤਾ = I(i)
10. ਕੈਪਾ = K(k)
11. ਲੈਮਦਾ = L(l)
12. ਮਿਊ = M(m)
13. ਨਿਊ = N(n)
14. ਜ਼ੀ = X(x)
15. ਓਮੀਕਰੋਨ = O(o)
16. ਪਾਈ = P(p)
17. ਰੋ = R(r)
18. ਸਿਗਮਾ = S(s)
19. ਤਾਓ = T(t)
20. ਉਪਸੀਲੀਅਨ = U(u)
21. ਫਾਈ = F(f)
22. ਚੀ/ਕੀ = C(c)
23. ਪਸਾਈ = Y(y)
24. ਉਮੇਗਾ = W(w)

ਉਪਰੋਕਤ ਬੋਲੀਆਂ ਦੀਆਂ ਧੁਨਾਂ ਦੇ ਆਪਸੀ ਟਾਕਰੇ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਧੁਨਾਂ ਨੂੰ ਜਦ ਸ਼ਬਦਾਂ ਵਿਚ ਲਿਖਿਆ ਜਾਂਦਾ ਹੈ, ਤਾਂ ਸ਼ਬਦ ਦਾ ਪਹਿਲਾ ਅੱਖਰ ਹੀ ਧੁਨ ਦਾ ਅੱਖਰ ਮੰਨਿਆਂ ਜਾਂਦਾ ਹੈ ਕਿਉਂਕਿ ਪੰਜਾਬੀ ਪਹਿਲੇ ਅੱਖਰ 'ਤੇ ਜ਼ੋਰ ਦਿੰਦੇ ਹਨ। ਜਿਵੇਂ:-

ਊੜਾ ਧੁਨ ਤੋਂ ਅਸੀਂ 'ੳ' ਅੱਖਰ ਲਿਆ ਹੈ, ਨਾ ਕਿ 'ੜ', ਇਸੇ ਤਰ੍ਹਾਂ ਐੜਾ ਧੁਨ ਤੋਂ 'ਅ' ਅਤੇ ਈੜੀ ਧੁਨ ਤੋਂ 'ੲ' ਲਿਆ ਹੈ, ਨਾ ਕਿ "ੜ"। ਪੈਂਤੀ ਅੱਖਰੀ ਵਿਚ ਮੁੱਢਲੇ ਤੌਰ 'ਤੇ ਊੜਾ, ਐੜਾ ਅਤੇ ਈੜੀ (ੳ, ਅ, ੲ) ਤਿੰਨ **Vowels** ਹਨ। ਇਨ੍ਹਾਂ ਤਿੰਨਾਂ ਅੱਖਰਾਂ ਦੇ ਅਖੀਰ "ੜ" ਇਸ ਕਰਕੇ ਜੋੜਿਆ ਗਿਆ, ਤਾਂ ਇਨ੍ਹਾਂ ਤਿੰਨਾਂ **Vowels** ਧੁਨਾਂ ਵਿਚ ਹੋਰ **Vowels** ਦੀਆਂ ਧੁਨਾਂ ਨਾ ਰਲ਼ ਸਕਣ (ੳ, ਅ ਅਤੇ ੲ ਦੇ **Long Vowels** ਦੀ ਅਵਾਜ਼ ਤੋਂ ਬਚਿਆ ਜਾ ਸਕੇ, ਤਾਂ ਕਿ ਨਿਵੇਕਲ਼ੇ ਤੌਰ **Single Vowels** ਦੀ ਅਵਾਜ਼ ਦੱਸੀ ਜਾ ਸਕੇ)। "ੜ" ਇਸ ਲਈ ਵਰਤਿਆ ਗਿਆ ਪੈਂਤੀ ਅੱਖਰ ਦਾ ਅਖੀਰਲਾ ਖੜਕਵਾਂ, ਖਰਵਾਂ ਅਤੇ ਸਖਤ ਅੱਖਰ "ੜ" ਹੀ ਹੈ, ਜੋ ਕਿ ਇਨ੍ਹਾਂ ਤਿੰਨਾਂ ਅੱਖਰਾਂ ਵਿਚ **Long Vowels** ਦੀ ਰਲ਼ੈਸ ਨੂੰ ਰੋਕਦਾ ਹੈ।

ਕੱਕਾ ਤੋਂ 'ਕ' ਲਿਆ ਹੈ। ਪੰਜਾਬੀ ਧੁਨਾਂ ਦੇ ਜ਼ਿਆਦਾਤਰ **Consonants** (ਵਿਅੰਜਨ) ਧੁਨਾਂ ਦੇ ਸ਼ਬਦਾਂ ਦੇ ਪਹਿਲੇ ਤੇ ਅਖੀਰਲੇ ਅੱਖਰ ਇੱਕੋ ਜਿਹੇ ਹੀ ਹਨ ਪਰ ਫਿਰ ਵੀ ਅਸੀਂ ਪਹਿਲੇ ਅੱਖਰ 'ਤੇ ਜ਼ੋਰ ਦੇਣ ਕਰਕੇ ਸ਼ਬਦ ਦੇ ਪਹਿਲੇ ਅੱਖਰ ਨੂੰ ਧੁਨ ਮੰਨਦੇ ਹਾਂ। ਪੈਂਤੀ ਅੱਖਰੀ ਵਿਚ ਸਾਰੇ **Consonants** ਨੂੰ ਡਬਲ ਧੁਨ (ਜਿਵੇਂ ਕੱਕਾ ਅਤੇ ਖੱਖਾ ਆਦਿ) ਵਿਚ ਇਸ ਕਰਕੇ ਬੋਲਿਆ ਜਾਂ ਲਿਖਿਆ ਗਿਆ, ਤਾਂ ਕਿ **Consonants** ਧੁਨਾਂ ਦੇ ਅਖੀਰ ਵਿਚ ਕਿਸੇ ਤਰ੍ਹਾਂ ਦੀ **Vowels** ਧੁਨਾਂ ਦੀ ਰਲ਼ੈਸ ਨਾ ਹੋ ਸਕੇ, ਤਾਂ ਕਿ ਨਿਵੇਕਲ਼ੇ ਤੌਰ 'ਤੇ ਸਿਰਫ **Consonant** ਧੁਨ ਦੀ ਅਵਾਜ਼ ਆਵੇ।

ਧੁਨਾਂ ਦੇ ਸ਼ਬਦਾਂ ਦੇ ਪਹਿਲੇ ਅੱਖਰ ਨੂੰ ਧੁਨ ਦਾ ਅੱਖਰ ਮੰਨਣ ਦਾ ਸਬੂਤ ਸਾਡੇ ਕੋਲ਼ ਪੰਜਾਬੀ ਬੋਲੀ ਦੀ ਗੁਰਮੁੱਖੀ ਲਿੱਪੀ ਵਿਚ ਖਾਲੀ ਅੱਖਰਾਂ (ਙ, ਞ, ਣ ਅਤੇ ੜ) ਦਾ ਹੋਣਾ ਹੈ। ਇਹ ਇਸ ਕਰਕੇ ਖਾਲੀ ਅੱਖਰ ਹਨ ਕਿਉਂਕਿ ਖੜ੍ਹੀ ਪੰਜਾਬੀ ਬੋਲੀ **(Standard Punjabi)** ਵਿਚ ਇਨ੍ਹਾਂ ਅੱਖਰਾਂ ਤੋਂ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ ਹੈ ਅਤੇ ਨਾ ਹੀ ਮੌਜੂਦਾ ਪੰਜਾਬ ਦੇ ਹੋਰ ਖਿੱਤਿਆਂ ਦੀ ਕੋਈ ਹੋਰ ਬੋਲੀ ਵਿਚ ਇਨ੍ਹਾਂ ਅੱਖਰਾਂ ਤੋਂ ਕੋਈ ਸ਼ਬਦ ਸ਼ੁਰੂ ਹੁੰਦਾ ਹੈ।

ਜਦ ਅਸੀਂ ਯੂਰਪ ਦੀਆਂ ਬੋਲੀਆਂ ਵੱਲ ਝਾਤ ਮਾਰਦੇ ਹਾਂ, ਤਾਂ ਯੂਰਪੀ ਧੁਨਾਂ ਨੂੰ ਲਿਖਣ ਦਾ ਢੰਗ ਬਿਲਕੁੱਲ ਅੱਡ ਹੈ, ਜਿਵੇਂ ਇੰਗਲਿਸ਼ ਦੀਆਂ ਧੁਨਾਂ ਨੂੰ ਸ਼ਬਦਾਂ ਵਿਚ ਲਿਖਿਆ ਜਾਂਦਾ ਹੈ, ਤਾਂ ਉਹ ਧੁਨਾਂ ਦੇ ਸ਼ਬਦ ਦੇ ਅਖੀਰਲੇ ਅੱਖਰ 'ਤੇ ਜ਼ੋਰ ਪਾਉਣ ਕਰਕੇ ਅਖੀਰਲੇ ਅੱਖਰ ਨੂੰ ਧੁਨ ਦਾ ਅੱਖਰ ਮੰਨਦੇ ਹਨ, ਉਦਾਹਰਨ ਦੇ ਤੌਰ 'ਤੇ

ਐੱਫ ਤੋਂ 'ਫ' ਦੀ ਧੁਨ ਲਈ ਹੈ ਨਾਕਿ 'ਅ' ਦੀ।

ਐੱਲ ਤੋਂ 'ਲ' ਦੀ ਧੁਨ ਲਈ ਹੈ ਨਾ ਕਿ 'ਅ' ਦੀ।

ਇਸੇ ਤਰ੍ਹਾਂ ਐੱਲ, ਐੱਮ, ਐੱਨ, ਆਰ ਅਤੇ ਐੱਸ ਤੋਂ ਲੜੀਵਾਰ 'ਲ', 'ਮ', 'ਨ', 'ਰ' ਅਤੇ 'ਸ' ਆਦਿ ਧੁਨਾਂ ਨੂੰ ਲਿਆ ਹੈ ਨਾ ਕਿ 'ਅ'।

ਪਰ ਜਦ ਅਸੀਂ ਗ੍ਰੀਕ ਦੀਆਂ ਧੁਨਾਂ ਵੱਲ ਝਾਤੀ ਮਾਰਦੇ ਹਾਂ, ਤਾਂ ਇਹ ਅੰਗਰੇਜ਼ੀ ਦੀਆਂ ਧੁਨਾਂ ਦੇ ਬਿਲਕੁੱਲ ਉੱਲਟ ਹੈ। ਇਸ ਵਿਚ ਧੁਨਾਂ ਦੇ ਸ਼ਬਦ ਦੇ ਪਹਿਲੇ ਅੱਖਰ 'ਤੇ ਜ਼ੋਰ ਦਿੰਦੇ ਹਨ, ਜਿਸ ਕਰਕੇ ਪਹਿਲੇ ਅੱਖਰ ਨੂੰ ਧੁਨ ਦਾ ਅੱਖਰ ਮੰਨਿਆ ਜਾਂਦਾ ਹੈ। ਪਰ ਪੰਜਾਬੀ ਧੁਨਾਂ ਦੇ ਮੁਕਾਬਲੇ ਗ੍ਰੀਕ ਧੁਨਾਂ ਦੇ ਸ਼ਬਦਾਂ ਦੇ ਪਹਿਲੇ ਅਤੇ ਅਖੀਰਲੇ ਅੱਖਰਾਂ ਦੀਆਂ ਧੁਨਾਂ ਅੱਡੋ-ਅੱਡ ਹਨ, ਜਦਕਿ ਪੰਜਾਬੀ ਵਿਚ ਮੁੱਢਲੇ **Vowels** (ਊੜਾ, ਐੜਾ, ਈੜੀ) ਦੀਆਂ ਧੁਨਾਂ ਨੂੰ ਛੱਡ ਕੇ ਬਾਕੀ ਦੀਆਂ ਧੁਨਾਂ ਦੇ ਸ਼ਬਦਾਂ ਵਿਚ ਪਹਿਲੇ ਅਤੇ ਅਖੀਰਲੇ ਅੱਖਰ ਇੱਕੋ ਜਿਹੇ ਹਨ।

ਗ੍ਰੀਕ ਧੁਨਾਂ ਦੇ ਸ਼ਬਦ ਦੇ ਪਹਿਲੇ ਅੱਖਰ 'ਤੇ ਜ਼ੋਰ ਪਾਉਣ ਕਰਕੇ ਪਹਿਲੇ ਅੱਖਰ ਨੂੰ ਧੁਨ ਦਾ ਅੱਖਰ ਮੰਨਦੇ ਹਨ, ਉਦਾਹਰਨ ਦੇ ਤੌਰ 'ਤੇ:-

ਅਲਫਾ ਤੋਂ 'ਅ' ਦੀ ਧੁਨ ਲਈ ਹੈ ਨਾ ਕਿ 'ਫ' ਦੀ।

ਬੀਤਾ ਤੋਂ 'ਬ' ਦੀ ਧੁਨ ਲਈ ਹੈ ਨਾ ਕਿ 'ਤ' ਦੀ।

ਗਾਮਾ ਤੋਂ 'ਗ' ਦੀ ਧੁਨ ਲਈ ਹੈ ਨਾ ਕਿ 'ਮ' ਦੀ ਆਦਿ।

ਸੋ ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਦੋ ਯੂਰਪੀ ਬੋਲੀਆਂ ਦਾ ਧੁਨਾਂ ਦਾ ਢੰਗ ਆਪਸ ਵਿਚ ਤਾਂ ਮਿਲਦਾ ਨਹੀਂ ਹੈ, ਤਾਂ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਪੰਜਾਬੀ ਬੋਲੀ **Indo-European Language Family** ਜਾਂ **Indo-Aryan** ਨਾਲ ਸਬੰਧ ਰੱਖਦੀ ਹੈ। ਸੋ ਪੰਜਾਬੀ ਬੋਲੀ ਇੱਥੋਂ ਦੇ ਦੇਸੀ ਲੋਕਾਂ ਦੀ ਇੱਕ ਕੁਦਰਤੀ ਬੋਲੀ ਹੈ।

ਬਹੁਤ ਸਾਰੇ ਲੋਕ ਜਾਂ ਵਿਦਵਾਨ ਕਈ ਵੇਲ਼ੇ ਇਹ ਕਹਿ ਦਿੰਦੇ ਹਨ ਕਿ ਪੰਜਾਬੀ ਵਿਚ ਬਹੁਤ ਸ਼ਬਦ ਸੰਸਕ੍ਰਿਤ ਵਿਚੋਂ ਲਏ ਹਨ, ਖਬਰੇ ਪੰਜਾਬੀ ਵੀ ਸੰਸਕ੍ਰਿਤ ਵਿਚੋਂ ਨਿਕਲੀ ਹੈ। ਅਜਿਹਾ ਬਿਲਕੁੱਲ ਵੀ ਨਹੀਂ ਹੈ। ਐਦਾਂ ਤਾਂ ਇੰਗਲਿਸ਼ ਨੇ ਸੰਸਾਰ ਭਰ ਦੀਆਂ ਬੋਲੀਆਂ ਦੇ ਸ਼ਬਦ ਨਿਗਲ਼ੇ, ਜਿਵੇਂ ਜਪਾਨੀ ਵਿਚੋਂ ਸੁਨਾਮੀ ਸ਼ਬਦ ਅੰਗਰੇਜ਼ੀ ਵਿਚ ਆਇਆ, ਫਿਰ ਇਹ ਤਾਂ ਅੰਗਰੇਜ਼ੀ ਨੂੰ ਵੀ ਜਪਾਨੀ ਵਿਚੋਂ ਨਿਕਲੀ ਕਹਿਣ ਲੱਗ ਜਾਣਗੇ। ਸੰਸਾਰ ਦੀ ਸਾਰੀਆਂ ਬੋਲੀਆਂ ਹੀ ਕੋਈ ਨਾ ਕੋਈ ਸ਼ਬਦ ਉਧਾਰ ਲੈ ਲੈਂਦੀਆਂ ਹਨ ਕਿਉਂਕਿ ਸੰਸਾਰ ਵਿਚ ਖੋਜਾਂ ਜਾਂ ਕਾਢਾਂ ਭਾਂਤ-ਭਾਂਤ ਲੋਕਾਂ ਦੁਆਰਾ ਕੱਢੀਆਂ ਜਾਂਦੀਆਂ ਹਨ, ਜਿਨ੍ਹਾਂ ਦੀਆਂ ਬੋਲੀਆਂ ਵੀ ਭਾਂਤ-ਭਾਂਤ ਹਨ। ਸੋ ਇਹ ਸੁਭਾਵਿਕ ਹੈ ਬਣੇ ਬਣਾਏ (ਤਧਿਤ) ਸ਼ਬਦਾਂ ਦੇ ਰੂਪ ਵਿਚ ਸ਼ਬਦ ਇੱਕ ਬੋਲੀ ਤੋਂ ਦੂਜੀ ਬੋਲੀ ਬੋਲਣ ਵਾਲਿਆਂ ਵਿਚ ਆ ਜਾਂ ਜਾ ਸਕਦੇ ਹਨ, ਨਾ ਕਿ ਕਿਰਿਆ ਦੇ ਰੂਪ ਵਿਚ। ਇਸ ਤਰ੍ਹਾਂ ਉਧਾਰੇ ਲਏ ਸ਼ਬਦਾਂ ਨਾਲ ਕਿਸੇ ਬੋਲੀ ਦੇ ਗਰਾਮਰ ਦਾ ਮੁੱਢਲਾ ਢਾਂਚਾ ਕਦੇ ਵੀ ਬਦਲਦਾ ਨਹੀਂ ਹੈ, ਜਿਵੇਂ ਪੰਜਾਬੀ ਬੋਲੀ ਵਿਚ ਦੋ ਜੈਂਡਰ ਅਤੇ ਦੋ ਨੰਬਰ ਹਨ, ਜਦਕਿ ਸੰਸਕ੍ਰਿਤ ਵਿਚ ਤਿੰਨ ਜੈਂਡਰ ਅਤੇ ਤਿੰਨ ਨੰਬਰ ਹਨ। ਪੰਜਾਬੀ ਵਿਚ ਡਬਲ ਜੈਂਡਰ ਕਿਰਿਆ ਚਲਦੀ ਹੈ, ਜਦਕਿ ਸੰਸਕ੍ਰਿਤ ਵਿਚ ਸਿੰਗਲ ਜੈਂਡਰ ਕਿਰਿਆ ਚਲਦੀ ਹੈ।

ਸੋ ਉਪਰੋਕਤ ਬੋਲੀਆਂ ਦੀਆਂ ਧੁਨਾਂ ਤੋਂ ਅੱਖਰ ਬਣਨ ਦੇ ਆਪਸੀ ਟਾਕਰੇ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਬੋਲੀ ਦੂਜੀਆਂ ਬੋਲੀਆਂ ਨਾਲੋਂ ਵੱਖਰੀ ਤੇ ਨਿਵੇਕਲ਼ੀ ਹੈ।

ਗ੍ਰੀਕ, ਇੰਗਲਿਸ਼ ਅਤੇ ਅਰਬੀ ਲੋਕਾਂ ਨੇ ਆਪਣੀ ਬੋਲੀ 'ਤੇ ਮਾਣ ਕਰਕੇ ਪੂਰੇ ਜੱਗ ਵਿਚ ਆਪਣੀਆਂ ਬੋਲੀਆਂ ਦੀਆਂ ਧੁਨਾਂ ਨੂੰ ਮੁਹਾਵਰਿਆਂ ਦੇ ਰੂਪ ਵਿਚ ਮਸ਼ਹੂਰ ਕਰ ਦਿੱਤਾ, ਜਿਵੇਂ ਗ੍ਰੀਕ ਦੇ ਅੱਖਰਾਂ ਤੇ ਮੁਹਾਵਰਾਂ **"Alpha to Omega"** ਪੂਰੇ ਯੂਰਪ ਵਿਚ ਇਸ ਕਦਰ ਮਸ਼ਹੂਰ ਹੋਇਆ ਕਿ ਇਹ **English Society** ਵਿਚ ਇਹ ਮੁਹਾਵਰਾ ਘਰ ਕਰ ਗਿਆ, ਜਿਸ ਨੇ ਗ੍ਰੀਕੀ ਮੁਹਾਵਰਾ ਪੂਰੇ ਸੰਸਾਰ ਵਿਚ ਪ੍ਰਸਿੱਧ ਕਰ ਦਿੱਤਾ, ਜਿੱਥੇ-ਜਿੱਥੇ ਇੰਗਲਿਸ਼ ਲੋਕਾਂ ਦਾ ਰਾਜ ਭਾਗ ਰਿਹਾ, ਉੱਥੇ ਤੱਕ ਇਹ ਮੁਹਾਵਰਾਂ ਪਹੁੰਚ ਗਿਆ। ਇਸੇ ਤਰਜ਼ 'ਤੇ ਅੰਗਰੇਜ਼ਾਂ ਨੇ ਵੀ ਆਪ ਦੀ ਬੋਲੀ ਦੀਆਂ ਧੁਨਾਂ 'ਤੇ **"A to Z"** ਮੁਹਾਵਰਾਂ ਪੂਰੇ ਸੰਸਾਰ ਵਿਚ ਮਸ਼ਹੂਰ ਕੀਤਾ। ਇਸੇ ਤਰ੍ਹਾਂ ਅਰਬੀਆਂ ਨੇ ਵੀ ਆਪਣੇ ਬੋਲੀ ਦੇ ਅੱਖਰਾਂ ਨੂੰ "ਅਲਫ ਤੋਂ ਯੇ" ਤੱਕ ਦੇ ਮੁਹਾਵਰੇ ਦੇ ਰੂਪ ਵਿਚ ਮਸ਼ਹੂਰ ਕੀਤਾ, ਜੋ ਕਿ ਉਰਦੂ ਬੋਲਣ ਵਾਲਿਆਂ ਵਿਚ ਅਜੇ ਤੱਕ ਵੀ ਘਰ ਕੀਤਾ ਹੋਇਆ ਹੈ। ਸੋ ਪੰਜਾਬੀਆਂ ਨੂੰ ਵੀ ਆਪਣੇ ਅੱਖਰਾਂ 'ਤੇ ਮਾਣ ਕਰਨਾ ਚਾਹੀਦਾ ਹੈ, ਤਾਂ ਕਿ ਇਨ੍ਹਾਂ ਦੇ ਅੱਖਰ ਵੀ ਸੰਸਾਰ ਵਿਚ ਮੁਹਾਵਰੇ ਵਜੋਂ ਮਸ਼ਹੂਰ ਹੋਣ।

ਬਾਬੇ ਨਾਨਕ ਨੇ ਪੈਂਤੀ ਅੱਖਰਾਂ ਦਾ ਹੋਕਾ ਤਾਂ ਲਗਭਗ ਸਾਢੇ ਪੰਜ ਸੋ ਸਾਲ ਪਹਿਲਾ ਹੀ ਦੇ ਦਿੱਤਾ ਸੀ। ਪਰ ਸਾਡੇ ਵਿਚ ੳ ਤੋਂ ੜ (ਸ ਤੋਂ ਅ) ਦਾ ਮੁਹਾਵਰਾਂ ਲੋਕਾਂ ਵਿਚ ਘਰ ਨਹੀਂ ਕੀਤਾ ਕਿਉਂਕਿ ਅਜੇ ਤੱਕ ਵੀ ਲੋਕ ਆਪਣੇ ਅੱਖਰਾਂ 'ਤੇ ਮਾਣ ਮਹਿਸੂਸ ਨਹੀਂ ਕਰਦੇ। ਆਮ ਲੋਕ ਤਾਂ ਇਹ ਪੈਂਤੀ ਧੁਨਾਂ ਨੂੰ ਮੂੰਹ ਜ਼ੁਬਾਨੀ ਸਿੱਖਦੇ ਰਹੇ ਪਰ ਸਮੇਂ ਦੇ ਹੁਕਮਰਾਨਾਂ ਨੇ ਇਹ ਅੱਖਰਾਂ ਨੂੰ ਲਾਗੂ ਨਹੀਂ ਕੀਤਾ। ਦੇਸੀ ਹੁਕਮਰਾਨ ਵੀ ਬਾਹਰਲੇ ਅੱਖਰਾਂ ਨਾਲ ਚਿੰਬੜੇ ਰਹੇ ਪਰ ਆਪਣੇ ਅੱਖਰਾਂ ਨੂੰ ਰਾਜ ਭਾਗ ਲਈ ਨਹੀਂ ਸਾਂਭਿਆ। ਜੇ ਕਰ ਪੂਰੇ ਰਾਜ ਭਾਗ ਲਈ ਇਨ੍ਹਾਂ ਅੱਖਰਾਂ ਨੂੰ ਵਰਤਦੇ, ਤਾਂ ਇਹ ਵੀ ਗ੍ਰੀਕ, ਇੰਗਲਿਸ਼ ਅਤੇ ਅਰਬੀ ਅੱਖਰਾਂ ਵਾਂਗ ਪੂਰੇ ਜੱਗ ਵਿਚ ਮੁਹਾਵਰੇ ਦੇ ਰੂਪ ਵਿਚ ਮਸ਼ਹੂਰ ਜੋ ਸਕਦੇ ਸਨ।

# ਸਮਾਜ ਨੂੰ ਬਦਲਣ ਦਾ ਦਮ ਰੱਖਦੇ ਹਨ ਅਧਿਆਪਕ

## (ਅਧਿਆਪਕ ਦਿਵਸ ’ਤੇ ਵਿਸ਼ੇਸ਼)

ਹਰਕੀਰਤ ਕੌਰ ਸਭਰਾ
97791-18066
ਪੰਜਾਬ ਮੇਲUSA





ਅਧਿਆਪਕ ਅਤੇ ਮਾਪੇ ਹਰ ਇੱਕ ਵਿਅਕਤੀ ਦੀ ਜ਼ਿੰਦਗੀ ਵਿਚ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਦੋਵੇਂ ਬੱਚਿਆਂ ਦੇ ਸੁਨਿਹਰੀ ਭਵਿੱਖ ਦੀ ਆਸ ਰੱਖਦੇ ਹੋਏ ਆਪਣੇ ਤਜ਼ੁਰਬੇ ਅਨੁਸਾਰ ਗਲਤ ਅਤੇ ਸਹੀ ਦੀ ਪਹਿਚਾਣ ਕਰਵਾਉਂਦੇ ਯੋਗ ਅਗਵਾਈ ਕਰਦੇ ਹਨ। ਅਧਿਆਪਕ ਇੱਕ ਉਹ ਵਿਅਕਤੀ ਹੈ, ਜੋ ਵਿਦਿਆਰਥੀ ਦੇ ਭਵਿੱਖ ਨੂੰ ਉਜਲਾ ਬਣਾਉਣ ਲਈ ਇੱਕ ਢਾਂਚਾ ਉਸਾਰਦਾ ਹੈ। ਅਧਿਆਪਕ ਇੱਕ ਉਹ ਵਿਅਕਤੀ ਹੈ, ਜੋ ਚੰਗਾ ਮਾਰਗਦਰਸ਼ਕ ਅਤੇ ਪ੍ਰੇਰਣਾਸਰੋਤ ਹੈ, ਜਿਨ੍ਹਾਂ ਦਾ ਮਕਸਦ ਸਿਰਫ਼ ਦੁਨੀਆਂ ਦੇ ਲੋਕਾਂ ਨੂੰ ਚੰਗੇ ਨਾਗਰਿਕ ਬਣਾਉਣਾ ਹੈ। ਇੱਕ ਚੰਗੇ ਸਮਾਜ ਦੀ ਸੰਰਚਨਾ ਵਿਚ ਅਧਿਆਪਕ ਬਹੁਤ ਵੱਡਾ ਯੋਗਦਾਨ ਪਾਉਂਦਾ ਹੈ। ਇੱਕ ਚੰਗਾ ਅਧਿਆਪਕ ਉਹੀ ਹੈ, ਜੋ ਵਿਦਿਆਰਥੀ ਦੀ ਯੋਗ ਅਗਵਾਈ ਕਰੇ, ਵਿਦਿਆਰਥੀਆਂ ਵਿਚ ਨੈਤਿਕ ਗੁਣ ਭਰੇ ਅਤੇ ਦੋਸਤਾਨਾ ਵਿਵਹਾਰ ਕਰੇ, ਅਜਿਹੇ ਵਿਵਹਾਰ ਸਦਕਾ ਵਿਦਿਆਰਥੀ ਨੂੰ ਸਹੀ ਸੇਧ ਦਿੱਤੀ ਜਾ ਸਕਦੀ ਹੈ। ਬਤੌਰ ਅਧਿਆਪਕਾਂ ਮੇਰਾ ਤਜ਼ੁਰਬਾ ਰਿਹਾ ਹੈ ਕਿ ਜੇਕਰ ਅਸੀਂ ਵਿਦਿਆਰਥੀਆਂ ਨਾਲ ਦੋਸਤਾਨਾ ਵਿਵਹਾਰ ਕਰਦੇ ਹਾਂ, ਤਾਂ ਉਨ੍ਹਾਂ ਵਿਚ ਆਤਮ ਵਿਸ਼ਵਾਸ ਵੱਧਦਾ ਹੈ। ਮੇਰੇ ਬਹੁਤ ਸਾਰੇ ਵਿਦਿਆਰਥੀ ਮੇਰੇ ਨਾਲ ਜਿੱਥੇ ਵਿਸ਼ੇ ਨਾਲ ਸੰਬੰਧਿਤ ਮੁਸ਼ਕਿਲਾਂ ਸਾਂਝੀਆਂ ਕਰਦੇ ਹਨ, ਉੱਥੇ ਆਪਣੀਆਂ ਨਿੱਜੀ ਮੁਸ਼ਕਿਲਾਂ ਵੀ ਬਿਨਾਂ ਕਿਸੇ ਡਰ ਤੋਂ ਸਾਂਝੀਆਂ ਕਰਦੇ ਹਨ। ਮੈਂ ਅਕਸਰ ਸੋਚਦੀ ਹੁੰਦੀ ਹਾਂ ਕਿ ਅਜਿਹੇ ਵਿਵਹਾਰ ਰਾਹੀਂ ਵਿਦਿਆਰਥੀਆਂ ਦੇ ਅੰਦਰ ਛੁਪੀਆਂ ਤੇ ਕਿੰਨੀਆਂ ਹੀ ਅਣਕਹੀਆਂ ਗੱਲਾਂ ਨੂੰ ਜਾਣਨ ਦਾ ਸਬੱਬ ਬਣਦਾ ਹੈ। ਮੇਰੀ ਜਮਾਤ ਵਿਚ ਹਰ ਉਹ ਵਿਦਿਆਰਥੀ ਵੀ ਖੁੱਲ੍ਹ ਕੇ ਗੱਲ ਕਰਦਾ, ਜਿਸ ਨੂੰ ਬੋਲਦਿਆਂ ਉਸਦੇ ਸਾਥੀਆਂ ਨੇ ਵੀ ਬਹੁਤ ਘੱਟ ਦੇਖਿਆ ਹੁੰਦਾ। ਕਹਿਣ ਤੋਂ ਭਾਵ ਵਿਦਿਆਰਥੀ ਦੀ ਸ਼ਖਸੀਅਤ ਦੇ ਨਿਰਮਾਣ ਦੀ ਇੱਕ ਵੱਡੀ ਜ਼ਿੰਮੇਵਾਰੀ ਅਧਿਆਪਕ ਦੇ ਮੋਢਿਆਂ ਉੱਤੇ ਹੁੰਦੀ ਹੈ। ਇੱਕ ਸੁਲਝਿਆ ਹੋਇਆ ਅਧਿਆਪਕ ਆਪਣੇ ਆਪ ਨੂੰ ਕੇਵਲ ਵਿਸ਼ੇ ਤੱਕ ਸੀਮਿਤ ਨਹੀਂ ਰੱਖਦਾ, ਬਲਕਿ ਆਪਣੇ ਵਿਦਿਆਰਥੀ ਦੇ ਸਰਬਪੱਖੀ ਵਿਕਾਸ ਲਈ ਹਰ ਹੀਲਾ ਕਰਦਾ ਹੈ। ਨਾਲ ਦੀ ਨਾਲ ਵਿਦਿਆਰਥੀ ਨੂੰ ਜੀਵਨ ਵਿਚ ਆਉਣ ਵਾਲੀਆਂ ਚੁਣੌਤੀਆਂ ਨਾਲ ਜੂਝਣ ਲਈ ਪ੍ਰੋਤਸਾਹਿਤ ਕਰਦਾ ਹੈ। ਮੈਂ ਅਕਸਰ ਸੋਚਦੀ ਹਾਂ ਕਿ ਸਾਡੀ ਸਿੱਖਿਆ ਪ੍ਰਣਾਲੀ ਦੀ ਊਣਤਾਈ ਰਹੀ ਹੈ ਕਿ ਵਿਦਿਆਰਥੀ ਨੂੰ ਕੇਵਲ ਚੰਗੇ ਨੰਬਰ ਲੈਣ ਜਾਂ ਪਾਸ ਹੋਣ ਤੱਕ ਸੀਮਤ ਕੀਤਾ ਹੋਇਆ ਹੈ, ਜਦੋਂਕਿ ਸਿੱਖਿਆ ਪ੍ਰਣਾਲੀ ਦਾ ਮਕਸਦ ਜਿੱਥੇ ਕਿਤਾਬੀ ਗਿਆਨ ਹੋਣਾ ਚਾਹੀਦਾ ਹੈ, ਉੱਥੇ ਵਿਦਿਆਰਥੀ ਵਿਚ ਆਤਮ ਵਿਸ਼ਵਾਸ ਭਰਨਾ ਤੇ ਆਤਮ ਨਿਰਭਰ ਬਣਾਉਣਾ ਹੋਣਾ ਚਾਹੀਦਾ ਹੈ। ਪਰ ਮੌਜੂਦਾ ਹਾਲਾਤ ’ਚ ਅਸੀਂ ਸਿਰਫ਼ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਤੇ ਪਾਸ ਹੋਣ ਤੱਕ ਸੀਮਤ ਰੱਖਿਆ ਹੈ। ਜਿਸ ਕਾਰਨ ਵਿਦਿਆਰਥੀਆਂ ਕੇਵਲ ਨੌਕਰੀਆਂ ਦੀ ਉਡੀਕ ਵਿਚ ਬੇਰੁਜ਼ਗਾਰ ਬੈਠੇ ਰਹਿੰਦੇ ਹਨ, ਪਰ ਆਪਣੇ ਬਲਬੂਤੇ ਉੱਤੇ ਕੁਝ ਨਹੀਂ ਕਰਦੇ। ਇੱਕ ਅਧਿਆਪਕ ਲਈ ਸਭ ਤੋਂ ਵੱਧ ਖੁਸ਼ੀ ਦੇ ਪਲ ਹੁੰਦੇ ਹਨ, ਜਦੋਂ ਉਨ੍ਹਾਂ ਦਾ ਪੜ੍ਹਾਇਆ ਵਿਦਿਆਰਥੀ ਆਪਣੀਆਂ ਮੰਜ਼ਿਲਾਂ ਨੂੰ ਸਰ ਕਰਦਾ ਹੈ। ਅਧਿਆਪਕ ਉੱਪਰ ਦੇਸ਼ ਦੇ ਭਵਿੱਖ ਦੀ ਇੱਕ ਵੱਡੀ ਜ਼ਿੰਮੇਵਾਰੀ ਹੁੰਦੀ ਹੈ, ਕਿਉਂਕਿ ਅੱਜ ਦੇ ਵਿਦਿਆਰਥੀ ਕੱਲ੍ਹ ਦੇ ਡਾਕਟਰ, ਇੰਜੀਨੀਅਰ, ਅਧਿਆਪਕ, ਨੇਤਾ, ਅਫ਼ਸਰ ਹਨ। ਸੋ ਅਧਿਆਪਕ ਦਾ ਮੁੱਢਲਾ ਫਰਜ਼ ਬਣਦਾ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ।

ਅੰਤ ਵਿਚ ਇਹੀ ਸਿੱਟਾ ਨਿਕਲਦਾ ਹੈ ਕਿ ਅਧਿਆਪਕ ਦਾ ਪੇਸ਼ਾ ਦੁਨੀਆਂ ਦੇ ਸਭ ਪੇਸ਼ਿਆਂ ਨਾਲੋਂ ਜ਼ਿੰਮੇਵਾਰੀ ਵਾਲਾ ਅਤੇ ਮਾਣ ਵਾਲਾ ਕਿੱਤਾ ਹੈ। ਅਧਿਆਪਕ ਕੋਲ ਆਪਣੇ ਸਮਾਜ ਦਾ ਨਕਸ਼ਾ ਬਦਲਣ ਦਾ ਹੁਨਰ ਅਤੇ ਮੌਕਾ ਦੋਵੇਂ ਹੁੰਦੇ ਹਨ। ਸੋ ਸਾਰੇ ਅਧਿਆਪਕ ਵਰਗ ਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਜ਼ਿੰਮੇਵਾਰੀ ਨੂੰ ਬਹੁਤ ਹੀ ਸੰਜੀਦਗੀ ਨਾਲ ਨਿਭਾਉਂਦੇ ਹੋਏ ਇੱਕ ਚੰਗੇ ਸਮਾਜ ਦੀ ਰਚਨਾ ਕਰ ਸਕੀਏ। ਅਧਿਆਪਕ ਦਿਵਸ ਦੀਆਂ ਬਹੁਤ-ਬਹੁਤ ਮੁਬਾਰਕਾਂ।

# ਕਿਹੜੇ ਰਾਹ ਤੁਰੇ ਪੰਜਾਬੀ ਸੱਭਿਆਚਾਰ ਦੇ ਰਾਖੇ...

ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲUSA





ਬਿਨਾਂ ਸ਼ੱਕ ਸੱਭਿਆਚਾਰ ਕਿਸੇ ਵੀ ਕੌਮ ਦੀ ਰੂਹ ਹੁੰਦਾ ਹੈ। ਕਿਸੇ ਖੇਤਰ ਦਾ ਵਜੂਦ ਤੇ ਉਸ ਦੀ ਪਹਿਚਾਣ ਹੁੰਦਾ ਹੈ। ਇਹ ਉਨ੍ਹਾਂ ਰਿਵਾਜ਼ਾਂ, ਰੀਤੀਆਂ, ਭਾਸ਼ਾਵਾਂ, ਕਲਾਵਾਂ, ਧਰਮਾਂ ਤੇ ਜੀਵਨ ਸ਼ੈਲੀ ਦਾ ਸੁੰਦਰ ਮਿਲਾਪ ਹੈ, ਜੋ ਸਦੀਆਂ ਤੋਂ ਲੋਕਾਂ ਦੇ ਜੀਵਨ ਵਿਚ ਰਚੇ-ਵਸੇ ਹਨ। ਜੋ ਸਾਡੇ ਵੱਡ-ਵਡੇਰਿਆਂ ਦਾ ਸੰਭਾਲਿਆ ਹੋਇਆ, ਸਾਡੇ ਲਈ ਇੱਕ ਉਹ ਖਜ਼ਾਨਾ ਹੈ, ਜਿਸ ਦੀ ਹਿਫ਼ਾਜ਼ਤ ਉਹ ਸਦੀਆਂ-ਸਦੀਆਂ ਤੋਂ ਕਰਦੇ ਆ ਰਹੇ ਹਨ। ਸੱਭਿਆਚਾਰ ਸਾਨੂੰ ਸਿਰਫ਼ ਆਪਣੀ ਇਤਿਹਾਸਕ ਵਿਰਾਸਤ ਨਾਲ ਹੀ ਨਹੀਂ ਜੋੜਦਾ, ਸਗੋਂ ਸਾਡੇ ਵਰਤਮਾਨ ਅਤੇ ਭਵਿੱਖ ਲਈ ਵੀ ਮਜ਼ਬੂਤ ਬੁਨਿਆਦ ਤਿਆਰ ਕਰਦਾ ਹੈ। ਕਿਸੇ ਵੀ ਰਾਸ਼ਟਰ ਦੀ ਪਛਾਣ ਉਸ ਦੇ ਸੱਭਿਆਚਾਰ ਨਾਲ ਹੀ ਹੁੰਦੀ ਹੈ। ਜਿਵੇਂ ਕਿ ਪੰਜਾਬ ਦਾ ਸੱਭਿਆਚਾਰ ਖੁੱਲ੍ਹੇ ਦਿਲ, ਭੰਗੜੇ-ਗਿੱਧੇ, ਮਿੱਠੀ ਬੋਲੀ ਤੇ ਮਹਿਮਾਨ ਨਵਾਜ਼ੀ ਲਈ ਜਾਣਿਆ ਜਾਂਦਾ ਹੈ। ਪੰਜਾਬ ਦੀ ਗਿੱਧੇ ਵਿਚ ਨੱਚਦੀ ਜਵਾਨੀ, ਠਾਠਾਂ ਮਾਰਦਾ ਹੁਸਨ, ਰੂਹੀਂ ਸੰਗੀਤ ਜਿਸ ਨੂੰ ਸੁਣ ਕੇ ਮੁਰਦੇ ਵਿਚ ਵੀ ਜਾਨ ਪੈ ਜਾਵੇ। ਸਾਡੇ ਪੰਜਾਬ ਦੇ ਕੁਝ ਕੁ ਖੇਤਰਾਂ ਦੀ ਬੋਲੀ ਤਾਂ ਗੁੜ ਨਾਲੋਂ ਵੀ ਜ਼ਿਆਦਾ ਮਿੱਠੀ ਹੈ।

ਪੰਜਾਬ ਦੇ ਲੜਕੇ ਭੰਗੜੇ ਵਿਚ ਇਹੋ ਜਿਹਾ ਰੰਗ ਬੰਨ੍ਹਦੇ ਹਨ, ਜੋ ਹੋਰ ਕਿਤੇ ਦੇਖਣ ਨੂੰ ਨਹੀਂ ਮਿਲਦਾ, ਉਹ ਸਿਰਫ ਪੰਜਾਬ ਦੇ ਹਿੱਸੇ ਹੈ। ਉੱਚੇ, ਲੰਬੇ, ਸੋਹਣੇ, ਸ਼ੌਕੀਨ ਗੱਭਰੂ ਸਮਾਜ ਅੰਦਰ ਵਿਚ ਇੱਕ ਵੱਖਰਾ ਹੀ ਮੁਕਾਮ ਬਣਾ ਲੈਂਦੇ ਹਨ। ਸੱਭਿਆਚਾਰ ਵਿਚ ਲੋਕ-ਗੀਤ, ਲੋਕ-ਨਾਚ, ਪਹਿਰਾਵੇ, ਖਾਣ-ਪੀਣ ਅਤੇ ਮੇਲੇ-ਤਿਉਹਾਰ ਖਾਸ ਮਹੱਤਵ ਰੱਖਦੇ ਹਨ। ਮੇਲਿਆਂ ’ਤੇ ਜਾਣਾ ਭਾਂਤ-ਭਾਂਤ ਦੀਆਂ ਸਟਾਲਾਂ ਲੱਗੀਆਂ ਹੋਣੀਆਂ, ਤਰ੍ਹਾਂ-ਤਰ੍ਹਾਂ ਦੀਆਂ ਦੁਕਾਨਾਂ ਦੀ ਹੋਂਦ ਦਿਲ ਨੂੰ ਖੁਸ਼ੀਆਂ ਖੇੜਿਆਂ ਨਾਲ ਭਰ ਦਿੰਦੀ ਹੈ। ਇਹ ਮੌਕੇ ਸਾਡੇ ਜੀਵਨ ਨੂੰ ਰੰਗੀਂ ਅਤੇ ਖੁਸ਼ਹਾਲ ਬਣਾਉਂਦੇ ਹਨ। ਸੱਭਿਆਚਾਰ ਸਾਨੂੰ ਆਪਸੀ ਪਿਆਰ, ਭਰਾਤਰੀ ਸਹਿਣਸ਼ੀਲਤਾ ਅਤੇ ਮਨੁੱਖਤਾ ਦਾ ਪਾਠ ਪੜ੍ਹਾਉਂਦਾ ਹੈ। ਸੱਭਿਆਚਾਰ ਇੱਕ ਅਜਿਹੀ ਪ੍ਰਕਿਰਿਆ ਹੈ, ਜੋ ਨਿਰੰਤਰ ਜ਼ਿੰਦਗੀ ਵਿਚ ਚਲਦੀ ਰਹਿੰਦੀ ਹੈ, ਇਹ ਜਨਮ ਦੇ ਨਾਲ ਸ਼ੁਰੂ ਹੁੰਦੀ ਹੈ ਅਤੇ ਮਰਨ ਦੇ ਨਾਲ ਹੀ ਖਤਮ ਹੁੰਦੀ ਹੈ। ਇਸ ਵਿਚ ਵਿਅਕਤੀ ਸਮਾਜਿਕ ਵੰਦਨਾ ਵਿਚ ਰਹਿ ਕੇ ਉਨ੍ਹਾਂ ਨਿਯਮਾਂ ਦੀ ਪਾਲਣਾ ਕਰਦੇ ਹੋਏ, ਜੋ ਨਿਯਮ ਸਾਡੇ ਵੱਡ-ਵਡੇਰਿਆਂ ਨੇ ਬਣਾਏ ਹਨ, ਆਪਣਾ ਜੀਵਨ ਬਸਰ ਕਰਦਾ ਹੈ।

ਪੰਜਾਬ ਦੇ ਲੜਕੇ ਭੰਗੜੇ ਵਿਚ ਇਹੋ ਜਿਹਾ ਰੰਗ ਬੰਨ੍ਹਦੇ ਹਨ, ਜੋ ਹੋਰ ਕਿਤੇ ਦੇਖਣ ਨੂੰ ਨਹੀਂ ਮਿਲਦਾ, ਉਹ ਸਿਰਫ ਪੰਜਾਬ ਦੇ ਹਿੱਸੇ ਹੈ। ਉੱਚੇ, ਲੰਬੇ, ਸੋਹਣੇ, ਸ਼ੌਕੀਨ ਗੱਭਰੂ ਸਮਾਜ ਅੰਦਰ ਵਿਚ ਇੱਕ ਵੱਖਰਾ ਹੀ ਮੁਕਾਮ ਬਣਾ ਲੈਂਦੇ ਹਨ। ਸੱਭਿਆਚਾਰ ਵਿਚ ਲੋਕ-ਗੀਤ, ਲੋਕ-ਨਾਚ, ਪਹਿਰਾਵੇ, ਖਾਣ-ਪੀਣ ਅਤੇ ਮੇਲੇ-ਤਿਉਹਾਰ ਖਾਸ ਮਹੱਤਵ ਰੱਖਦੇ ਹਨ।

ਪਰ ਅੱਜ ਦੇ ਸਮੇਂ ਵਿਚ, ਜਦੋਂ ਪੱਛਮੀ ਸੱਭਿਆਚਾਰ ਦਾ ਪ੍ਰਭਾਵ ਵਧ ਰਿਹਾ ਹੈ, ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਅਤੇ ਸਾਡੇ ਹੁਣ ਦੇ ਜੰਮਪਲ ਜੋ ਆਪਣਾ ਪਿਛੋਕੜ ਭੁੱਲਣ ਦੇ ਨਾਲ-ਨਾਲ ਸੱਭਿਆਚਾਰ ਭੁੱਲ ਚੁੱਕੇ ਹਨ, ਉਨ੍ਹਾਂ ਨੂੰ ਸੱਭਿਆਚਾਰ ਬਾਰੇ ਦੱਸਣਾ, ਸਾਹਿਤ ਦੀ ਜਾਣਕਾਰੀ ਦੇਣੀ ਬਹੁਤ ਜ਼ਰੂਰੀ ਹੈ। ਕਿਉਂਕਿ ਸਾਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਲਈ ਆਪਣੀ ਆਉਣ ਵਾਲੀ ਪੀੜ੍ਹੀ ਵਾਸਤੇ ਕੁਝ ਅਜਿਹੀਆਂ ‘ਲਿਖਤਾਂ ਰੂਪੀ ਨੀਹਾਂ’ ਤਿਆਰ ਕਰਨੀਆਂ ਪੈਣਗੀਆਂ, ਜਿਸ ਵਿਚ ਆਪਣੇ ਸੱਭਿਆਚਾਰ ਬਾਰੇ ਭਰਪੂਰ ਮਾਤਰਾ ਵਿਚ ਜਾਣਕਾਰੀ ਦਿੱਤੀ ਜਾ ਸਕੇ। ਆਪਣੀ ਭਾਸ਼ਾ, ਜੋ ਬਹੁਮੁੱਲੀ ਹੈ ਅਤੇ ਬਹੁਰੰਗੀ ਹੈ, ਇਸ ’ਤੇ ਸਾਨੂੰ ਮਾਣ ਹੋਣਾ ਚਾਹੀਦਾ ਹੈ। ਆਉਣ ਵਾਲੀਆਂ ਪੀੜ੍ਹੀਆਂ ਲਈ ਕੁਝ ਅਜਿਹੀਆਂ ਲਿਖਤਾਂ ਸਮਾਜ ਦੀ ਝੋਲੀ ਪਾਉਣੀਆਂ ਚਾਹੀਦੀਆਂ ਹਨ, ਜੋ ਨੌਜਵਾਨ ਪੀੜ੍ਹੀ ਲਈ ਰਾਹ ਦਸੇਰਾ ਬਣ ਸਕਣ।

ਸੰਗੀਤ ਵਿਚ ਵੀ ਗਾਇਕਾਂ ਤੇ ਲੇਖਕਾਂ ਨੂੰ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਗੀਤ ਲਿਖੇ, ਗਾਏ ਜਾਣ ਜਿਸ ਵਿਚ ਮਨੋਰੰਜਨ ਤਾਂ ਹੋਵੇ ਹੀ, ਨਾਲ ਕੁਝ ਚੰਗੇ ਵਿਚਾਰ ਵੀ ਹੋਣ। ਲੋਕ-ਕਲਾ ਨੂੰ ਜਿਉਂਦੇ ਰੱਖਣ ਲਈ ਸਾਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਹ ਸਭ ਲੋਕ ਕਲਾਵਾਂ ਸਿਖਾਉਣੀਆਂ ਚਾਹੀਦੀਆਂ ਹਨ, ਜਿਵੇਂ ਮੰਜਾ ਬੁਣਨਾ, ਪੋਰੀਆ ਵਾਲੇ ਨਾਲੇ, ਪੱਖੀ ਬੁਣਨਾ ਆਦਿ ਸਭ ਉਨ੍ਹਾਂ ਨੂੰ ਸਿਖਾਉਣਾ ਅੱਜ ਦੀ ਲੋੜ ਹੈ ਅਤੇ ਰਸਮੋ-ਰਿਵਾਜ਼ਾਂ ਨੂੰ ਜੀਵਤ ਰੱਖਣਾ ਸਾਡਾ ਸਮਾਜਿਕ ਫ਼ਰਜ਼ ਹੈ। ਨਤੀਜਨ ਸੱਭਿਆਚਾਰ ਉਹ ਸ਼ੀਸ਼ਾ ਹੈ, ਜਿਸ ਵਿਚ ਕਿਸੇ ਕੌਮ ਦੀ ਪਹਿਚਾਣ ਅਤੇ ਉਸ ਦੇ ਮੁੱਲ ਵਿਖਾਈ ਦਿੰਦੇ ਹਨ। ਇਸ ਲਈ ਸਾਨੂੰ ਆਪਣੀ ਸੱਭਿਆਚਾਰਕ ਵਿਰਾਸਤ ਨੂੰ ਸਾਂਭਣਾ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਦਾ ਕਰਨਾ ਚਾਹੀਦਾ ਹੈ। ਸਾਨੂੰ ਅਜਿਹੇ ਕਾਰਜ ਕਰਨੇ ਚਾਹੀਦੇ ਹਨ, ਜਿਸ ਦੇ ਵਿਚ ਸੱਭਿਆਚਾਰ ਦਾ ਪੱਖ ਮਜ਼ਬੂਤੀ ਨਾਲ ਪੇਸ਼ ਕੀਤਾ ਹੋਵੇ।

# ਕਸਰਤ ਦਿਮਾਗ ਵਿਚ ਨਵੇਂ ਨਿਊਰੋਨ ਬਣਾਉਣ ਵਿਚ ਮਦਦ ਕਰ ਸਕਦੀ ਹੈ






-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA


ਕਸਰਤ ਨੂੰ ਆਮ ਤੌਰ 'ਤੇ ਦਿਲ, ਮਾਸਪੇਸ਼ੀਆਂ ਅਤੇ ਹੱਡੀਆਂ ਨੂੰ ਮਜ਼ਬੂਤ ਬਣਾਉਣ ਲਈ ਜਾਣਿਆ ਜਾਂਦਾ ਹੈ। ਪਰ ਵਿਗਿਆਨੀ ਹੁਣ ਲਗਾਤਾਰ ਇਹ ਪਤਾ ਲਗਾ ਰਹੇ ਹਨ ਕਿ ਸਰੀਰਕ ਸਰਗਰਮੀ ਦਿਮਾਗ ਨੂੰ ਕੋਸ਼ਿਕਾਈ ਪੱਧਰ 'ਤੇ ਵੀ ਪ੍ਰਭਾਵਿਤ ਕਰ ਸਕਦੀ ਹੈ।

ਹਾਲੀਆ ਖੋਜ ਤੋਂ ਸੰਕੇਤ ਮਿਲਦਾ ਹੈ ਕਿ ਕਸਰਤ ਨਾਲ ਪੈਦਾ ਹੋਣ ਵਾਲੇ ਜੈਵਿਕ ਸੰਕੇਤ ਨਵੇਂ ਨਿਊਰੋਨ (ਤੰਤਰਿਕਾ ਕੋਸ਼ਿਕਾਵਾਂ) ਦੇ ਨਿਰਮਾਣ ਨੂੰ ਉਤਸ਼ਾਹਿਤ ਕਰ ਸਕਦੇ ਹਨ। ਇਸ ਪ੍ਰਕਿਰਿਆ ਨੂੰ ਨਿਊਰੋਜੈਨੇਸਿਸ ਕਿਹਾ ਜਾਂਦਾ ਹੈ। ਇਹ ਖੋਜ ਇਸ ਗੱਲ ਦੇ ਵਧ ਰਹੇ ਸਬੂਤਾਂ ਵਿਚ ਸ਼ਾਮਲ ਹੈ ਕਿ ਕਸਰਤ ਦੇ ਲਾਭ ਸਿਰਫ਼ ਸਰੀਰਕ ਤੰਦਰੁਸਤੀ ਤੱਕ ਸੀਮਤ ਨਹੀਂ ਹਨ।

ਇਸ ਖੋਜ ਦਾ ਇੱਕ ਦਿਲਚਸਪ ਪੱਖ ਦਿਮਾਗ ਦੀਆਂ ਐਸਟ੍ਰੋਸਾਈਟਸ ਨਾਮਕ ਕੋਸ਼ਿਕਾਵਾਂ ਨਾਲ ਜੁੜਿਆ ਹੈ। ਪਹਿਲਾਂ ਇਨ੍ਹਾਂ ਕੋਸ਼ਿਕਾਵਾਂ ਨੂੰ ਮੁੱਖ ਤੌਰ 'ਤੇ ਸਹਾਇਕ ਕੋਸ਼ਿਕਾਵਾਂ ਮੰਨਿਆ ਜਾਂਦਾ ਸੀ, ਪਰ ਹੁਣ ਵਿਗਿਆਨੀ ਜਾਣਦੇ ਹਨ ਕਿ ਇਹ ਨਿਊਰੋਨਾਂ ਨਾਲ ਸਰਗਰਮੀ ਨਾਲ ਸੰਚਾਰ ਕਰਦੀਆਂ ਹਨ ਅਤੇ ਦਿਮਾਗ ਦੇ ਵਾਤਾਵਰਣ ਨੂੰ ਨਿਯੰਤਰਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਖੋਜਕਰਤਾ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਨ੍ਹਾਂ ਕੋਸ਼ਿਕਾਵਾਂ ਦੀ ਸਰਗਰਮੀ ਅਤੇ ਉਨ੍ਹਾਂ ਦੇ ਸੰਕੇਤ ਨਵੇਂ ਨਿਊਰੋਨਾਂ ਦੇ ਵਿਕਾਸ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੇ ਹਨ।

ਜਦੋਂ ਅਸੀਂ ਕਸਰਤ ਕਰਦੇ ਹਾਂ, ਤਾਂ ਸਰੀਰ ਵਿਚ ਕਈ ਤਰ੍ਹਾਂ ਦੇ ਰਸਾਇਣਕ ਅਤੇ ਜੈਵਿਕ ਸੰਕੇਤ ਪੈਦਾ ਹੁੰਦੇ ਹਨ। ਦਿਮਾਗ ਵਿਚ ਵਧਿਆ ਹੋਇਆ ਖੂਨ ਦਾ ਪ੍ਰਵਾਹ, ਹਾਰਮੋਨਾਂ ਅਤੇ ਵਿਕਾਸ ਕਾਰਕਾਂ ਵਿਚ ਤਬਦੀਲੀਆਂ ਅਤੇ ਵੱਖ-ਵੱਖ ਕਿਸਮਾਂ ਦੀਆਂ ਕੋਸ਼ਿਕਾਵਾਂ ਵਿਚਕਾਰ ਸੰਚਾਰ ਦਿਮਾਗ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਨ੍ਹਾਂ ਵਿਚੋਂ ਕੁਝ ਸੰਕੇਤ ਨਵੀਆਂ ਤੰਤਰਿਕਾ ਕੋਸ਼ਿਕਾਵਾਂ ਦੇ ਵਿਕਾਸ ਅਤੇ ਉਨ੍ਹਾਂ ਦੇ ਜੀਵਿਤ ਰਹਿਣ ਲਈ ਅਨੁਕੂਲ ਹਾਲਾਤ ਪੈਦਾ ਕਰ ਸਕਦੇ ਹਨ।

ਇਹ ਸੰਭਾਵਨਾ ਖਾਸ ਤੌਰ 'ਤੇ ਹਿਪੋਕੈਂਪਸ ਵਰਗੇ ਦਿਮਾਗੀ ਹਿੱਸੇ ਲਈ ਮਹੱਤਵਪੂਰਨ ਹੈ, ਜੋ ਸਿੱਖਣ ਅਤੇ ਯਾਦਦਾਸ਼ਤ ਨਾਲ ਜੁੜਿਆ ਹੋਇਆ ਹੈ। ਜਾਨਵਰਾਂ 'ਤੇ ਕੀਤੇ ਅਧਿਐਨਾਂ ਵਿਚ ਪਾਇਆ ਗਿਆ ਹੈ ਕਿ ਸਰੀਰਕ ਸਰਗਰਮੀ ਇਸ ਖੇਤਰ ਵਿਚ ਨਵੇਂ ਨਿਊਰੋਨਾਂ ਦੇ ਨਿਰਮਾਣ ਨੂੰ ਵਧਾ ਸਕਦੀ ਹੈ। ਹਾਲਾਂਕਿ ਮਨੁੱਖਾਂ ਵਿਚ ਇਸ ਪ੍ਰਕਿਰਿਆ ਦਾ ਅਧਿਐਨ ਵਧੇਰੇ ਜਟਿਲ ਹੈ ਅਤੇ ਵਿਗਿਆਨੀ ਅਜੇ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਹ ਪ੍ਰਭਾਵ ਮਨੁੱਖਾਂ ਵਿਚ ਕਿੰਨੀ ਮਜ਼ਬੂਤੀ ਨਾਲ ਕੰਮ ਕਰਦੇ ਹਨ।

ਇਹ ਸਮਝਣਾ ਵੀ ਜ਼ਰੂਰੀ ਹੈ ਕਿ ਇਸ ਦਾ ਅਰਥ ਇਹ ਨਹੀਂ ਕਿ ਕਸਰਤ ਯਕੀਨੀ ਤੌਰ 'ਤੇ ਵੱਡੀ ਗਿਣਤੀ ਵਿਚ ਨਵੀਆਂ ਦਿਮਾਗੀ ਕੋਸ਼ਿਕਾਵਾਂ ਪੈਦਾ ਕਰੇਗੀ। ਨਿਊਰੋਜੈਨੇਸਿਸ ਇੱਕ ਜਟਿਲ ਪ੍ਰਕਿਰਿਆ ਹੈ, ਜਿਸ 'ਤੇ ਉਮਰ, ਨੀਂਦ, ਪੋਸ਼ਣ, ਤਣਾਅ ਅਤੇ ਕਈ ਹੋਰ ਕਾਰਕਾਂ ਦਾ ਪ੍ਰਭਾਵ ਪੈਂਦਾ ਹੈ। ਇਸ ਤੋਂ ਇਲਾਵਾ, ਕੋਸ਼ਿਕਾਈ ਪੱਧਰ 'ਤੇ ਮਿਲੇ ਕਈ ਮਹੱਤਵਪੂਰਨ ਸਬੂਤ ਅਜੇ ਵੀ ਪ੍ਰਯੋਗਸ਼ਾਲਾ ਅਤੇ ਜਾਨਵਰਾਂ 'ਤੇ ਕੀਤੇ ਅਧਿਐਨਾਂ ਤੋਂ ਪ੍ਰਾਪਤ ਹੋਏ ਹਨ।

ਫਿਰ ਵੀ, ਸਾਹਮਣੇ ਆ ਰਹੀ ਵਿਗਿਆਨਕ ਤਸਵੀਰ ਉਤਸ਼ਾਹਜਨਕ ਹੈ। ਕਸਰਤ ਸਿਰਫ਼ ਸਰੀਰ ਨੂੰ ਮਜ਼ਬੂਤ ਬਣਾਉਣ ਵਿਚ ਹੀ ਮਦਦ ਨਹੀਂ ਕਰ ਸਕਦੀ, ਸਗੋਂ ਇਹ ਅਜਿਹੇ ਜੈਵਿਕ ਸੰਕੇਤ ਵੀ ਪੈਦਾ ਕਰ ਸਕਦੀ ਹੈ, ਜੋ ਦਿਮਾਗ ਨੂੰ ਸਿਹਤਮੰਦ ਅਤੇ ਬਦਲਦੇ ਹਾਲਾਤਾਂ ਅਨੁਸਾਰ ਢਲਣਯੋਗ ਬਣਾਈ ਰੱਖਣ ਵਿਚ ਸਹਾਇਕ ਹੋਣ।

ਇਸ ਲਈ ਨਿਯਮਿਤ ਸਰੀਰਕ ਸਰਗਰਮੀ ਨੂੰ ਸਿਰਫ਼ ਤੰਦਰੁਸਤੀ ਬਣਾਈ ਰੱਖਣ ਦੇ ਸਾਧਨ ਵਜੋਂ ਨਹੀਂ, ਸਗੋਂ ਦਿਮਾਗ ਦੀ ਸਿਹਤ, ਸਿੱਖਣ ਦੀ ਸਮਰੱਥਾ ਅਤੇ ਸਿਹਤਮੰਦ ਉਮਰ ਵਧਣ ਵਿਚ ਸਹਾਇਤਾ ਕਰਨ ਵਾਲੀ ਜੀਵਨਸ਼ੈਲੀ ਦੇ ਹਿੱਸੇ ਵਜੋਂ ਵੀ ਦੇਖਣਾ ਚਾਹੀਦਾ ਹੈ।

ਦਿਮਾਗ ਸਾਡੀ ਕਲਪਨਾ ਨਾਲੋਂ ਕਿਤੇ ਵੱਧ ਸਰਗਰਮ ਢੰਗ ਨਾਲ ਸਰੀਰਕ ਗਤੀਵਿਧੀਆਂ ਦਾ ਜਵਾਬ ਦੇ ਸਕਦਾ ਹੈ। ਹਰ ਨਿਯਮਿਤ ਸੈਰ, ਖੇਡ ਜਾਂ ਕਸਰਤ ਸਾਡੇ ਸਰੀਰ ਅਤੇ ਦਿਮਾਗ ਦੀਆਂ ਕੋਸ਼ਿਕਾਵਾਂ ਨੂੰ ਸਰਗਰਮ ਰਹਿਣ, ਆਪਣੇ ਆਪ ਨੂੰ ਢਾਲਣ ਅਤੇ ਸਿੱਖਦੇ ਰਹਿਣ ਦਾ ਸੰਦੇਸ਼ ਦੇ ਸਕਦੀ ਹੈ।

# ਸਿੱਖ ਧਰਮ ਇਕ ਜੀਵਨ-ਜਾਚ ਹੈ, ਪਰ ਕੌਮ ਨੇ ਅੱਜ ਤੱਕ ਜੀਵਨ ਜਾਚ ਸਿੱਖੀ ਨਹੀਂ






ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
ਪੰਜਾਬ ਮੇਲ USA


ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥" ਸੱਚ ਸਭ ਤੋਂ ਉਤਮ ਹੈ ਪਰ ਆਚਾਰਿ ਸਚੁ ਤੋਂ ਵੀ ਉਪਰ ਹੈ। ਸਿੱਖੀ ਸਰੂਪ ਅਤੇ ਸਿੱਖੀ ਕਿਰਦਾਰ ਅਤੇ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਸਿੱਖ ਧਰਮ ਦੇ ਮੁੱਢਲੇ ਸਿਧਾਂਤ ਹਨ। ਚਰਿੱਤਰ ਅਤੇ ਆਚਾਰ ਨੂੰ ਅੰਗਰੇਜ਼ੀ ਕਵੀ ਕੈਂਸਰ ਇਸ ਪ੍ਰਕਾਰ ਵਰਣਨ ਕਰਦੇ ਹਨ:

If wealth is lost, nothing is lost.

If health is lost, something is lost.

If character is lost, everything is lost.

ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸ਼ੁਭ ਅਮਲਾਂ ਤੇ ਹੋਣੇ ਨੇ ਨਿਬੇੜੇ ਤੇ ਜ਼ਾਤ ਕਿਸੇ ਪੁੱਛਣੀ ਨਹੀਂ।" ਜਦੋਂ ਸ੍ਰੀ ਗੁਰੂ ਜੀ ਮੱਕੇ-ਮਦੀਨੇ ਗਏ ਸਨ, ਤਾਂ ਕਾਜ਼ੀਆਂ ਨੇ ਗੁਰੂ ਜੀ ਨੂੰ ਪੁੱਛਿਆ ਸੀ ਕਿ ਹਿੰਦੂ ਵੱਡਾ ਕੇ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ ਕਿ 'ਸ਼ੁਭ ਅਮਲਾਂ ਬਾਝੋਂ ਦੋਨੋਂ ਰੋਈ'। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।" ਪਰ ਦੁੱਖ ਦੀ ਗੱਲ ਇਹ ਹੈ ਕਿ ਸਦੀਆਂ ਬੀਤ ਗਈਆਂ ਹਨ, ਅਜੇ ਤੱਕ ਇਸ ਬਾਰੇ ਭਾਵ ਕਿਰਦਾਰ ਬਾਰੇ ਸਿੱਖਾਂ ਨੇ ਛਿੱਕੂ ਵਿਚੋਂ ਇਕ ਪੂਣੀ ਵੀ ਨਹੀਂ ਕੱਤੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖਾਂ ਨੇ ਆਰਥਿਕ ਪੱਖੋਂ ਬਹੁਤ ਵੱਡੀਆਂ ਮੱਲ੍ਹਾਂ ਮਾਰੀਆਂ ਨੇ। ਪਰ ਕਿਰਦਾਰ ਪੱਖੋਂ ਮਨੁੱਖ ਨੇ ਕੁੱਝ ਨਹੀਂ ਸਿੱਖਿਆ। ਕਿਰਦਾਰ ਬਾਰੇ ਬਹੁਤ ਹੀ ਸੰਖੇਪ ਵਿਚ ਇਸ ਪ੍ਰਕਾਰ ਹੈ:

1. ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਤੋਂ ਬਚੋ।
2. ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦੇ ਧਾਰਨੀ ਬਣੋ।
3. ਕਿਸੇ ਦਾ ਦਿਲ ਨਾ ਦੁਖਾਓ।
4. ਕਿਸੇ ਨਾਲ ਧੋਖਾ ਨਾ ਕਰੋ।
5. ਕਿਸੇ ਦਾ ਹੱਕ ਨਾ ਖਾਓ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ ॥"
6. ਭੈੜੀ ਸੰਗਤ ਤੋਂ ਬਚੋ। ਜੈਸੀ ਸੰਗਤਿ ਵੈਸੀ ਰੰਗਤ।
7. ਕਦੀ ਗਲਤ ਕੰਮ ਨਾ ਕਰੋ, ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਮਰਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥"
8. ਨੇਕ ਕੰਮ ਕਰੋ, ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ ॥"
9. ਝੂਠ ਨਾ ਬੋਲੋ।
10. ਦੂਜਿਆਂ ਨੂੰ ਸਵੀਕਾਰ ਕਰੋ, ਨਾ ਕਿ ਅਹੰਕਾਰ ਤੇ ਈਰਖਾ ਕਰੋ।
11. ਬੰਦਾ ਬੰਦੇ ਦਾ ਬੁਰਾ ਨਾ ਕਰੇ, ਜਿੰਨਾ ਹੋ ਸਕੇ, ਦੂਜਿਆਂ ਦਾ ਭਲਾ ਕਰੋ, ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ।

ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਬਿਗੜਿਆ।

ਸਿੱਖਾਂ ਨੂੰ ਗੁਰੂ ਜੀ ਦੀ ਸਿੱਖਿਆ ਅਨੁਸਾਰ ਜੀਵਨ ਬਤੀਤ ਕਰਨਾ ਆਰੰਭ ਕਰ ਦੇਣਾ ਚਾਹੀਦਾ ਹੈ। ਕੁਦਰਤ ਦੀਆਂ ਬਿਮਾਰੀਆਂ ਅਤੇ ਕੁਦਰਤੀ ਆਫਤਾਂ ਦਾ ਬੰਦੇ ਦੇ ਕੋਲ ਕੋਈ ਹੱਲ ਨਹੀਂ। ਪਰ ਬੰਦਾ ਬੰਦੇ ਦਾ ਬੁਰਾ ਨਾ ਕਰੇ। ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਨਹੀਂ ਹੋਣਾ ਚਾਹੀਦਾ। ਦੁੱਖ ਦੀ ਗੱਲ ਇਹ ਹੈ ਕਿ ਸਿੱਖ ਹੀ ਸਿੱਖ ਦਾ ਦੁਸ਼ਮਣ ਹੈ। ਸਿੱਖ ਭਾਈਚਾਰੇ ਨੂੰ ਇਕੱਠੇ ਹੋਣ ਦੀ ਲੋੜ ਹੈ, ਜਿਵੇਂ ਕਈ ਸਦੀਆਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਹੋਣੀਂ ਫੁਰਮਾਇਆ ਸੀ:

"ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ ॥

ਹਰਿ ਨਾਮੈ ਕੀ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥"

ਪਰ ਦੇਖਣਾ ਇਹ ਹੈ ਕਿ ਸਿੱਖਾਂ ਨੇ ਹੁਣ ਤੱਕ ਇਸ ਸ਼ਬਦ 'ਤੇ ਕਿੰਨਾ ਕੁ ਅਮਲ ਕੀਤਾ ਹੈ। ਕੌਮ ਵੱਖ-ਵੱਖ ਧੜਿਆਂ ਵਿਚ ਵੰਡੀ ਹੋਈ ਹੈ। ਗੁਰੂ ਘਰਾਂ ਵਿਚ ਲੜਾਈਆਂ ਝਗੜੇ ਹੁੰਦੇ ਰਹਿੰਦੇ ਹਨ। ਕੌਮ ਵਿਚ ਕੋਈ ਏਕਾ ਨਹੀਂ। ਕੌਮ ਪਾਸ ਕੋਈ ਏਜੰਡਾ ਨਹੀਂ। ਕੌਮ ਨੂੰ ਇਕੱਠੇ ਹੋ ਕੇ ਕੋਈ ਏਜੰਡਾ ਚੁਣਨਾ ਚਾਹੀਦਾ ਹੈ। ਕੌਮ ਦੀ ਦਸ਼ਾ ਕੀ ਹੈ? ਕੌਮ ਨੂੰ ਹੁਣ ਤੱਕ ਕੋਈ ਇਨਸਾਫ ਨਹੀਂ ਮਿਲਿਆ। ਕੌਮ ਨੂੰ ਆਪਣੇ ਹੱਕਾਂ ਅਤੇ ਇਨਸਾਫ ਲੈਣ ਲਈ ਕੁੱਝ ਕਰਨਾ ਚਾਹੀਦਾ ਹੈ।

ਪਰ ਕੌਮ ਨੇ ਹੁਣ ਤੱਕ ਜੀਵਨ ਜਾਚ ਸਿੱਖੀ ਕਿਉਂ ਨਹੀਂ? ਇਸ ਦੇ ਲਈ ਜਨਤਾ ਹੀ ਇਕੱਲੀ ਜ਼ਿੰਮੇਵਾਰ ਨਹੀਂ। ਇਸ ਦੇ ਲਈ ਸਾਡੇ ਧਾਰਮਿਕ ਆਗੂ ਅਤੇ ਪੰਥ ਦੇ ਪ੍ਰਚਾਰਕ ਭਾਵ ਕਥਾਵਾਚਕ ਅਤੇ ਕੀਰਤਨੀ ਜੱਥੇ ਵੀ ਜ਼ਿੰਮੇਵਾਰ ਹਨ ਕਿਉਂਕਿ ਉਹ ਠੀਕ ਪ੍ਰਚਾਰ ਨਹੀਂ ਕਰ ਸਕੇ, ਕਿਉਂਕਿ ਉਨ੍ਹਾਂ ਦਾ ਆਪਣਾ ਜੀਵਨ ਠੀਕ ਨਹੀਂ।

ਲੋੜ ਹੈ ਸਿੱਖੀ ਸਰੂਪ ਅਤੇ ਸਿੱਖੀ ਕਿਰਦਾਰ ਦੇ ਧਰਨੀ ਹੋਣ ਦੀ ਅਤੇ ਗੁਰੂ ਸਾਹਿਬਾਨ ਦੀ ਸਿੱਖਿਆ ਅਤੇ ਸਿਧਾਂਤਾਂ 'ਤੇ ਚੱਲਣ ਦੀ, ਭਾਵ ਗੁਰਬਾਣੀ ਦੇ ਆਸ਼ੇ ਅਨੁਸਾਰ ਆਪਣਾ ਅਮਲੀ ਜੀਵਨ ਗੁਜ਼ਾਰਨ ਦੀ। ਤਦ ਉਹ ਦਿਨ ਦੂਰ ਨਹੀਂ, ਜਦੋਂ ਰਾਜ ਕਰੇਗਾ, ਖਾਲਸਾ ਆਕੀ ਰਹੇ ਨਾ ਕੋਈ ਦਾ ਸੰਕਲਪ ਪੂਰਾ ਨਾ ਹੋਵੇ। ਲੋੜ ਹੈ ਉੱਚਾ-ਸੁੱਚਾ ਕਿਰਦਾਰ ਬਣਾਉਣ ਦੀ। ਅੱਜ ਨਿੱਤ ਦਿਹਾੜੇ ਬਲਾਤਕਾਰ, ਕਤਲੋਗਾਰਤ ਤੇ ਲੁੱਟਾਂ-ਖੋਹਾਂ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ।

**Be honest, humble, helpful, kind, responsible, respectful, diligent, sympathetic, wise, idealistic, polite, sweet, gentle, and humanitarian.**

**Be a nice person, nice person is he who possesses a good moral character and good conscience**

ਸਿੱਖ ਤੋਂ ਭਾਵ ਸਿੱਖਿਆਰਥੀ, ਭਾਵ ਜਿਹੜਾ ਸਦਾ ਸਿੱਖਦਾ ਹੈ। ਸਿੱਖ ਧਰਮ ਵਿਚ ਸਿੱਖਣ ਦੀ ਬਹੁਤ ਮਹਾਨਤਾ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਸਿੱਖੀ ਸਿੱਖਿਆ ਗੁਰ ਵੀਚਾਰੁ ॥"

ਆਦਮੀ ਮੇਂ ਲਾਖੋਂ ਜੌਹਰ ਹੋ;

ਅਗਰ ਆਦਮੀਅਤ ਨਹੀਂ, ਤੋਂ ਕੁੱਛ ਭੀ ਨਹੀਂ।

ਕਦਰਦਾਨ, ਪਾਰਖੂ ਤੇ ਪ੍ਰਸ਼ੰਸਕ ਬਣੋ।

ਔਰ ਭੀ ਗਮ ਹੈ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ,

ਰਾਹਤੇਂ ਔਰ ਭੀ ਹੈ ਵਸਲ ਕੀ ਰਾਹਤ ਕੇ ਸਿਵਾ।

ਪੂਰਨ ਮਨੁੱਖ ਬਣੋ। ਪੂਰਨ ਮਨੁੱਖ ਬਣਨਾ ਸੌਖਾ ਨਹੀਂ। "ਫਰਿਸ਼ਤੋਂ ਸੇ ਬਿਹਤਰ ਹੈ ਇਨਸਾਨ ਬਣਨਾ, ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ।"

ਪੂਰਨ ਮਨੁੱਖ ਉਹ ਹੁੰਦਾ ਹੈ, ਜਿਹੜਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਤੋਂ ਰਹਿਤ ਹੋਵੇ ਅਤੇ ਜਿਸ ਵਿਚ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ, ਅਣਖ, ਜ਼ਮੀਰ ਅਤੇ ਨੈਤਿਕਤਾ ਹੋਵੇ। ਤੁਸੀਂ ਗੁਰਬਾਣੀ ਦੀ ਸਿੱਖਿਆ ਲੈ ਕੇ ਅਤੇ ਸਿਮਰਨ ਕਰਕੇ ਆਪਣੇ ਆਪ ਨੂੰ ਪੂਰਨ ਮਨੁੱਖ ਬਣਾ ਸਕਦੇ ਹੋ। ਮਨੁੱਖ ਨੂੰ ਸੱਚ-ਝੂਠ, ਚੰਗਾ-ਮਾੜਾ ਤੇ ਠੀਕ-ਗਲਤ ਦਾ ਪਤਾ ਹੋਣਾ ਚਾਹੀਦਾ ਹੈ ਕਿਉਂਕਿ ਅੱਜ ਤੱਕ ਜਿਹੜਾ ਮਾੜਾ ਹੋਇਆ ਹੈ, ਉਹ ਮਾੜੇ ਬੰਦਿਆਂ ਕਰਕੇ ਹੋਇਆ ਹੈ ਅਤੇ ਜਿਹੜਾ ਚੰਗਾ ਹੋਇਆ ਹੈ, ਉਹ ਚੰਗਿਆਂ ਬੰਦਿਆਂ ਕਰਕੇ ਹੋਇਆ ਹੈ।

# PUNJAB MAIL USA

TV Channel, Newspaper, Radio

24 Hours 7 Days



## All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**



## FOR SALE & PURCHASE OF ANY KIND OF PROPERTY



RE/MAX®
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**